# 5 ਮੱਧਕਾਲੀ ਪੰਜਾਬੀ ਸਾਹਿਤ ਦਾ ਇਤਿਹਾਸ

## ਪਾਠ ਦੀ ਰੂਪ ਰੇਖਾ

5.0 ਮਨੋਰਥ
5.1 ਭੂਮਿਕਾ
5.2 ਨਾਥ ਜੋਗੀ ਪਰੰਪਰਾ
5.3 ਲੋਕ ਵਾਰਾਂ
5.4 ਸ਼ੇਖ ਫਰੀਦ
5.5 ਮੱਧਕਾਲੀ ਪੰਜਾਬੀ ਸਾਹਿਤ ਧਾਰਾਵਾਂ
  5.5.1 ਗੁਰਮਤਿ ਕਾਵਿ ਧਾਰਾ
  5.5.2 ਸੂਫ਼ੀ ਕਾਵਿ ਧਾਰਾ
  5.5.3 ਕਿੱਸਾ ਕਾਵਿ ਧਾਰਾ
  5.5.4 ਬੀਰ ਕਾਵਿ ਧਾਰਾ
  5.5.5 ਮੱਧਕਾਲੀ ਪੰਜਾਬੀ ਵਾਰਤਕ

## 5.0 ਮਨੋਰਥ

ਇਸ ਅਧਿਆਇ ਦਾ ਮੰਤਵ ਵਿਦਿਆਰਥੀਆਂ ਨੂੰ ਪੰਜਾਬੀ ਸਾਹਿਤ ਦੇ ਇਤਿਹਾਸ ਨਾਲ ਮੁਢਲੀ ਜਾਣ-ਪਛਾਣ ਕਰਵਾਉਣਾ ਹੈ। ਪੰਜਾਬੀ ਸਾਹਿਤ ਦੇ ਇਤਿਹਾਸ ਨੂੰ ਮੁੱਖ ਤੌਰ 'ਤੇ ਦੋ ਹਿੱਸਿਆਂ ਵਿਚ ਵੰਡਿਆ ਜਾਂਦਾ ਹੈ- ਮੱਧਕਾਲੀ ਪੰਜਾਬੀ ਸਾਹਿਤ ਅਤੇ ਆਧੁਨਿਕ ਪੰਜਾਬੀ ਸਾਹਿਤ। ਇਸ ਅਧਿਆਇ ਵਿਚ ਮੱਧਕਾਲੀ ਪੰਜਾਬੀ ਸਾਹਿਤ ਬਾਰੇ ਸੰਖੇਪ ਚਰਚਾ ਕੀਤੀ ਗਈ ਹੈ। ਮੱਧਕਾਲੀ ਪੰਜਾਬੀ ਸਾਹਿਤ ਵਿਚ ਪ੍ਰਚਲਿਤ ਸਾਹਿਤਕ ਧਾਰਾਵਾਂ ਅਤੇ ਵੱਖ-ਵੱਖ ਦੌਰਾਂ ਦੇ ਸਾਹਿਤਕਾਰਾਂ ਦੀਆਂ ਪ੍ਰਮੁੱਖ ਰਚਨਾਵਾਂ ਬਾਰੇ ਵੀ ਵਿਦਿਆਰਥੀ ਇਸ ਅਧਿਆਇ ਵਿਚ ਪੜਨਗੇ। ਇਸ ਅਧਿਆਇ ਨੂੰ ਪੜ੍ਹਨ ਤੋਂ ਬਾਅਦ ਵਿਦਿਆਰਥੀ ਮੱਧਕਾਲੀ ਪੰਜਾਬੀ ਸਾਹਿਤ ਬਾਰੇ ਮੁਢਲੀ ਵਾਕਫ਼ੀਅਤ ਹਾਸਲ ਕਰਨ ਦੇ ਸਮਰੱਥ ਬਨਣਗੇ, ਇਹੋ ਇਸ ਅਧਿਆਇ ਦਾ ਮਨੋਰਥ ਹੈ।

## 5.1 ਭੂਮਿਕਾ

ਪੰਜਾਬ ਦਾ ਸ਼ਾਬਦਿਕ ਅਰਥ ਹੈ- ਪੰਜ ਦਰਿਆਵਾਂ ਦੀ ਧਰਤੀ। ਪੁਰਾਤਨ ਸਮਿਆਂ ਵਿਚ ਇਸ ਖਿੱਤੇ ਨੂੰ ਸਪਤਸਿੰਧੂ ਕਿਹਾ ਜਾਂਦਾ ਸੀ, ਕਿਉਂਕਿ ਇਸ ਖੇਤਰ ਵਿਚ ਸੱਤ ਨਦੀਆਂ ਵਹਿੰਦੀਆਂ ਸਨ। ਇਸੇ ਧਰਤੀ 'ਤੇ ਦੁਨੀਆਂ ਦੀ ਸਭ ਤੋਂ ਪਹਿਲੀ ਰਚਨਾ 'ਰਿਗਵੇਦ' ਲਿਖਿਆ ਗਿਆ। ਵੇਦਾਂ ਦੀ ਰਚਨਾ ਇਸ ਖਿੱਤੇ ਵਿਚ ਹੋਣ ਕਰਕੇ ਇਸ ਥਾਂ ਦੀ ਭਾਸ਼ਾ ਨੂੰ ਵੈਦਿਕ-ਸੰਸਕ੍ਰਿਤ ਕਿਹਾ ਗਿਆ। ਪੰਜਾਬੀ ਭਾਸ਼ਾ ਦਾ ਮੂਲ ਸੋਮਾ ਵੈਦਿਕ-ਸੰਸਕ੍ਰਿਤ ਹੀ ਹੈ। ਪੰਜਾਬੀ ਸ਼ਬਦ ਭੰਡਾਰ ਦਾ ਬਹੁਤਾ ਹਿੱਸਾ ਇਸੇ ਭਾਸ਼ਾ ਦਾ ਹੈ। ਇਸਦੇ ਬਾਵਜੂਦ ਪੰਜਾਬੀ ਭਾਸ਼ਾ ਸਿੱਧੇ ਤੌਰ 'ਤੇ ਵੈਦਿਕ-ਸੰਸਕ੍ਰਿਤ ਵਿਚੋਂ ਵਿਕਸਤ ਨਹੀਂ ਹੋਈ। ਭਾਰਤੀ-ਆਰੀਆਈ ਭਾਸ਼ਾ ਪਰਿਵਾਰ ਦੀਆਂ ਹੋਰਨਾਂ ਆਧੁਨਿਕ ਭਾਰਤੀ ਭਾਸ਼ਾਵਾਂ ਵਾਂਗ ਪੰਜਾਬੀ ਵੀ ਪ੍ਰਕਿਰਤ ਅਤੇ ਅਪਭ੍ਰੰਸ਼ ਜ਼ੁਬਾਨਾਂ ਵਿਚੋਂ ਲੰਘਦੀ ਪੜਾਅ-ਦਰ-ਪੜਾਅ ਵਿਕਸਤ ਹੋਈ ਹੈ। ਉਤਰੀ ਭਾਰਤ ਵਿਚ ਸ਼ੌਰਸੈਨੀ, ਕੈਕਈ ਅਤੇ ਪੈਸ਼ਾਚੀ ਜਿਹੀਆਂ ਅਪਭ੍ਰੰਸ਼ਾਂ ਪ੍ਰਚਲਿੱਤ ਸਨ। ਅੱਠਵੀਂ-ਨੌਵੀਂ ਸਦੀ ਵਿਚ ਇਹਨਾਂ ਅਪਭ੍ਰੰਸ਼ਾਂ ਵਿਚੋਂ ਹੀ ਪੰਜਾਬੀ ਭਾਸ਼ਾ ਨੇ ਆਪਣਾ ਵਰਤਮਾਨ ਰੂਪ ਗ੍ਰਹਿਣ ਕੀਤਾ।

ਅੱਠਵੀਂ-ਨੌਵੀਂ ਸਦੀ ਵਿਚ ਵਿਕਸਤ ਹੋਈ ਪੰਜਾਬੀ ਭਾਸ਼ਾ ਵਿਚ ਮੁਢਲੀਆਂ ਸਾਹਿਤ ਰਚਨਾਵਾਂ ਜਾਂ ਤਾਂ ਲੋਕ ਸਾਹਿਤ ਦੇ ਰੂਪ ਵਿਚ ਮਿਲਦੀਆਂ ਹਨ ਅਤੇ ਜਾਂ ਇਸ ਦੌਰ ਵਿਚ ਸਾਨੂੰ ਨਾਥ ਜੋਗੀਆਂ ਦੀ ਰਚਨਾ ਪ੍ਰਾਪਤ ਹੁੰਦੀ ਹੈ। ਇਹ ਦੌਰ ਪੰਜਾਬ ਲਈ ਕਈ ਇਤਿਹਾਸਕ ਪੱਖਾਂ ਕਰਕੇ ਅਹਿਮ ਹੈ। ਇਹ ਰਾਜਸੀ ਅਸਥਿਰਤਾ ਦਾ ਦੌਰ ਹੈ, ਜਿਸ ਵਿਚ ਕਈ ਬਾਹਰੀ ਹਮਲਾਵਰ ਪੰਜਾਬ 'ਤੇ ਹਮਲੇ ਕਰਦੇ ਹਨ। ਇਸ ਸਿਆਸੀ ਅਸਥਿਰਤਾ ਕਾਰਨ ਇਸ ਦੌਰ ਵਿਚ ਸਭਿਆਚਾਰਕ ਤੇ ਸਦਾਚਾਰਕ ਗਿਰਾਵਟ ਵੀ ਦੇਖਣ ਨੂੰ ਮਿਲਦੀ ਹੈ, ਜਿਸਦਾ ਵਰਨਣ ਇਸ ਦੌਰ ਦੀਆਂ ਲਿਖਤਾਂ ਵਿਚੋਂ ਹਾਸਲ ਹੁੰਦਾ ਹੈ। ਇਕ ਪਾਸੇ ਰੂੜ੍ਹ ਹੋਈ ਬ੍ਰਾਹਮਣਵਾਦੀ ਪਰੰਪਰਾ ਅਤੇ ਦੂਜੇ ਪਾਸੇ ਇਸਲਾਮ ਦੇ ਵਧਦੇ ਪ੍ਰਭਾਵ ਕਾਰਨ ਇਸ ਸਮੇਂ ਦੌਰਾਨ ਪੰਜਾਬੀ ਸਮਾਜ ਆਪਣੇ ਜੀਵਨ ਨੂੰ ਨਵੀਆਂ ਲੀਹਾਂ 'ਤੇ ਤੋਰਨ ਦੀ ਕੋਸ਼ਿਸ਼ ਵਿਚ ਹੈ। ਇਸੇ ਦੌਰ ਵਿਚ ਪੰਜਾਬੀ ਸਾਹਿਤ ਦਾ ਆਰੰਭ ਹੁੰਦਾ ਹੈ। ਇਸ ਮੁਢਲੇ ਦੌਰ ਦੀਆਂ ਪ੍ਰਮੁੱਖ ਸਾਹਿਤਕ ਰਚਨਾਵਾਂ ਦਾ ਸੰਖੇਪ ਵੇਰਵਾ ਹੇਠਾਂ ਦਰਜ ਕੀਤਾ ਗਿਆ ਹੈ:

## 5.2 ਨਾਥ ਜੋਗੀ ਪਰੰਪਰਾ

ਪੰਜਾਬੀ ਭਾਸ਼ਾ ਵਿਚ ਮੁੱਢਲੀ ਸਾਹਿਤ ਰਚਨਾ ਨੌਵੀਂ-ਦਸਵੀਂ ਸਦੀ ਵਿਚ ਹੀ ਵਿਕਸਤ ਹੋਣ ਲੱਗੀ। ਇਸ ਦੌਰ ਵਿਚ ਉੱਤਰ-ਪੱਛਮੀ ਭਾਰਤ, ਵਿਸ਼ੇਸ਼ਕਰ ਪੰਜਾਬ ਤੇ ਰਾਜਸਥਾਨ ਦੇ ਇਲਾਕੇ ਵਿਚ ਨਾਥ ਜੋਗੀਆਂ ਦੀ ਪ੍ਰਭਾਵਸ਼ਾਲੀ ਸੰਪਰਦਾ ਵਿਕਸਤ ਹੋਈ। ਇਸ ਸੰਪਰਦਾ ਨਾਲ ਜੁੜੇ ਨਾਥ ਜੋਗੀਆਂ ਨੇ ਸਮਾਜਕ ਤੇ ਧਾਰਮਿਕ ਵਿਸ਼ਿਆਂ 'ਤੇ ਸਾਹਿਤ ਦੀ ਰਚਨਾ ਕੀਤੀ। ਨਾਥ-ਜੋਗੀਆਂ ਦੀਆਂ ਇਹਨਾਂ ਰਚਨਾਵਾਂ ਵਿਚੋਂ ਹੀ ਪੰਜਾਬੀ ਭਾਸ਼ਾ ਦੇ ਸਾਹਿਤ ਦੀਆਂ ਮੁੱਢਲੀਆਂ ਉਦਾਹਰਨਾਂ ਲੱਭੀਆਂ ਜਾ ਸਕਦੀਆਂ ਹਨ। ਗੋਰਖ ਨਾਥ, ਮਛੰਦਰ ਨਾਥ, ਚਰਪਟ

THE PEOPLE'S UNIVERSITY

ਨਾਥ, ਚੌਰੰਗੀ ਨਾਥ ਅਤੇ ਜਲੰਧਰ ਨਾਥ ਜਿਹੇ ਨਾਥ ਜੋਗੀਆਂ ਦੀਆ ਰਚਨਾਵਾਂ ਵਿਚ ਵਰਤਮਾਨ ਪੰਜਾਬੀ ਭਾਸ਼ਾ ਦੇ ਉਘੜਵੇਂ ਲੱਛਣ ਪਛਾਣੇ ਜਾ ਸਕਦੇ ਹਨ। ਨਾਥ ਜੋਗੀਆਂ ਦੀ ਰਚਨਾ ਦਾ ਮੂਲ ਵਿਸ਼ਾ ਅਧਿਆਤਮਕ ਹੈ, ਪਰ ਉਹਨਾਂ ਨੇ ਆਪਣੀਆਂ ਲਿਖਤਾਂ ਵਿਚ ਸਮਾਜਕ ਕੁਰੀਤੀਆਂ 'ਤੇ ਵੀ ਤਿੱਖਾ ਪ੍ਰਹਾਰ ਕੀਤਾ। ਨਾਥ-ਜੋਗੀਆਂ ਨੇ ਜਾਤ ਪਾਤ, ਮੂਰਤੀ ਪੂਜਾ ਤੇ ਧਰਮ ਦੇ ਨਾਂ 'ਤੇ ਹੁੰਦੇ ਆਡੰਬਰਾਂ ਦਾ ਵਿਰੋਧ ਕੀਤਾ। ਨਾਥ-ਜੋਗੀ, ਬ੍ਰਹਮਚਾਰੀ ਜੀਵਨ ਦਾ ਪਾਲਣ ਕਰਦੇ ਸਨ ਅਤੇ ਔਰਤ ਨੂੰ ਈਸ਼ਵਰ ਪ੍ਰਾਪਤੀ ਦੇ ਰਾਹ ਵਿਚ ਰੁਕਾਵਟ ਮੰਨਦੇ ਸਨ। ਇਸ ਲਈ ਉਹਨਾਂ ਦੀ ਰਚਨਾ ਵਿਚ ਇਸਤਰੀ ਦੇ ਤ੍ਰਿਸਕਾਰ ਦੀ ਭਾਵਨਾ ਵੀ ਦੇਖੀ ਜਾ ਸਕਦੀ ਹੈ। ਨਾਥ ਜੋਗੀਆਂ ਦੇ ਸਾਹਿਤ ਵਿਚ ਵਿਅੰਗ ਤੇ ਕਟਾਖਸ਼ ਦੀ ਸੁਰ ਵੀ ਬਹੁਤ ਤਿੱਖੀ ਹੈ। ਇਹ ਸਾਹਿਤ ਰਚਨਾ ਸ਼ਲੋਕਾਂ, ਸ਼ਬਦਾਂ, ਪਦਿਆਂ ਤੇ ਦੋਹਿਆਂ ਵਿਚ ਉਪਲਬਧ ਹੈ।

## 5.3 ਲੋਕ ਵਾਰਾਂ

ਪੰਜਾਬੀ ਸਾਹਿਤ ਦੇ ਇਸ ਮੁਢਲੇ ਦੌਰ ਵਿਚ ਨਾਥ ਜੋਗੀਆਂ ਦੇ ਸਾਹਿਤ ਤੋਂ ਇਲਾਵਾ ਲੋਕ-ਸਾਹਿਤ ਦੀਆਂ ਕੁਝ ਵੰਨਗੀਆਂ ਵੀ ਸ਼ਾਮਲ ਹਨ। ਇਹਨਾਂ ਵਿਚੋਂ ਕੁਝ ਲੋਕ-ਵਾਰਾਂ ਠੁੱਕਦਾਰ ਪੰਜਾਬੀ ਵਿਚ ਲਿਖੀਆਂ ਮੁਢਲੀਆਂ ਸਾਹਿਤ ਰਚਨਾਵਾਂ ਹਨ, ਜਿਨ੍ਹਾਂ ਦੀਆਂ ਧੁਨਾਂ ਨੂੰ ਅਧਾਰ ਬਣਾ ਕੇ ਬਾਅਦ ਵਿਚ ਗੁਰੂ ਸਾਹਿਬ ਨੇ ਅਧਿਆਤਮਕ ਵਾਰਾਂ ਦੀ ਰਚਨਾ ਕੀਤੀ। ਇਹ ਲੋਕ ਵਾਰਾਂ ਬੀਰ ਰਸ ਨਾਲ ਭਰਪੂਰ ਹਨ। ਇਹਨਾਂ ਵਿਚ ਨਾਇਕ ਦੀ ਬਹਾਦਰੀ ਦਾ ਜਸ ਗਾਇਣ ਕੀਤਾ ਜਾਂਦਾ ਸੀ। ਇਨ੍ਹਾਂ ਦੇ ਰਚਨਾਕਾਰਾਂ ਬਾਰੇ ਕੋਈ ਠੋਸ ਜਾਣਕਾਰੀ ਉਪਲਬਧ ਨਹੀਂ ਹੈ, ਪਰੰਤੂ ਢਾਡੀਆਂ ਰਾਹੀਂ ਗਾਈਆਂ ਜਾਣ ਕਾਰਨ ਇਹ ਮੌਖਿਕ ਰੂਪ ਵਿਚ ਇਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਦਾ ਸਫ਼ਰ ਤੈਅ ਕਰਦੀਆਂ ਰਹੀਆਂ ਹਨ। ਢਾਡੀ ਜਾਂ ਭੱਟ ਇਸ ਤਰ੍ਹਾਂ ਦੇ ਸਾਹਿਤ ਦੇ ਰਚਨਹਾਰੇ ਸਨ, ਜੋ ਪੇਸ਼ੇਵਾਰ ਗਾਇਕ ਸਨ। ਇਹ ਢਾਡੀ ਕਿਸੇ ਨਾਇਕ ਦੀ ਸੂਰਬੀਰਤਾ ਦਾ ਜੱਸ ਇਹਨਾਂ ਵਾਰਾਂ ਵਿਚ ਪੇਸ਼ ਕਰਦੇ ਸਨ। ਗੁਰੂ ਗ੍ਰੰਥ ਸਾਹਿਬ ਵਿਚ ਦਰਜ 22 ਵਾਰਾਂ ਵਿਚੋਂ 9 ਵਾਰਾਂ ਅਜਿਹੀਆਂ ਹਨ, ਜਿਨ੍ਹਾਂ ਨੂੰ ਇਹਨਾਂ ਪ੍ਰਚਲਿਤ ਵਾਰਾਂ ਦੀਆਂ ਧੁਨੀਆਂ 'ਤੇ ਗਾਉਣ ਦਾ ਆਦੇਸ਼ ਹੈ। ਇਹਨਾਂ 9 ਵਾਰਾਂ ਵਿਚੋਂ 6 ਵਾਰਾਂ ਦੀ ਲਿਖਤ ਸਾਨੂੰ ਪ੍ਰਾਪਤ ਹੁੰਦੀ ਹੈ। ਇਹਨਾਂ ਵਾਰਾਂ ਦੇ ਨਾਂ ਹੇਠ ਲਿਖੇ ਹਨ:-

- ਰਾਇ ਕਮਾਲ ਮਾਉਜ ਦੀ ਵਾਰ
- ਟੁੰਡੇ ਅਸਰਾਜੇ ਦੀ ਵਾਰ
- ਸਿਕੰਦਰ ਇਬਰਾਹਿਮ ਦੀ ਵਾਰ
- ਲੱਲਾ ਬਹਿਲੀਮਾ ਦੀ ਵਾਰ
- ਹਸਨੇ ਮਹਿਮੇ ਦੀ ਵਾਰ
- ਮੂਸੇ ਦੀ ਵਾਰ

## 5.4 ਸ਼ੇਖ ਫਰੀਦ

ਬਾਰਵੀਂ ਸਦੀ ਵਿਚ ਪ੍ਰਵਾਨ ਚੜ੍ਹੀ ਸ਼ੇਖ ਫਰੀਦ ਦੀ ਰਚਨਾ ਨੂੰ ਪੰਜਾਬੀ ਭਾਸ਼ਾ ਦੀ ਪਹਿਲੀ ਠੁੱਕਦਾਰ ਰਚਨਾ ਮੰਨਿਆਂ ਜਾਂਦਾ ਹੈ। ਸ਼ੇਖ ਫਰੀਦ ਦੇ 4 ਸ਼ਬਦ ਅਤੇ 112 ਸ਼ਲੋਕ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ। ਇਹਨਾਂ ਸ਼ਲੋਕਾਂ ਵਿਚ 18 ਸ਼ਲੋਕ ਵੱਖ-ਵੱਖ ਗੁਰੂ ਸਾਹਿਬਾਨਾਂ ਵੱਲੋਂ ਵੀ ਦਰਜ ਕੀਤੇ ਗਏ ਹਨ, ਜਿਸ ਨਾਲ ਸ਼ੇਖ ਫਰੀਦ ਦੇ ਨਾਂ 'ਤੇ ਦਰਜ ਸ਼ਲੋਕਾਂ ਦੀ ਗਿਣਤੀ 130 ਹੋ ਜਾਂਦੀ ਹੈ। ਇਹਨਾਂ ਸ਼ਬਦਾਂ ਤੇ ਸ਼ਲੋਕਾਂ ਦੀ ਭਾਸ਼ਾ ਠੇਠ ਪੰਜਾਬੀ ਹੈ। ਇਹਨਾਂ ਵਿਚਲੇ ਬਿੰਬ, ਅਲੰਕਾਰ ਅਤੇ ਇਹਨਾਂ ਦੀ ਕਾਵਿ ਕੁਸ਼ਲਤਾ ਤੋਂ ਇਹ ਅੰਦਾਜ਼ਾ ਸਹਿਜੇ ਹੀ ਲਾਇਆ ਜਾ ਸਕਦਾ ਹੈ ਕਿ ਗਿਆਰਵੀਂ-ਬਾਰਵੀਂ ਸਦੀ ਵਿਚ ਇਹਨਾਂ ਸ਼ਬਦਾਂ ਤੇ ਸ਼ਲੋਕਾਂ ਤੋਂ ਇਲਾਵਾ ਪੰਜਾਬੀ ਭਾਸ਼ਾ ਦੀਆਂ ਹੋਰ ਲਿਖਤਾਂ ਦੀ ਰਚਨਾ ਵੀ ਹੋਈ ਹੋਵੇਗੀ ਜਿਹੜੀ ਵੱਖੋ-ਵੱਖਰੇ ਇਤਿਹਾਸਕ ਕਾਰਨਾਂ ਕਰਕੇ ਹੁਣ ਉਪਲਬਧ ਨਹੀਂ। ਪੰਜਾਬੀ ਸਾਹਿਤ ਦੀ ਖੋਜ ਨਾਲ ਜੁੜੇ ਵਿਦਵਾਨਾਂ ਦਾ ਮੰਨਣਾ ਹੈ ਕਿ ਪਹਿਲਾਂ ਚਿਸ਼ਤੀ ਸੰਪਰਦਾਇ ਦੇ ਗੱਦੀ ਨਸ਼ੀਨਾਂ ਅਤੇ ਬਾਅਦ ਵਿਚ ਗੁਰੂ ਅਰਜਨ ਦੇਵ ਜੀ ਵੱਲੋਂ ਅਦਿ ਗ੍ਰੰਥ ਵਿਚ ਸ਼ਾਮਲ ਕੀਤੇ ਜਾਣ ਕਾਰਨ ਸ਼ੇਖ ਫਰੀਦ ਦੀ ਬਾਣੀ ਤਾਂ ਸਾਨੂੰ ਪ੍ਰਾਪਤ ਹੁੰਦੀ ਹੈ, ਜਦਕਿ ਅਜਿਹੀ ਸਾਂਭ-ਸੰਭਾਲ ਦੀ ਅਣਹੋਂਦ ਕਾਰਨ ਇਸ ਕਾਲ ਵਿਚ ਰਚਿਆ ਹੋਰ ਸਾਹਿਤ ਸਮੇਂ ਦੀ ਧੂੜ ਵਿਚ ਗੁਆਚ ਗਿਆ ਹੈ।

ਸ਼ੇਖ ਫਰੀਦ ਨੂੰ ਜਿੱਥੇ ਪੰਜਾਬੀ ਜ਼ੁਬਾਨ ਦਾ ਪਹਿਲਾ ਪ੍ਰਮਾਣਿਕ ਕਵੀ ਹੋਣ ਦਾ ਮਾਣ ਪ੍ਰਾਪਤ ਹਾਸਲ ਹੈ, ਉੱਥੇ ਪੰਜਾਬੀ ਸੂਫ਼ੀ ਕਾਵਿ ਦਾ ਮੁੱਢ ਬੰਨ੍ਹਣ ਵਾਲੇ ਵੀ ਉਹ ਪਹਿਲੇ ਸ਼ਾਇਰ ਹਨ। ਹਾਲਾਂਕਿ ਬਹੁਤੇ ਵਿਦਵਾਨ ਉਹਨਾਂ ਦੇ ਜੀਵਨ ਕਾਲ ਬਾਰੇ ਇਕਮੱਤ ਨਹੀਂ ਹਨ, ਪਰ ਕਾਫ਼ੀ ਖੋਜ ਤੋਂ ਬਾਅਦ ਇਹ ਧਾਰਨਾ ਪ੍ਰਚਲਿਤ ਹੋਈ ਹੈ ਕਿ ਸ਼ੇਖ ਫਰੀਦ ਦਾ ਜਨਮ 1173 ਈ. ਵਿਚ ਪਿੰਡ ਖੋਤਵਾਲ ਜਿਲ੍ਹਾ ਮੁਲਤਾਨ ਵਿਚ ਹੋਇਆ। ਉਹਨਾਂ ਦਾ ਸੰਬੰਧ ਸੂਫ਼ੀਆਂ ਦੇ ਚਿਸ਼ਤੀ ਸਿਲਸਿਲੇ ਨਾਲ ਸੀ। ਉਹਨ੍ਹਾਂ ਨੇ ਆਪਣੀ ਰਚਨਾ ਵਿਚ ਅਧਿਆਤਮਕ ਰਹੱਸਵਾਦ ਨੂੰ ਸੌਖੇ ਤੇ ਸਾਫ਼-ਸਪਸ਼ਟ ਸ਼ਬਦਾਂ ਵਿਚ ਬਿਆਨ ਕੀਤਾ। ਉਹਨਾਂ ਦੀ ਰਚਨਾ ਮੁਹਾਵਰੇ ਤੇ ਅਖਾਣਾਂ ਵਾਂਗ ਲੋਕਾਂ ਦੀ ਬੋਲਚਾਲ ਦਾ ਹਿੱਸਾ ਬਣ ਗਈ ਹੈ। ਇਥੋਂ ਤੱਕ ਕੁਝ ਲੋਕ ਆਪਣੇ ਵਿਚਾਰਾਂ ਦੀ ਪੁਸ਼ਟੀ ਲਈ ਫਰੀਦ ਬਾਣੀ ਨੂੰ ਹਵਾਲੇ ਵਜੋਂ ਪੇਸ਼ ਕਰਦੇ ਹਨ। ਉਹਨਾਂ ਦਾ ਹੇਠ ਲਿਖਿਆ ਸ਼ਲੋਕ ਪੰਜਾਬੀ ਸਭਿਆਚਾਰ ਦੀ ਨੁਮਾਇੰਦਗੀ ਕਰਦਾ ਪ੍ਰਤੀਤ ਹੁੰਦਾ ਹੈ:-

**ਫਰੀਦਾ ਬਾਰਿ ਪਰਾਇਐ ਬੈਸਣਾ, ਸਾਈਂ ਮੁਝੇ ਨਾ ਦੇਹਿ**
**ਜੇ ਤੂ ਏਵੈ ਰਖਸੀ, ਜੀਉ ਸਰੀਰਹੁ ਲੇਹਿ।**

ਸ਼ੇਖ ਫਰੀਦ ਦਾ ਮਤ ਹੈ ਕਿ ਸਿਰਫ ਸੂਫ਼ੀਆਂ ਵਾਲੇ ਕੱਪੜੇ ਪਹਿਨਣ ਨਾਲ ਹੀ ਕੋਈ ਵਿਅਕਤੀ ਸੂਫ਼ੀ ਨਹੀਂ ਬਣ ਜਾਂਦਾ ਹੈ। ਸੂਫ਼ੀ ਬਣਨ ਲਈ ਮਨੁੱਖ ਨੂੰ ਸਦਾਚਾਰਕ ਹੋਣਾ ਪੈਂਦਾ ਹੈ। ਸੂਫ਼ੀ ਦਾ ਮਾਰਗ ਮਨ ਦੀ ਸ਼ੁੱਧਤਾ ਵਿਚੋਂ ਹੋ ਕੇ ਜਾਂਦਾ ਹੈ। ਬਾਬਾ ਫਰੀਦ ਮੌਤ ਨੂੰ ਅਟੱਲ ਸੱਚਾਈ ਮੰਨਦੇ ਹਨ। ਉਹ ਆਪਣੀ ਰਚਨਾ ਵਿਚ ਵਾਰ ਵਾਰ ਚੇਤੇ ਕਰਵਾਉਂਦੇ ਹਨ ਕਿ ਜੀਵਨ ਨਾਸ਼ਵਾਨ ਹੈ। ਇਸਨੇ ਇਕ ਨਾ ਇਕ ਦਿਨ ਮੁੱਕ ਜਾਣਾ ਹੈ। ਇਸ ਲਈ ਮਨੁੱਖ ਨੂੰ ਇਸ ਝੂਠੀ ਦੁਨੀਆਂ ਪਿੱਛੇ ਲੱਗ ਕੇ ਆਪਣਾ ਆਪ ਨਹੀਂ ਗਵਾਉਣਾ ਚਾਹੀਦਾ। ਫਰੀਦ ਦੀ ਰਚਨਾ ਭਾਵੇਂ ਗਿਣਾਤਮਕ ਪੱਖ ਤੋਂ ਘੱਟ ਹੈ, ਪਰ ਗੁਣਾਤਮਕ ਪੱਖ ਤੋਂ ਇਹ ਨਿਰਸੰਦੇਹ ਪੰਜਾਬੀ ਦੀਆਂ ਸ਼ਾਹਕਾਰ ਲਿਖਤਾਂ ਵਿਚੋਂ ਇਕ ਹੈ।

**ਅਭਿਆਸ ਪਹਿਲਾ**

ਪ੍ਰਸ਼ਨ 1. ਪ੍ਰਮੁੱਖ ਨਾਥ ਜੋਗੀਆਂ ਦੇ ਨਾਂ ਲਿਖੋ।

ਉੱਤਰ ..............................................................................................................

..............................................................................................................

..............................................................................................................

..............................................................................................................

ਪ੍ਰਸ਼ਨ 1. ਪੂਰਵ-ਨਾਨਕ ਕਾਲ ਦੀਆਂ ਛੇ ਲੋਕ ਵਾਰਾਂ ਦੇ ਨਾਂ ਦੱਸੋ।

ਉੱਤਰ ..............................................................................................................

..............................................................................................................

..............................................................................................................

..............................................................................................................

ਪ੍ਰਸ਼ਨ 1. ਗੁਰੁ ਗ੍ਰੰਥ ਸਾਹਿਬ ਵਿਚ ਸ਼ੇਖ ਫਰੀਦ ਦੀ ਕਿੰਨੀ ਬਾਣੀ, ਕਿਹੜੇ ਰਾਗਾਂ ਵਿਚ ਦਰਜ ਹੈ?

ਉੱਤਰ ..............................................................................................................

..............................................................................................................

..............................................................................................................

..............................................................................................................

## 5.5 ਮੱਧਕਾਲੀ ਪੰਜਾਬੀ ਸਾਹਿਤ ਧਾਰਾਵਾਂ

ਮੱਧਕਾਲੀ ਪੰਜਾਬੀ ਸਾਹਿਤ ਦਾ ਸਮਾਂ ਪੰਦਰਵੀਂ ਸਦੀ ਤੋਂ ਉਨੀਵੀਂ ਸਦੀ ਤੱਕ ਫੈਲਿਆ ਹੈ। ਇਸ ਦੌਰ ਨੂੰ ਪੰਜਾਬੀ ਸਾਹਿਤ ਦਾ 'ਸੁਨਹਿਰੀ ਕਾਲ' ਕਿਹਾ ਜਾਂਦਾ ਹੈ। ਇਸ ਦੌਰ ਵਿਚ ਗਿਣਾਤਮਕ ਅਤੇ ਗੁਣਾਤਮਕ ਦੋਵਾਂ ਪੱਖਾਂ ਤੋਂ ਹੀ ਪੰਜਾਬੀ ਭਾਸ਼ਾ ਵਿਚ ਵਡਮੁੱਲੇ ਸਾਹਿਤ ਦੀ ਰਚਨਾ ਹੋਈ। ਸਮਾਜਕ ਅਤੇ ਰਾਜਨੀਤਕ ਤੌਰ 'ਤੇ ਵੀ ਇਹ ਸਮਾਂ ਪੰਜਾਬ ਦੇ ਇਤਿਹਾਸ ਵਿਚ ਮਹੱਤਵਪੂਰਨ ਹੈ। ਪੰਦਰਵੀਂ ਸਦੀ ਵਿਚ ਬਾਬਰ ਹਿੰਦੋਸਤਾਨ ਵਿਚ ਮੁਗਲ ਸਲਤਨਤ ਦੀ ਨੀਂਹ ਰੱਖਦਾ ਹੈ। ਇਸ ਨਾਲ ਪੰਜਾਬ ਵਿਚੋਂ ਲੋਧੀ ਸਲਤਨਤ ਦਾ ਦੌਰ ਖ਼ਤਮ ਹੋ ਜਾਂਦਾ ਹੈ। ਸਮਾਜਕ ਅਤੇ ਸਭਿਆਚਾਰਕ ਪੱਖੋਂ ਵੀ ਇਹ ਸਮਾਂ ਅਨੇਕਾਂ ਉਤਰਾਵਾਂ-ਚੜ੍ਹਾਵਾਂ ਨਾਲ ਜੁੜਿਆ ਹੈ। ਇਸ ਸਮੇਂ ਇਕ ਪਾਸੇ ਪੰਜਾਬ ਵਿਚ ਸੂਫ਼ੀਆਂ ਦੀਆਂ ਦਰਗਾਹਾਂ ਤੇ ਖ਼ਾਨਗਾਹਾਂ ਵੱਡੀ ਗਿਣਤੀ ਵਿਚ ਉੱਸਰਦੀਆਂ ਹਨ। ਜਾਤ-ਪਾਤ ਦੇ ਸੰਕੀਰਨ ਪ੍ਰਬੰਧ ਤਹਿਤ ਵਿਚਰਦੇ ਲੋਕਾਂ ਨੂੰ ਸੂਫ਼ੀਆਂ ਦੇ ਖੁੱਲ੍ਹੇ-ਡੁੱਲ੍ਹੇ ਵਿਚਾਰ ਪ੍ਰਭਾਵਿਤ ਕਰਦੇ ਹਨ। ਦੂਜੇ ਪਾਸੇ ਇਹ ਦੌਰ ਉਤਰੀ ਭਾਰਤ ਵਿਚ ਭਗਤੀ ਲਹਿਰ ਦੇ ਉਥਾਨ ਦਾ ਸਮਾਂ ਹੈ। ਨਾਮਦੇਵ, ਕਬੀਰ ਅਤੇ ਰਵਿਦਾਸ ਜਿਹੇ ਭਗਤਾਂ ਦੀ ਬਾਣੀ ਜਿੱਥੇ ਅਧਿਆਤਮਕ ਖੇਤਰ ਵਿਚ ਆਪਣੀ ਪਛਾਣ ਦਰਜ ਕਰਾਉਂਦੀ ਹੈ, ਉਥੇ ਸਮਾਜਕ ਦਰਜਾਬੰਦੀਆਂ ਨੂੰ ਵੀ ਵੰਗਾਰਦੀ ਹੈ। ਭਗਤ ਬਾਣੀ ਸਦੀਆਂ ਤੋਂ ਲਿਤਾੜੇ ਅਤੇ ਵਰਣ ਵਿਵਸਥਾ ਰਾਹੀਂ ਹਾਸ਼ੀਏ 'ਤੇ ਧੱਕ ਦਿੱਤੇ ਗਏ ਜਨ-ਸਧਾਰਨ ਦੀ ਗੱਲ ਕਰਦੀ ਹੈ।

ਪੰਜਾਬੀ ਭਾਸ਼ਾ ਤੇ ਸਾਹਿਤ ਨੂੰ ਇਸੇ ਦੌਰ ਵਿਚ ਇਕ ਅਜਿਹੀ ਵਿਚਾਰਧਾਰਕ ਅਗਵਾਈ ਮਿਲਦੀ ਹੈ, ਜੋ ਪੰਜਾਬ ਦੀ ਸਮੁੱਚੀ ਸਮਾਜਕ, ਸਭਿਆਚਾਰਕ ਅਤੇ ਸਾਹਿਤਕ ਸੋਚ ਨੂੰ ਬਦਲ ਕੇ ਰੱਖ ਦਿੰਦੀ ਹੈ। ਇਸ ਇਨਕਲਾਬੀ ਤਬਦੀਲੀ ਦੇ ਵਾਹਕ ਗੁਰੂ ਨਾਨਕ ਬਣਦੇ ਹਨ। ਉਹਨਾਂ ਦੀ ਸਾਹਿਤਕ ਵਿਰਾਸਤ ਅਗਾਂਹ ਗੁਰਮਤਿ-ਕਾਵਿ ਦੇ ਸਿਰਲੇਖ ਹੇਠ ਪ੍ਰਵਾਨ ਚੜ੍ਹਦੀ ਹੈ। ਗੁਰਮਤਿ-ਕਾਵਿ ਤੋਂ ਇਲਾਵਾ ਇਸ ਦੌਰ ਵਿਚ ਸੂਫ਼ੀ, ਕਿੱਸਾ ਅਤੇ ਬੀਰ ਕਾਵਿ ਧਾਰਾਵਾਂ ਵੀ ਵਿਕਸਤ ਹੋਈਆਂ। ਇਹਨਾਂ ਤੋਂ ਇਲਾਵਾ ਕੁਝ ਵਾਰਤਕ ਰਚਨਾਵਾਂ ਵੀ ਇਸ ਦੌਰ ਦੇ ਪੰਜਾਬੀ ਸਾਹਿਤ ਦਾ ਸਰਮਾਇਆ ਹਨ। ਇਹਨਾਂ ਸਾਰੇ ਸਾਹਿਤਕ ਰੂਪਾਂ ਬਾਰੇ ਸੰਖੇਪ ਚਰਚਾ ਹੇਠਾਂ ਦਰਜ ਕੀਤੀ ਗਈ ਹੈ:

### 5.5.1 ਗੁਰਮਤਿ ਕਾਵਿ ਧਾਰਾ

ਆਦਿ ਗ੍ਰੰਥ ਵਿਚ ਦਰਜ ਬਾਣੀ ਨੂੰ ਗੁਰਮਤਿ ਕਾਵਿ ਧਾਰਾ ਦੇ ਅੰਤਰਗਤ ਰੱਖਿਆ ਜਾਂਦਾ ਹੈ। ਇਸ ਵਿਚ ਗੁਰੂ ਸਾਹਿਬਾਨ ਅਤੇ ਭਗਤ ਕਵੀਆਂ ਦੀ ਰਚਨਾ ਸ਼ਾਮਲ ਹੈ। ਆਪਣੀ ਸਿਧਾਂਤਕ ਪਕਿਆਈ ਅਤੇ ਕਲਾਤਮਕ ਨਿੰਪੁਨਤਾ ਕਾਰਨ ਗੁਰਮਤਿ ਕਾਵਿ ਧਾਰਾ ਸਮੁੱਚੇ ਮੱਧਕਾਲੀ ਪੰਜਾਬੀ ਸਾਹਿਤ ਵਿਚ ਇਕ ਵਿਸ਼ੇਸ਼ ਰੁਤਬਾ ਰੱਖਦੀ ਹੈ। ਸਿਧਾਂਤਕ ਪੱਧਰ 'ਤੇ ਇਹ ਕਾਵਿ, ਭਗਤੀ ਲਹਿਰ ਦੇ ਸਾਹਿਤ ਦੇ ਵਧੇਰੇ ਨੇੜੇ ਹੈ ਪਰ ਇਸਦੀ ਵਿਲੱਖਣਤਾ ਇਸ ਦਾ ਲੋਕ-ਭਾਸ਼ਾ ਦੇ ਨੇੜੇ ਹੋਣਾ ਵੀ ਹੈ। ਆਪਣੇ ਇਹਨਾਂ ਗੁਣਾਂ ਕਰਕੇ ਹੀ ਗੁਰਮਤਿ ਕਾਵਿ ਨੂੰ ਪੰਜਾਬੀ ਸਾਹਿਤ ਦੀ ਕਲਾਸਿਕ ਰਚਨਾ ਮੰਨਿਆ ਜਾਂਦਾ ਹੈ। ਗੁਰਮਤਿ-ਕਾਵਿ ਦੇ ਇਸ ਵਿਲੱਖਣ ਚਰਿੱਤਰ ਨੂੰ ਉਭਾਰਦਿਆਂ ਡਾ. ਮੋਹਨ ਸਿੰਘ ਦੀਵਾਨਾ ਲਿਖਦਾ ਹੈ:

"ਗੁਰੂ ਸਾਹਿਬਾਨ ਨੇ ਉਚੇ ਆਦਰਸ਼ਾਂ ਨੂੰ ਹਮੇਸ਼ਾ ਸਾਹਮਣੇ ਰੱਖਿਆ। ਉਹ ਮਨੁੱਖੀ ਆਤਮਾਵਾਂ ਦੇ ਉੱਸਰਈਏ ਸਨ। ਉਹ ਨਾ ਕੇਵਲ ਯਥਾਰਥ ਦੇ ਦਰਸ਼ਕ ਸਨ, ਸਗੋਂ ਅਜਿਹੇ ਘਾੜੇ ਸਨ, ਜਿਨ੍ਹਾਂ ਨੇ ਮਨੁੱਖੀ ਜੀਵਨ ਨੂੰ ਰੂਪ ਦਿੱਤਾ। ਉਨ੍ਹਾਂ ਵਿਚ ਆਪਣੀ ਰਚਨਾ ਪ੍ਰਤਿ ਵੀ ਸਤਿਕਾਰ ਸੀ ਤੇ ਮਨੁੱਖੀ ਆਤਮਾ ਲਈ ਜ਼ਿੰਮੇਵਾਰੀ ਦਾ ਵੀ ਅਹਿਸਾਸ ਸੀ"

ਗੁਰਮਤਿ ਕਾਵਿ, ਸਿਰਫ਼ ਸਾਹਿਤਕ ਰਚਨਾ ਹੀ ਨਹੀਂ ਬਲਕਿ ਇਕ ਆਦਰਸ਼ਕ ਜੀਵਨ-ਜਾਚ ਨਾਲ ਵੀ ਸੰਬੰਧਤ ਦਾਰਸ਼ਨਿਕ ਲਿਖਤ ਵੀ ਹੈ। ਗੁਰੂ ਸਾਹਿਬਾਨ ਨੇ ਸਮਾਜਕ, ਸਭਿਆਚਾਰਕ ਅਤੇ ਸਦਾਚਾਰਕ ਜੀਵਨ-ਜਾਚ ਨੂੰ ਉਤਸ਼ਾਹਤ ਕਰਨ ਲਈ ਸਾਹਿਤ ਨੂੰ ਇਕ ਸਾਧਨ ਵਜੋਂ ਵਰਤਿਆ ਹੈ। ਇਹ ਸਾਰੀ ਰਚਨਾ ਰਾਗ ਅਧਾਰਿਤ ਹੈ। ਇਸ ਤਰ੍ਹਾਂ ਸੰਗੀਤਾਮਕਤਾ ਵੀ ਇਸ ਰਚਨਾ ਦਾ ਵਿਸ਼ੇਸ਼ ਗੁਣ ਹੈ। ਗੁਰਮਤਿ-ਕਾਵਿ ਧਾਰਾ ਦਾ ਸਿਖ਼ਰ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਹੈ। ਗੁਰੂ ਅਰਜਨ ਦੇਵ ਜੀ ਦੀ ਰਹਿਨੁਮਾਈ ਹੇਠ 1604 ਈ. ਵਿਚ ਅਮ੍ਰਿਤਸਰ ਵਿਖੇ ਇਹ ਕਾਰਜ ਮੁਕੰਮਲ ਕੀਤਾ ਗਿਆ। ਇਹ ਦੁਨੀਆਂ ਭਰ ਦੇ ਅਧਿਆਤਮਕ ਗ੍ਰੰਥਾਂ ਤੋਂ ਵਿਲੱਖਣ ਗ੍ਰੰਥ ਹੈ, ਜਿਸ ਵਿਚ ਗੁਰੂ ਸਾਹਿਬਾਨ ਤੋਂ ਇਲਾਵਾ ਭਗਤਾਂ, ਸੂਫ਼ੀਆਂ ਤੇ ਭੱਟਾਂ ਦੀ ਬਾਣੀ ਨੂੰ ਦਰਜ ਕੀਤਾ ਗਿਆ ਹੈ । ਗੁਰੂ ਗ੍ਰੰਥ ਸਾਹਿਬ ਦੀ ਤਰਤੀਬ ਨੂੰ ਰਾਗ ਅਧਾਰਿਤ ਰੱਖਿਆ ਗਿਆ ਹੈ। ਸੰਪੂਰਨ ਬਾਣੀ 31 ਰਾਗਾਂ ਵਿਚ ਦਰਜ ਹੈ। ਗੁਰੂ ਗ੍ਰੰਥ ਸਾਹਿਬ ਦੇ 1430 ਅੰਕ ਹਨ। ਭਾਸ਼ਾ ਦੇ ਪੱਖ ਤੋਂ ਇਸ ਵਿਚ ਕਈ ਪ੍ਰਾਂਤਕ ਬੋਲੀਆਂ ਦਾ ਮਿਸ਼ਰਨ ਹੈ। ਗੁਰੂ ਅਰਜਨ ਦੇਵ ਜੀ ਨੇ ਗੁਰਮੁਖੀ ਲਿੱਪੀ ਵਿਚ ਢਾਲਣ ਲੱਗਿਆਂ ਇਸਨੂੰ ਕੇਂਦਰੀ ਪੰਜਾਬੀ ਦੇ ਵਧੇਰੇ ਨੇੜੇ ਰੱਖਿਆ ਹੈ। ਪੰਜਾਬੀ ਤੋਂ ਇਲਾਵਾ ਸੰਸਕ੍ਰਿਤ, ਬ੍ਰਿਜ, ਸਿੰਧੀ, ਲਹਿੰਦੀ, ਫ਼ਾਰਸੀ ਆਦਿ ਦੇ ਨਮੂਨੇ ਵੀ ਆਦਿ ਗ੍ਰੰਥ ਵਿਚ ਦੇਖੇ ਜਾ ਸਕਦੇ ਹਨ।
ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕੁਝ ਪ੍ਰਮੁੱਖ ਬਾਣੀਕਾਰਾਂ ਅਤੇ ਉਹਨਾਂ ਦੀ ਸਾਹਿਤ ਰਚਨਾ ਦਾ ਸੰਖੇਪ ਵੇਰਵਾ ਹੇਠਾਂ ਦਰਜ ਕੀਤਾ ਗਿਆ ਹੈ:

**ਗੁਰੂ ਨਾਨਕ ਦੇਵ ਜੀ:-** ਗੁਰੂ ਨਾਨਕ ਦੇਵ ਜੀ ਦਾ ਜਨਮ 1469 ਈ. ਵਿਚ ਰਾਇ ਭੋਇੰ ਦੀ ਤਲਵੰਡੀ ਵਿਚ ਹੋਇਆ। ਗੁਰੂ ਨਾਨਕ ਨਾਲ ਪੰਜਾਬੀ ਵਿਚ ਇਕ ਨਵੇਂ ਸਾਹਿਤਕ ਯੁੱਗ ਦਾ ਮੁੱਢ ਬੱਝਦਾ ਹੈ। ਗੁਰੂ ਸਾਹਿਬ ਅਦੁੱਤੀ ਸ਼ਖ਼ਸੀਅਤ ਤੇ ਅਲੌਕਿਕ ਪ੍ਰਤਿਭਾ ਦੇ ਧਨੀ ਸਨ। ਉਹਨਾਂ ਦੀਆਂ ਇਹ ਸਾਰੀਆਂ ਖ਼ੂਬੀਆਂ ਉਹਨਾਂ ਦੁਆਰਾ ਰਚੀ ਬਾਣੀ ਵਿਚੋਂ ਪਛਾਣੀਆਂ ਜਾ ਸਕਦੀਆਂ ਹਨ। ਗੁਰੂ ਨਾਨਕ ਦੇਵ ਜੀ ਦੀਆਂ ਪ੍ਰਮੁੱਖ ਬਾਣੀਆਂ ਹਨ- ਜਪੁਜੀ, ਰਾਗ ਆਸਾ, ਮਾਝ ਤੇ ਮਲਾਰ ਵਿਚ ਰਚੀਆਂ ਵਾਰਾਂ, ਤੁਖਾਰੀ ਰਾਗ ਵਿਚ ਰਚਿਆ ਬਾਰਾਮਾਂਹ, ਪੱਟੀ, ਬਾਬਰ ਬਾਣੀ, ਸੋਹਿਲਾ, ਅਲਾਹੁਣੀਆਂ, ਕੁਝ ਸ਼ਬਦ ਤੇ ਸ਼ਲੋਕ। ਇਸ ਸਮੁੱਚੀ ਰਚਨਾ ਦੇ 2449 ਬੰਦ ਹਨ। ਡਾ. ਪਰਮਿੰਦਰ ਸਿੰਘ ਅਨੁਸਾਰ ਗੁਰੂ ਨਾਨਕ ਦੇਵ ਜੀ ਦੀ ਸਾਹਿਤਕ ਰਚਨਾ ਵਿਚੋਂ ਤਿੰਨ ਦਾਰਸ਼ਨਿਕ ਸਿਧਾਂਤ ਉੱਘੜਦੇ ਹਨ-

- ਇਸ ਸੰਸਾਰ ਵਿਚ ਰਹਿੰਦਿਆਂ ਸਮਾਜਕ ਤੇ ਸਦਾਚਾਰ ਜੀਵਨ ਜੀਉਣ ਦੀ ਜਾਂਚ।
- ਆਤਮਾ ਤੇ ਪਰਮਾਤਮਾ ਸੰਬੰਧੀ ਸੱਚ ਦੀ ਭਾਲ।
- ਸ੍ਰਿਸ਼ਟੀ-ਰਚਨਾ ਜਾਂ ਵਿਸ਼ਵ ਦੇ ਪਸਾਰ ਨਾਲ ਸੰਬਧਤ ਰਹੱਸਾਂ ਨੂੰ ਜਾਣਨਾ।

**ਗੁਰੂ ਅੰਗਦ ਦੇਵ ਜੀ:-** ਗੁਰੂ ਅੰਗਦ ਦੇਵ ਦਾ ਜਨਮ 1504 ਈ. ਵਿਚ ਹੋਇਆ। ਗੁਰੂ ਨਾਨਕ ਦੇਵ ਜੀ ਤੋਂ ਬਾਅਦ ਆਪ ਗੁਰਗੱਦੀ 'ਤੇ ਬਿਰਾਜਮਾਨ ਹੋਏ। ਆਪ ਜੀ ਨੇ 63 ਸ਼ਲੋਕਾਂ ਦੀ ਰਚਨਾ ਕੀਤੀ। ਗਿਣਤੀ ਦੇ ਪੱਖ ਤੋਂ ਇਹ ਰਚਨਾ ਬਾਕੀ ਗੁਰੂ ਸਾਹਿਬਾਨਾਂ ਦੀ ਰਚਨਾ ਨਾਲੋਂ ਘੱਟ ਹੈ, ਪਰੰਤੂ ਇਸ ਦੀ ਗੁਣਾਤਮਕ ਵਿਸ਼ੇਸ਼ਤਾ ਬਹੁਪੱਖੀ ਹੈ। ਗੁਰੂ ਅੰਗਦ ਦੇਵ ਜੀ ਦੇ ਸ਼ਲੋਕਾਂ ਦਾ ਮੂਲ ਵਿਸ਼ਾ ਨਿਰਮਾਣਤਾ, ਗੁਰੂ ਭਗਤੀ, ਸ਼ਰਧਾ ਤੇ ਪ੍ਰੇਮ ਹੈ। ਗੁਰੂ ਅਰਜਨ ਦੇਵ ਜੀ ਨੇ ਇਹਨਾਂ ਸ਼ਲੋਕਾਂ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਜਾਂ ਤਾਂ ਬਾਕੀ ਗੁਰੂ ਸਾਹਿਬਾਨ ਦੀਆਂ ਵਾਰਾਂ ਨਾਲ ਦਰਜ ਕੀਤਾ ਹੈ ਜਾਂ ਇਹ ਰਚਨਾ 'ਵਾਰਾਂ ਤੇ ਵਧੀਕ ਸ਼ਲੋਕ' ਸਿਰਲੇਖ ਹੇਠ ਦਰਜ ਕੀਤੇ ਗਏ ਹਨ। ਇਹ ਸ਼ਲੋਕ ਸਾਦਾ ਤੇ ਸਰਲ ਬੋਲੀ ਵਿਚ ਰਚੇ ਗਏ ਹਨ ਅਤੇ ਇਹਨਾਂ ਵਿਚ ਜ਼ਿੰਦਗੀ ਦੀ ਪਰਮ ਸੱਚਾਈ ਨੂੰ ਪ੍ਰਗਟਾਇਆ ਗਿਆ ਹੈ। ਗੁਰੂ ਦੀ ਮਹਾਨਤਾ ਨੂੰ ਦਰਸਾਉਂਦਾ ਆਪ ਦਾ ਇਹ ਸ਼ਲੋਕ ਲੋਕ ਤੱਤ ਦਾ ਰੂਪ ਧਾਰਨ ਕਰ ਗਿਆ ਹੈ:

**ਜੇ ਸਉ ਚੰਦਾ ਉਗਵਹਿ, ਸੂਰਜ ਚੜਹਿ ਹਜ਼ਾਰ**
**ਏਤੇ ਚਾਨਣ ਹੋਂਦਿਆਂ, ਗੁਰੂ ਬਿਨ ਘੋਰ ਅੰਧਾਰ।**

**ਗੁਰੂ ਅਮਰ ਦਾਸ ਜੀ:-** ਗੁਰੂ ਅਮਰ ਦਾਸ ਜੀ ਦੀ ਰਚਨਾ ਦਾ ਵਿਸ਼ਾ ਪੱਖ ਤਾਂ ਗੁਰੂ ਨਾਨਕ ਵਾਲਾ ਹੀ ਹੈ, ਪਰ ਆਪਣੀ ਸ਼ੈਲੀ, ਬਿਆਨ-ਢੰਗ ਅਤੇ ਕਲਾਤਮਕ ਗੁਣਾਂ ਕਾਰਨ ਉਹਨਾਂ ਦੀ ਰਚਨਾ ਦੀ ਵਿਲੱਖਣ ਪਛਾਣ ਹੈ। ਗੁਰੂ ਅਮਰਦਾਸ ਜੀ ਦੀ ਰਚਨਾ ਦਾ ਵੇਰਵਾ ਇਸ ਪ੍ਰਕਾਰ ਹੈ:- ਆਨੰਦ ਸਾਹਿਬ, ਰਾਗ ਸੂਹੀ, ਰਾਗ ਗੁਜਰੀ, ਰਾਗ ਮਾਰੂ ਤੇ ਰਾਮਕਲੀ ਵਿਚ ਦਰਜ ਚਾਰ ਵਾਰਾਂ, ਅਸ਼ਟਪਦੀਆਂ, ਸ਼ਬਦ ਤੇ ਸ਼ਲੋਕ। ਉਹਨਾਂ ਨੇ ਕੁੱਲ 896 ਬੰਦਾਂ ਦੀ ਰਚਨਾ ਕੀਤੀ। ਆਨੰਦ ਸਾਹਿਬ ਆਪ ਜੀ ਦੀ ਸਭ ਤੋਂ ਪ੍ਰਤਿਨਿਧ ਰਚਨਾ ਹੈ। ਇਸ ਬਾਣੀ ਵਿਚ ਪਰਮਾਤਮਾ ਦੇ ਮਿਲਾਪ ਦੇ ਆਨੰਦ ਨੂੰ ਪੇਸ਼ ਕੀਤਾ ਗਿਆ ਹੈ। ਦਾਰਸ਼ਨਿਕ ਵਿਚਾਰਾਂ ਤੇ ਆਤਮਿਕ ਰਹੱਸਾਂ ਨੂੰ ਇਹ ਰਚਨਾ ਬੜੇ ਭਾਵਪੂਰਤ ਢੰਗ ਨਾਲ ਪੇਸ਼ ਕਰਦੀ ਹੈ।

**ਗੁਰੂ ਰਾਮਦਾਸ ਜੀ:-** ਗੁਰੂ ਰਾਮਦਾਸ ਜੀ ਦਾ ਜਨਮ 1534 ਈ. ਵਿਚ ਚੂਨਾ ਮੰਡੀ ਲਾਹੌਰ ਵਿਖੇ ਹੋਇਆ। ਗੁਰੂ ਸਾਹਿਬ ਨੇ 29 ਰਾਗਾਂ ਵਿਚ ਬਾਣੀ ਦੀ ਰਚਨਾ ਕੀਤੀ। ਉਹਨਾਂ ਦੀਆਂ ਪ੍ਰਮੁੱਖ ਬਾਣੀਆਂ ਵਿਚ ਵਾਰਾਂ, ਘੋੜੀਆਂ, ਲਾਵਾਂ, ਕਰਹਲੇ, ਮਾਰੂ ਸੋਲਹੇ, ਵਣਜਾਰਾ ਅਤੇ ਛੰਦ ਵਿਸ਼ੇਸ਼ ਤੌਰ 'ਤੇ ਵਰਨਣਯੋਗ ਹਨ। ਗੁਰੂ ਰਾਮਦਾਸ ਜੀ ਨੇ 8 ਵਾਰਾਂ ਦੀ ਰਚਨਾ ਕੀਤੀ ਜੋ ਗਿਣਤੀ ਪੱਖੋਂ ਸਾਰੇ ਬਾਣੀਕਾਰਾਂ ਨਾਲੋਂ ਵੱਧ ਹੈ। ਗੁਰੂ ਸਾਹਿਬ ਦੀ ਰਚਨਾ ਠੇਠ ਪੰਜਾਬੀ ਦਾ ਸੁੰਦਰ ਨਮੂਨਾ ਹੈ। ਉਹਨਾਂ ਦੀ ਰਚਨਾ ਦਾ ਮੂਲ ਵਿਸ਼ਾ ਪਰਮਾਤਮਾ ਪ੍ਰਤਿ ਅਥਾਹ ਪ੍ਰੇਮ ਅਤੇ ਸ਼ਰਧਾ ਦੀ ਭਾਵਨਾ ਹੈ। ਉਹਨਾਂ ਨੇ ਆਪਣੀ ਕਾਵਿ-ਰਚਨਾ ਵਿਚ ਅਨੇਕਾਂ ਬਿੰਬਾਂ ਅਤੇ ਅਲੰਕਾਰਾਂ ਦੀ ਵਰਤੋਂ ਕੀਤੀ ਹੈ, ਜਿਸ ਕਾਰਨ ਆਪ ਦੀ ਰਚਨਾ ਵਿਚ ਕਾਵਿ-ਸੂਹਜ ਦੀ ਪ੍ਰਧਾਨਤਾ ਹੈ।

**ਗੁਰੂ ਅਰਜਨ ਦੇਵ ਜੀ:-** ਗੁਰੂ ਅਰਜਨ ਦੇਵ ਜੀ ਦੀ ਪੰਜਾਬੀ ਸਾਹਿਤ ਨੂੰ ਸਭ ਤੋਂ ਵੱਡੀ ਦੇਣ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਹੈ। ਗੁਰੂ ਸਾਹਿਬ ਨੇ 30 ਰਾਗਾਂ ਵਿਚ ਬਾਣੀ ਦੀ ਰਚਨਾ ਕੀਤੀ। ਗੁਰੂ ਗ੍ਰੰਥ ਸਾਹਿਬ ਵਿਚ ਦਰਜ ਸਭ ਤੋਂ ਵੱਧ ਬਾਣੀ ਗੁਰੂ ਅਰਜਨ ਦੇਵ ਜੀ ਦੀ ਹੀ ਹੈ। ਆਪ ਜੀ ਦੀਆਂ ਮੁੱਖ ਰਚਨਾਵਾਂ ਹਨ- ਸੁਖਮਨੀ ਸਾਹਿਬ, ਫੁਨਹੇ, ਰਾਗ ਮਾਝ ਵਿਚ ਲਿਖਿਆ ਬਾਰਾਮਾਂਹ, ਮਾਰੂ ਡੱਖਣੇ ਅਤੇ 6 ਵਾਰਾਂ। ਇਹਨਾਂ ਤੋਂ ਇਲਾਵਾ ਆਪ ਨੇ ਸੁਲੋਕ ਸਹਿਸਕ੍ਰਿਤੀ, ਅਸ਼ਟਪਦੀਆਂ ਤੇ ਸ਼ਲੋਕ ਵੀ ਰਚੇ ਹਨ। ਆਪ ਦੀ ਰਚਨਾ ਠੇਠ ਪੰਜਾਬੀ ਵਿਚ ਹੈ, ਹਾਲਾਂਕਿ ਇਸ 'ਤੇ ਸੰਸਕ੍ਰਿਤ, ਪ੍ਰਕਿਰਤ ਅਤੇ ਬ੍ਰਿਜ ਭਾਸ਼ਾਵਾਂ ਦਾ ਵੀ ਪ੍ਰਭਾਵ ਹੈ।

**ਅਭਿਆਸ ਦੂਜਾ**

ਪ੍ਰਸ਼ਨ 1. ਗੁਰੁ ਨਾਨਕ ਦੇਵ ਜੀ ਦੀਆਂ ਪ੍ਰਮੁੱਖ ਰਚਨਾਵਾਂ ਕਿਹੜੀਆਂ ਹਨ?

ਉੱਤਰ ..............................................................................................................

..............................................................................................................

..............................................................................................................

..............................................................................................................

ਪ੍ਰਸ਼ਨ 1. ਗੁਰੁ ਗ੍ਰੰਥ ਸਾਹਿਬ ਵਿਚ ਜਿਨ੍ਹਾਂ ਗੁਰੂਆਂ ਦੀ ਬਾਣੀ ਦਰਜ ਹੈ, ਉਹਨਾਂ ਦੇ ਨਾਂ ਲਿਖੋ।

ਉੱਤਰ ..............................................................................................................

..............................................................................................................

..............................................................................................................

..............................................................................................................

ਪ੍ਰਸ਼ਨ 1. ਗੁਰਮਤਿ ਕਾਵਿ ਧਾਰਾ ਬਾਰੇ ਇਕ ਵਿਸਤ੍ਰਿਤ ਨੋਟ ਲਿਖੋ।

ਉੱਤਰ ..............................................................................................................

..............................................................................................................

..............................................................................................................

..............................................................................................................

..............................................................................................................

..............................................................................................................

..............................................................................................................

..............................................................................................................

## 5.5.2 ਸੂਫ਼ੀ ਕਾਵਿ ਧਾਰਾ

ਬੇਸ਼ੱਕ ਪੰਜਾਬੀ ਸੂਫ਼ੀ ਕਾਵਿ ਧਾਰਾ ਦਾ ਆਰੰਭ ਸ਼ੇਖ ਫਰੀਦ ਨਾਲ ਹੋ ਜਾਂਦਾ ਹੈ, ਪਰ ਬਾਰਵੀਂ ਤੇ ਪੰਦਰਵੀਂ ਸਦੀ ਤੱਕ ਦੇ ਲੰਬੇ ਵਕਫ਼ੇ ਦੌਰਾਨ ਸਾਨੂੰ ਕੋਈ ਪੰਜਾਬੀ ਸੂਫ਼ੀ ਰਚਨਾ ਪ੍ਰਾਪਤ ਨਹੀਂ ਹੁੰਦੀ। ਸੋਲਵੀਂ ਸਦੀ ਵਿਚ ਸ਼ਾਹ ਹੁਸੈਨ ਦੀ ਠੁੱਕਦਾਰ ਪੰਜਾਬੀ ਭਾਸ਼ਾ ਵਿਚ ਲਿਖੀ ਰਚਨਾ ਨਾਲ ਸੂਫ਼ੀ ਕਾਵਿ ਧਾਰਾ ਵਿਚਲੀ ਖੜੋਤ ਟੁੱਟਦੀ ਹੈ। ਸ਼ਾਹ ਹੁਸੈਨ ਤੋਂ ਬਾਅਦ ਸੁਲਤਾਨ ਬਾਹੂ, ਸ਼ਾਹ ਸ਼ਰਫ਼, ਵਜੀਦ, ਬੁੱਲੇ ਸ਼ਾਹ ਤੇ ਗ਼ੁਲਾਮ ਫਰੀਦ ਉਹ ਪ੍ਰਮੁੱਖ ਪੰਜਾਬੀ ਸੂਫ਼ੀ ਹਨ, ਜਿਨ੍ਹਾਂ ਰਾਹੀਂ ਪੰਜਾਬੀ ਸੂਫ਼ੀ ਕਾਵਿ ਧਾਰਾ ਨਿਰੰਤਰ ਪ੍ਰਵਾਹਮਾਨ ਰਹਿੰਦੀ ਹੈ। ਇਹ ਸੂਫ਼ੀ ਕਵੀ ਬੇਸ਼ੱਕ ਇਸਲਾਮ ਦੇ ਰਹੱਸਵਾਦੀ ਦਰਸ਼ਨ ਨੂੰ ਆਪਣੀ ਰਚਨਾ ਦਾ ਵਿਸ਼ਾ ਬਣਾਉਂਦੇ ਹਨ, ਪਰ ਇਹਨਾਂ ਦੀ ਰਚਨਾ ਪੰਜਾਬੀ ਜਨ-ਜੀਵਨ ਅਤੇ ਲੋਕ ਭਾਸ਼ਾ ਦੇ ਵਧੇਰੇ ਨੇੜੇ ਹੈ। ਉਹ ਆਪਣੀ ਰਚਨਾ ਦੇ ਪ੍ਰਤੀਕ ਪੰਜਾਬੀ ਸਭਿਆਚਾਰ ਵਿਚੋਂ ਲੈਂਦੇ ਹਨ। ਚਰਖਾ, ਤ੍ਰਿੰਞਣ, ਵਿਆਹ, ਮੁਕਲਾਵਾ, ਪੇਕਾ ਘਰ, ਸਹੁਰਾ ਘਰ, ਪੱਤਣ, ਬੇੜੀ, ਮਲਾਹ ਆਦਿ ਬਿੰਬਾਵਲੀ ਦੀ ਵਰਤੋਂ ਕਾਰਨ ਇੰਝ ਜਾਪਦਾ ਹੈ ਜਿਵੇਂ ਪੰਜਾਬੀ ਸੂਫ਼ੀ ਕਾਵਿ, ਪੰਜਾਬੀ ਸਭਿਆਚਾਰ ਅਤੇ ਜਨ-ਜੀਵਨ ਦੀ ਮੂੰਹ ਬੋਲਦੀ ਤਸਵੀਰ ਹੈ। ਇਹੋ ਕਾਰਨ ਹੈ ਕਿ ਆਪਣੇ ਧਾਰਮਿਕ ਚਰਿੱਤਰ ਦੇ ਬਾਵਜੂਦ ਸੂਫ਼ੀ ਕਾਵਿ ਧਾਰਾ, ਪੰਜਾਬੀ ਜਨ-ਮਾਨਸ ਵਿਚ ਵਧੇਰੇ ਪ੍ਰਵਾਨ ਚੜ੍ਹੀ। ਆਪਣੀ ਸੰਗੀਤਕ ਪੇਸ਼ਕਾਰੀ ਕਾਰਨ ਵੀ ਇਹ ਰਚਨਾ ਵਧੇਰੇ ਮਕਬੂਲ ਹੋਈ।

ਪੰਜਾਬੀ ਸੂਫ਼ੀ ਕਾਵਿ ਧਾਰਾ ਦੇ ਮੁਢਲੇ ਪੜਾਅ 'ਤੇ ਉਪਲਬਧ ਸ਼ੇਖ ਫਰੀਦ ਦੀ ਰਚਨਾ ਇਸਲਾਮੀ ਸ਼ਰੀਅਤ ਦੇ ਵਧੇਰੇ ਨੇੜੇ ਹੈ। ਸ਼ਰੀਅਤ ਇਸਲਾਮੀ ਕਾਨੂੰਨ ਹੈ, ਜਿਸ ਵਿਚ ਕਲਮਾ, ਨਮਾਜ਼, ਹੱਜ, ਰੋਜ਼ੇ ਅਤੇ ਜ਼ਕਾਤ ਜਿਹੇ ਨਿਯਮਾਂ ਤੇ ਵਧੇਰੇ ਜੋਰ ਦਿੱਤਾ ਜਾਂਦਾ ਹੈ। ਇਹ ਇਕ ਸਦਾਚਾਰਕ ਅਵਸਥਾ ਹੈ, ਜਿਸ ਵਿਚ ਨੈਤਿਕ ਤੇ ਆਦਰਸ਼ਕ ਜੀਵਨ ਜੀਉਣ ਦੀ ਤਵੱਕੋਂ ਕੀਤੀ ਜਾਂਦੀ ਹੈ। ਪਰੰਤੂ ਆਪਣੇ ਦੂਜੇ ਪੜਾਅ 'ਤੇ ਪਹੁੰਚ ਕੇ ਪੰਜਾਬੀ ਸੂਫ਼ੀ ਕਾਵਿ ਧਾਰਾ ਇਹਨਾਂ ਸਦਾਚਾਰਕ ਨਿਯਮਾਂ ਤੋਂ ਬਾਗੀ ਹੋ ਜਾਂਦੀ ਹੈ। ਸ਼ਾਹ ਹੁਸੈਨ ਤੇ ਬੁੱਲ੍ਹੇ ਸ਼ਾਹ ਆਪਣੀ ਰਚਨਾ ਵਿਚ ਫੋਕੇ ਆਡੰਬਰਾਂ ਤੇ ਧਾਰਮਿਕ ਪਾਖੰਡਾਂ ਦੀ ਖਿੱਲੀ ਉਡਾਉਂਦੇ ਹਨ। ਇਹਨਾਂ ਦੀ ਰਚਨਾ ਵਿਚ ਪ੍ਰੇਮ ਨੂੰ ਮੁਢਲਾ ਸਥਾਨ ਪ੍ਰਾਪਤ

ਹੈ। ਇਹ ਆਤਮਾ ਤੇ ਪਰਮਾਤਮਾ ਵਿਚਲੇ ਰਿਸ਼ਤੇ ਨੂੰ ਪ੍ਰੇਮੀ-ਪ੍ਰੇਮਿਕਾ ਦੇ ਸੰਬੰਧਾਂ ਰਾਹੀਂ ਪ੍ਰਗਟਾਉਂਦੇ ਹਨ। ਪੰਜਾਬੀ ਸੂਫ਼ੀ ਕਾਵਿ ਧਾਰਾ ਦੇ ਕੁਝ ਪ੍ਰਤਿਨਿਧ ਕਵੀਆਂ ਦਾ ਵੇਰਵਾ ਅਤੇ ਉਹਨਾਂ ਦੀ ਸਿਰਜਣ ਪ੍ਰਕਿਰਿਆ ਨੂੰ ਹੇਠਾਂ ਦਰਜ ਕੀਤਾ ਗਿਆ ਹੈ:

**ਸ਼ਾਹ ਹੁਸੈਨ:-** ਸ਼ਾਹ ਹੁਸੈਨ ਦਾ ਜਨਮ 1539 ਈ. ਵਿਚ ਸ਼ੇਖ ਉਸਮਾਨ ਦੇ ਘਰ ਹੋਇਆ। ਸ਼ਾਹ ਹੁਸੈਨ ਨੇ 163 ਕਾਫ਼ੀਆਂ ਦੀ ਰਚਨਾ ਕੀਤੀ। ਇਹ ਕਾਫ਼ੀਆਂ ਰਾਗ ਅਧਾਰਿਤ ਹਨ। ਸ਼ਾਹ ਹੁਸੈਨ ਰਚਿਤ ਇਹਨਾਂ ਕਾਫ਼ੀਆਂ 'ਤੇ ਭਾਰਤੀ ਅਦਵੈਤਵਾਦ ਦਾ ਵੀ ਪ੍ਰਭਾਵ ਹੈ। ਲਾਜਵੰਤੀ ਰਾਧਾਕ੍ਰਿਸ਼ਨਾ ਦਾ ਮਤ ਹੈ ਕਿ ਸ਼ਾਹ ਹੁਸੈਨ ਦਾ ਰਹੱਸਵਾਦ ਭਾਰਤੀ ਇਰਾਨੀ ਵਿਚਾਰਾਂ ਦਾ ਸੁਮੇਲ ਹੈ। ਸ਼ਾਹ ਹੁਸੈਨ ਨੂੰ ਕਈ ਵਾਰ ਬਿਰਹੋਂ ਦਾ ਕਵੀ ਵੀ ਕਿਹਾ ਜਾਂਦਾ ਹੈ। ਉਸਦੀ ਕਵਿਤਾ ਵਿਚ ਵਿਛੋੜੇ ਦੇ ਦਰਦ ਦਾ ਬਿਆਨ ਬੜੀ ਸ਼ਿੱਦਤ ਨਾਲ ਹੋਇਆ ਹੈ। ਉਸ ਨੇ ਬਿਰਹੋਂ ਦੀ ਤੀਬਰਤਾ ਅਤੇ ਮਿਲਾਪ ਦੀ ਇੱਛਾ ਨੂੰ ਬੜੀ ਖ਼ੂਬਸੂਰਤੀ ਨਾਲ ਪੇਸ਼ ਕੀਤਾ ਹੈ। ਇਸ ਤੋਂ ਬਿਨਾਂ ਜੀਵਨ ਦੀ ਨਾਸ਼ਮਾਨਤਾ, ਮੌਤ ਦੀ ਅਟੱਲਤਾ, ਚੰਗੇ ਤੇ ਸ਼ੁਭ ਕਰਮਾਂ ਦੀ ਪ੍ਰੇਰਣਾ ਆਦਿ ਸ਼ਾਹ ਹੁਸੈਨ ਦੀ ਰਚਨਾ ਦੇ ਪ੍ਰਮੁੱਖ ਗੁਣ ਹਨ।

**ਸੁਲਤਾਨ ਬਾਹੂ:-** ਸੁਲਤਾਨ ਬਾਹੂ ਦਾ ਜਨਮ 1631 ਈ. ਵਿਚ ਝੰਗ ਜ਼ਿਲ੍ਹੇ ਦੇ ਪਿੰਡ ਅਵਾਣ ਵਿਚ ਹੋਇਆ। ਆਪ ਦੀ ਰਚਨਾ ਪੰਜਾਬੀ ਤੋਂ ਬਿਨਾਂ ਅਰਬੀ ਤੇ ਫ਼ਾਰਸੀ ਵਿਚ ਵੀ ਮਿਲਦੀ ਹੈ। ਸੁਲਤਾਨ ਬਾਹੂ ਨੇ ਪੰਜਾਬੀ ਜ਼ੁਬਾਨ ਵਿਚ ਸੀਹਰਫ਼ੀਆ ਦੀ ਰਚਨਾ ਕੀਤੀ। ਸੀਹਰਫ਼ੀ ਇਕ ਅਜਿਹਾ ਕਾਵਿ ਰੂਪ ਹੈ ਜਿਸ ਵਿਚ ਅਰਬੀ-ਫ਼ਾਰਸੀ ਲਿੱਪੀ ਦੇ ਤੀਹ ਅੱਖਰਾਂ (ਅਲਿਫ਼ ਤੋਂ ਵਾਓ ਤੱਕ) ਲੈ ਕੇ ਕਾਵਿ ਰਚਨਾ ਕੀਤੀ ਜਾਂਦੀ ਹੈ। ਵਿਦਵਾਨਾਂ ਦਾ ਮੰਨਣਾ ਹੈ ਕਿ ਪੰਜਾਬੀ ਵਿਚ ਸੁਲਤਾਨ ਬਾਹੂ ਨੇ ਹੀ ਪਹਿਲੀ ਵਾਰ ਸੀਹਰਫ਼ੀਆਂ ਲਿਖੀਆਂ। ਸੁਲਤਾਨ ਬਾਹੂ ਦੀ ਹਰੇਕ ਕਾਵਿ-ਤੁਕ 'ਹੂ' ਦੀ ਹੇਕ ਨਾਲ ਖ਼ਤਮ ਹੁੰਦੀ ਹੈ, ਜਿਸ ਨਾਲ ਉਸਦੀ ਕਵਿਤਾ ਦਾ ਸੰਗੀਤਕ ਲੱਛਣ ਵਿਸ਼ੇਸ਼ ਰੂਪ ਵਿਚ ਉੱਘੜ ਕੇ ਸਾਹਮਣੇ ਆਉਂਦਾ ਹੈ। ਸੁਲਤਾਨ ਬਾਹੂ ਦੀਆਂ ਸੀਹਰਫ਼ੀਆਂ ਵਿਚ ਸੂਫ਼ੀ ਮਤ ਦੇ ਸਦਾਚਾਰਕ ਤੇ ਨੈਤਿਕ ਪੱਖਾਂ 'ਤੇ ਵਿਸ਼ੇਸ਼ ਜ਼ੋਰ ਦਿੱਤਾ ਗਿਆ ਹੈ। ਉਹ ਮਜ਼ਬੀ ਭੇਖ ਤੇ ਵਿਖਾਵਿਆਂ ਦਾ ਸਖ਼ਤ ਰੂਪ ਵਿਚ ਖੰਡਨ ਕਰਦਾ ਹੈ। ਝੰਗ ਦਾ ਵਸਨੀਕ ਹੋਣ ਕਾਰਨ ਸੁਲਤਾਨ ਬਾਹੂ ਦੀ ਰਚਨਾ 'ਤੇ ਝਾਂਗੀ ਜਾਂ ਲਹਿੰਦੀ ਉਪਭਾਸ਼ਾ ਦਾ ਵਿਸ਼ੇਸ਼ ਪ੍ਰਭਾਵ ਹੈ। ਉਸਦੀ ਰਚਨਾ ਵਿਚ ਮੁਰਸ਼ਦ ਦੀ ਮਹਾਨਤਾ 'ਤੇ ਵਿਸ਼ੇਸ਼ ਜ਼ੋਰ ਦਿੱਤਾ ਗਿਆ ਹੈ। ਉਸਦਾ ਮੰਨਣਾ ਹੈ ਕਿ ਰੱਬ ਦੀ ਪ੍ਰਾਪਤੀ ਕਰਮਕਾਂਡਾਂ ਤੇ ਆਡੰਬਰਾਂ ਰਾਹੀਂ ਮੁਮਕਿਨ ਨਹੀਂ; ਰੱਬ ਨੂੰ ਕੇਵਲ ਮੁਰਸ਼ਦ ਦੀ ਕਿਰਪਾ ਨਾਲ ਹੀ ਪਾਇਆ ਜਾ ਸਕਦਾ ਹੈ।

**ਬੁੱਲ੍ਹੇ ਸ਼ਾਹ:-** ਬੁੱਲ੍ਹੇ ਸ਼ਾਹ ਪੰਜਾਬੀ ਸੂਫ਼ੀ ਕਾਵਿ ਧਾਰਾ ਦਾ ਸਭ ਤੋਂ ਮਕਬੂਲ ਨਾਂ ਹੈ। ਬੁੱਲ੍ਹੇ ਸ਼ਾਹ ਦਾ ਜਨਮ ਲਾਹੌਰ ਜ਼ਿਲ੍ਹੇ ਦੇ ਪਿੰਡ ਪੰਡੋਕੀ ਵਿਚ 1680 ਈ. ਵਿਚ ਹੋਇਆ। ਉਸਦਾ ਪੂਰਾ ਨਾਂ ਅਬਦੁੱਲਾ ਸੀ। ਬੁੱਲ੍ਹੇ ਸ਼ਾਹ ਨੇ ਕਾਦਰੀ ਮਤ ਦੇ ਸ਼ਾਹ ਇਨਾਇਤ ਨੂੰ ਆਪਣਾ ਗੁਰੂ ਧਾਰਿਆ। ਬੁੱਲ੍ਹੇ ਸ਼ਾਹ ਆਪਣੇ ਮੁਰਸ਼ਦ ਤੋਂ ਬਹੁਤ ਪ੍ਰਭਾਵਿਤ ਸੀ। ਇਸਦਾ ਹਵਾਲਾ ਉਸਦੀ ਰਚਨਾ ਵਿਚ ਕਈ ਥਾਂ ਮਿਲਦਾ ਹੈ। ਬੁੱਲ੍ਹੇ ਸ਼ਾਹ ਨੇ 156 ਕਾਫ਼ੀਆਂ, 1 ਬਾਰਾਂਮਾਂਹ, 40 ਗੰਢਾਂ, 1 ਅਠਵਾਰਾ, 3 ਸੀਹਰਫ਼ੀਆਂ ਤੇ 49 ਦੋਹੜਿਆਂ ਦੀ ਰਚਨਾ ਕੀਤੀ। ਉਸਦੀ ਰਚਨਾ ਦੀ ਭਾਸ਼ਾ ਕੇਂਦਰੀ ਪੰਜਾਬੀ ਹੈ। ਉਸਦੀ ਭਾਸ਼ਾ ਠੇਠ, ਸਾਦਾ, ਤੇ ਲੋਕ ਮੁਹਾਵਰੇ ਦੇ ਨੇੜੇ ਹੋਣ ਕਾਰਨ ਜਨ-ਮਾਨਸ ਵਿਚ ਵਧੇਰੇ ਮਕਬੂਲ ਹੋਈ। ਉਸਦੀ ਪ੍ਰਸਿੱਧੀ ਦਾ ਇਕ ਕਾਰਨ ਇਸ ਰਚਨਾ ਦਾ ਰਾਗਬੱਧ ਤੇ ਲੈਅਬੱਧ ਹੋਣਾ ਵੀ ਹੈ। ਬੁੱਲ੍ਹੇ ਸ਼ਾਹ ਨੇ ਆਪਣੀਆਂ ਲਿਖ਼ਤਾਂ ਨੂੰ ਅਲੰਕਾਰਾਂ, ਮੁਹਾਵਰਿਆਂ ਤੇ ਲੋਕ ਅਖਾਣਾਂ ਨਾਲ ਸ਼ਿੰਗਾਰਿਆਂ ਹੈ। ਇਸੇ ਕਾਰਨ ਉਸਨੂੰ ਪੰਜਾਬੀ ਸੂਫ਼ੀ ਕਵਿਤਾ ਦਾ ਸਿਖਰ ਵੀ ਕਿਹਾ ਜਾਂਦਾ ਹੈ। ਬੁੱਲ੍ਹੇ ਸ਼ਾਹ ਸ਼ਰੀਅਤ 'ਤੇ ਅਧਾਰਿਤ ਜੀਵਨ-ਜਾਚ ਤੋਂ ਅਗਾਂਹ ਦੇ ਮਾਰਗ ਦਾ ਪਾਂਧੀ ਹੈ। ਉਸ ਦੀ ਰਚਨਾ ਸੂਫ਼ੀਵਾਦ ਤੇ ਦੂਜੇ ਤੇ ਤੀਜੇ ਪੜਾਅ ਤਰੀਕਤ ਤੇ ਮਾਰਫ਼ਤ ਦੀ ਵਿਆਖਿਆ ਉਸਾਰਦੀ ਹੈ। ਉਹ ਮੁਰਸ਼ਦ ਦੀ ਕਿਰਪਾ, ਉਸ ਤੋਂ ਪ੍ਰਾਪਤ ਗਿਆਨ ਅਤੇ ਪ੍ਰੇਮ ਦੇ ਅਨੁਭਵ ਨੂੰ ਆਪਣੀ ਰਚਨਾ ਦਾ ਵਿਸ਼ਾ ਬਣਾਉਂਦਾ ਹੈ। ਉਹ ਫੋਕੇ ਗਿਆਨ ਅਤੇ ਕਾਜ਼ੀ-ਮੌਲਵੀ ਦੀ ਸਰਬਉੱਚਤਾ ਨੂੰ ਚੁਣੌਤੀ ਦਿੰਦਾ ਹੈ ਅਤੇ ਇਸ਼ਕ ਨੂੰ ਹੀ ਸਮੁੱਚੀ ਕਾਇਨਾਤ ਦਾ ਆਧਾਰ ਮੰਨਦਾ ਹੈ।

**ਅਭਿਆਸ ਤੀਜਾ**

ਪ੍ਰਸ਼ਨ 1. ਪ੍ਰਮੁੱਖ ਪੰਜਾਬੀ ਸੂਫ਼ੀ ਕਵੀਆਂ ਦੇ ਨਾਂ ਲਿਖੋ।

ਉੱਤਰ ..........................................................................

..........................................................................

..........................................................................

..........................................................................

ਪ੍ਰਸ਼ਨ 2. ਬੁੱਲ੍ਹੇ ਸ਼ਾਹ ਦੀ ਰਚਨਾ ਬਾਰੇ ਸੰਖੇਪ ਟਿੱਪਣੀ ਕਰੋ।

ਉੱਤਰ ..........................................................................

..........................................................................

..........................................................................

..........................................................................

ਪ੍ਰਸ਼ਨ 3. ਸ਼ਾਹ ਹੁਸੈਨ ਦੇ ਜੀਵਨ ਤੇ ਰਚਨਾ ਬਾਰੇ ਜਾਣਕਾਰੀ ਸਾਂਝੀ ਕਰੋ।

ਉੱਤਰ ..........................................................................

............................................................................................................................

............................................................................................................................

............................................................................................................................

ਪ੍ਰਸ਼ਨ 4. ਪੰਜਾਬੀ ਸੂਫ਼ੀ ਕਵਿਤਾ ਨਾਲ ਜੁੜੇ ਵੱਖ-ਵੱਖ ਸਰੋਕਾਰਾਂ ਬਾਰੇ ਆਪਣੇ ਵਿਚਾਰ ਵਿਅਕਤ ਕਰੋ।

ਉੱਤਰ ............................................................................................................................

............................................................................................................................

............................................................................................................................

............................................................................................................................

............................................................................................................................

............................................................................................................................

............................................................................................................................

### 5.5.3 ਕਿੱਸਾ ਕਾਵਿ ਧਾਰਾ

ਗੁਰਮਤਿ ਅਤੇ ਸੂਫ਼ੀ ਕਾਵਿ ਧਾਰਾਵਾਂ ਤੋਂ ਬਾਅਦ ਮੱਧਕਾਲੀ ਪੰਜਾਬੀ ਸਾਹਿਤ ਦੀ ਤੀਜੀ ਵੰਨਗੀ ਕਿੱਸਾ ਕਾਵਿ ਹੈ। ਜਿੱਥੇ ਗੁਰਮਤਿ ਤੇ ਸੂਫ਼ੀ ਕਾਵਿ ਧਾਰਾਵਾਂ ਦਾ ਮੂਲ ਵਿਸ਼ਾ ਅਧਿਆਤਮਕ ਹੈ, ਉੱਥੇ ਕਿੱਸਾ ਕਾਵਿ ਧਾਰਾ ਲੌਕਿਕ ਜੀਵਨ ਦੇ ਵੱਖ-ਵੱਖ ਪ੍ਰਸੰਗਾਂ - ਇਸ਼ਕ, ਰੁਮਾਂਸ, ਸੂਰਬੀਰਤਾ ਅਤੇ ਕੁਰਬਾਨੀ ਜਿਹੇ ਭਾਵਾਂ ਨੂੰ ਪੇਸ਼ ਕਰਦੀ ਹੈ। ਫ਼ਾਰਸੀ ਭਾਸ਼ਾ ਵਿਚ ਪ੍ਰਚਲਿਤ ਮਸਨਵੀਂ ਕਾਵਿ ਰੂਪ ਨੂੰ ਪੰਜਾਬੀ ਕਿੱਸਾ ਕਾਵਿ ਦਾ ਅਧਾਰ ਮੰਨਿਆਂ ਜਾਂਦਾ ਹੈ। ਮਸਨਵੀਂ ਇਕ ਤਰ੍ਹਾਂ ਦੀ ਲੰਬੀ ਕਹਾਣੀ ਹੈ, ਜਿਸ ਨੂੰ ਕਾਵਿ ਰੂਪ ਵਿਚ ਲਿਖਿਆ ਜਾਂਦਾ ਸੀ। 'ਕਿੱਸਾ' ਸ਼ਬਦ ਅਰਬੀ ਭਾਸ਼ਾ ਦਾ ਹੈ ਜਿਸ ਦਾ ਅਰਥ ਵੀ ਕਹਾਣੀ ਨਾਲ ਜੁੜਿਆ ਹੈ। ਪਰੰਤੂ ਜਿੱਥੇ ਫ਼ਾਰਸੀ ਵਿਚਲੀਆਂ ਮਸਨਵੀਆਂ ਅਨੇਕਾਂ ਵਿਸ਼ਿਆਂ ਬਾਰੇ ਲਿਖੀਆਂ ਮਿਲਦੀਆਂ ਹਨ, ਉੱਥੇ ਪੰਜਾਬੀ ਵਿਚ ਜ਼ਿਆਦਾਤਰ ਪ੍ਰੇਮ-ਪ੍ਰਸੰਗਾਂ ਵਾਲੇ ਕਿੱਸਿਆਂ ਦੀ ਰਚਨਾ ਹੋਈ। ਇਹਨਾਂ ਪ੍ਰੇਮ ਕਥਾਵਾਂ ਤੋਂ ਇਲਾਵਾ ਸੂਰਬੀਰਤਾ ਅਤੇ ਸਦਾਚਾਰ ਜਿਹੇ ਆਦਰਸ਼ਕ ਵਿਸ਼ਿਆਂ 'ਤੇ ਵੀ ਕੁਝ ਕਿੱਸਿਆਂ ਦੀ ਰਚਨਾ ਪ੍ਰਾਪਤ ਹੁੰਦੀ ਹੈ। ਪ੍ਰੋ. ਮੋਹਨ ਸਿੰਘ ਦੀਵਾਨਾ ਨੇ ਪੂਰਵ-ਨਾਨਕ ਕਾਲ ਵਿਚ ਪ੍ਰਸ਼ਯ ਨਾਂ ਦੇ ਕਵੀ ਦਾ ਜ਼ਿਕਰ ਕੀਤਾ ਹੈ, ਜਿਸਦੀ ਰਚਨਾ 'ਸੱਸੀ ਪੁੰਨੂ' ਹੈ। ਪਰੰਤੂ ਇਸ ਰਚਨਾ ਦਾ ਕੋਈ ਲਿਖਤੀ ਪਾਠ ਉਪਲਬਧ ਨਹੀਂ ਹੋ ਸਕਿਆ, ਜਿਸ ਕਾਰਨ ਪ੍ਰੋ. ਦੀਵਾਨਾ ਦੀ ਇਸ ਧਾਰਨਾ ਨੂੰ ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਪੂਰਨ ਤੌਰ 'ਤੇ ਸਵੀਕ੍ਰਿਤੀ ਨਹੀਂ ਮਿਲ ਸਕੀ। ਪੰਜਾਬੀ ਸਾਹਿਤ ਦੇ ਇਤਿਹਾਸ ਨਾਲ ਜੁੜੇ ਵਿਦਵਾਨ ਦਮੋਦਰ ਨਾਂ ਦੇ ਕਿੱਸਾਕਾਰ ਨੂੰ ਹੀ ਪੰਜਾਬੀ ਦਾ ਪਹਿਲਾ ਕਿੱਸਾਕਾਰ ਮੰਨਦੇ ਹਨ। ਦਮੋਦਰ ਤੋਂ ਬਾਅਦ ਪੀਲੂ, ਹਫਿਜ਼ ਬਰਖ਼ੁਰਦਾਰ, ਅਹਿਮਦ ਗੁੱਜਰ, ਮੁਕਬਲ, ਵਾਰਿਸ ਸ਼ਾਹ, ਹਾਸ਼ਮ, ਫ਼ਜ਼ਲ ਸ਼ਾਹ ਤੇ ਕਾਦਰਯਾਰ ਪੰਜਾਬੀ ਵਿਚ ਲਿਖਣ ਵਾਲੇ ਪ੍ਰਮੁੱਖ ਕਿੱਸਾਕਾਰ ਹਨ। ਇਹਨਾਂ ਵਿਚੋਂ ਕੁਝ ਪ੍ਰਮੁੱਖ ਕਿੱਸਾਕਾਰਾਂ ਦਾ ਵੇਰਵਾ ਹੇਠਾਂ ਦਰਜ ਕੀਤਾ ਗਿਆ ਹੈ:

**ਦਮੋਦਰ:-** ਦਮੋਦਰ ਨੇ ਸਭ ਤੋਂ ਪਹਿਲਾਂ 'ਹੀਰ-ਰਾਂਝਾ' ਕਿੱਸੇ ਦੀ ਰਚਨਾ ਕੀਤੀ। ਇਹ ਕਿੱਸਾ ਦਵੱਈਆ ਛੰਦ ਵਿਚ ਲਿਖਿਆ ਗਿਆ ਹੈ। ਇਸ ਕਿੱਸੇ ਦੇ ਅੰਦਰੂਨੀ ਹਵਾਲਿਆਂ ਤੋਂ ਪਤਾ ਲੱਗਦਾ ਹੈ ਕਿ ਦਮੋਦਰ ਜਾਤ ਦਾ ਗੁਲਾਟੀ ਅਰੋੜਾ ਸੀ, ਜਿਸ ਨੂੰ ਹੀਰ ਦੇ ਪਿਓ ਚੂਚਕ ਨੇ ਝੰਗ ਸਿਆਲ ਵਿਚ ਹੱਟੀ ਖੋਲ੍ਹ ਕੇ ਦਿੱਤੀ ਸੀ। ਦਮੋਦਰ ਆਪਣੇ ਇਸ ਕਿੱਸੇ ਵਿਚ ਖ਼ੁਦ ਨੂੰ ਅਕਬਰ ਦਾ ਸਮਕਾਲੀ ਦੱਸਦਾ ਹੈ ਅਤੇ ਦਾਅਵਾ ਕਰਦਾ ਹੈ ਕਿ ਉਸਨੇ ਹੀਰ ਰਾਂਝੇ ਨੂੰ ਆਪਣੀਆਂ ਅੱਖਾਂ ਨਾਲ ਦੇਖਿਆ ਹੈ। ਪਰੰਤੂ ਬਹੁਤੇ ਵਿਦਵਾਨ ਦਮੋਦਰ ਦੇ ਇਸ ਦਾਅਵੇ ਨੂੰ ਸੱਚ ਨਾ ਮੰਨਕੇ ਇਕ ਕਾਵਿ ਜੁਗਤ ਮੰਨਦੇ ਹਨ। ਦਮੋਦਰ ਨੇ ਹੀਰ ਰਾਂਝੇ ਦੇ ਕਿੱਸੇ ਨੂੰ ਦਵੱਈਆ ਛੰਦ ਵਿਚ ਲਿਖਿਆ ਹੈ। ਉਸਦੀ ਬੋਲੀ ਲਹਿੰਦੀ ਪੰਜਾਬੀ ਹੈ। ਇਸ ਵਿਚ ਕਈ ਫ਼ਾਰਸੀ ਸ਼ਬਦਾ ਦੀ ਵਰਤੋਂ ਕੀਤੀ ਗਈ ਹੈ। ਕਹਾਣੀ ਦੀਆਂ ਘਟਨਾਵਾਂ ਦਾ ਬਿਆਨ ਦਮੋਦਰ ਨੇ ਬੜੀ ਬਾਰੀਕੀ ਨਾਲ ਕੀਤਾ ਹੈ। ਉਸਨੇ ਇਸ ਕਹਾਣੀ ਦੇ ਸਾਰੇ ਪਾਤਰਾਂ ਦੇ ਮਨੋਵਿਗਿਆਨ ਨੂੰ ਸਮਝ ਕੇ ਹੀ ਇਸ ਕਿੱਸੇ ਦੀ ਰਚਨਾ ਕੀਤੀ ਹੈ। ਇਸ ਕਿੱਸੇ ਵਿਚੋਂ ਸੋਲਵੀਂ ਸਦੀ ਦੇ ਪੰਜਾਬ ਦੇ ਸਭਿਆਚਾਰ ਦੀ ਤਸਵੀਰ ਪੇਸ਼ ਹੁੰਦੀ ਹੈ।

**ਪੀਲੂ:-** ਪੰਜਾਬੀ ਵਿਚ ਮਿਰਜ਼ਾ-ਸਾਹਿਬਾਂ ਦੀ ਕਹਾਣੀ ਲਿਖਣ ਵਾਲਾ ਪਹਿਲਾ ਕਿੱਸਾਕਾਰ ਪੀਲੂ ਹੈ। ਇਸ ਕਿੱਸੇ ਦਾ ਪਹਿਲਾ ਲਿਖਤੀ ਉਤਾਰਾ ਅੰਗਰੇਜ਼ ਵਿਦਵਾਨ ਸਫਿਨਸਟਨ ਨੇ ਆਪਣੀ ਪੁਸਤਕ 'ਰੋਮਾਂਟਿਕ ਟੇਲਜ਼ ਆਫ਼ ਪੰਜਾਬ' ਵਿਚ ਪ੍ਰਕਾਸ਼ਿਤ ਕੀਤਾ। ਡਾ. ਜੀਤ ਸਿੰਘ ਸੀਤਲ ਅਨੁਸਾਰ ਪੀਲੂ ਮੁਸਲਮਾਨ ਜੱਟ ਸੀ ਜਿਸਦਾ ਜਨਮ ਪਿੰਡ ਵੈਰੋਂਵਾਲ, ਤਹਿਸੀਲ ਤਰਨਤਾਰਨ, ਜ਼ਿਲ੍ਹਾ ਅਮ੍ਰਿਤਸਰ ਵਿਚ ਹੋਇਆ। ਪੀਲੂ ਰਚਿਤ ਕਿੱਸਾ 'ਮਿਰਜ਼ਾ ਸਾਹਿਬਾਂ' ਜਗੀਰਦਾਰੀ ਨਿਜ਼ਾਮ ਅੰਦਰ ਪ੍ਰਚਲਿਤ ਮਰਦ ਪ੍ਰਧਾਨ ਸਮਾਜ ਵਿਚ ਔਰਤ ਦੀ ਸਥਿਤੀ ਨੂੰ ਪੇਸ਼ ਕਰਦਾ ਹੈ। ਆਪਣੇ ਇਸ਼ਕ ਅਤੇ ਭਰਾਵਾਂ ਵਿਚਕਾਰ ਵੰਡੀ ਸਾਹਿਬਾਂ ਦੇ ਦੁਖਾਂਤ ਨੂੰ ਪੀਲੂ ਵੀ ਮਰਦਾਵੇਂ ਨਜ਼ਰੀਏ ਤੋਂ ਹੀ ਪੇਸ਼ ਕਰਦਾ ਹੈ। ਇਹ ਕਿੱਸਾ 'ਸੱਦ' ਵਿਚ ਲਿਖਿਆ ਗਿਆ ਹੈ, ਜਿਸਨੂੰ ਹੇਕ ਨਾਲ ਗਾਇਆ ਜਾਂਦਾ ਹੈ। ਇਸਦਾ ਉੱਚੀ ਹੇਕ ਵਿਚ ਗਾਇਆ ਜਾਣਾ ਵੀ ਇਸ ਕਿੱਸੇ ਨੂੰ ਹਰਮਨ ਪਿਆਰਾ ਬਣਾਉਂਦਾ ਹੈ।

**ਵਾਰਿਸ ਸ਼ਾਹ:-** ਵਾਰਿਸ ਸ਼ਾਹ ਪੰਜਾਬੀ ਦਾ ਸਭ ਤੋਂ ਪ੍ਰਸਿੱਧ ਕਿੱਸਾਕਾਰ ਹੈ। ਉਸਦੇ ਕਿੱਸੇ 'ਹੀਰ ਰਾਂਝਾ' ਨੂੰ ਪੰਜਾਬੀ ਦੀ ਸ਼ਾਹਕਾਰ ਰਚਨਾ ਮੰਨਿਆਂ ਜਾਂਦਾ ਹੈ। ਹਲਾਂਕਿ ਪੰਜਾਬੀ ਦੇ ਤਕਰੀਬਨ ਸਾਰੇ ਕਿੱਸਾਕਾਰਾਂ ਨੇ ਹੀਰ-ਰਾਂਝੇ ਦਾ ਕਿੱਸਾ ਲਿਖਿਆ, ਪਰ ਜੋ ਸਫ਼ਲਤਾ ਤੇ ਪ੍ਰਸਿੱਧੀ ਵਾਰਿਸ ਸ਼ਾਹ ਨੂੰ ਮਿਲੀ ਉਹ ਕਿਸੇ ਹੋਰ ਨੂੰ ਨਸੀਬ ਨਹੀਂ ਹੋਈ। ਸਧਾਰਨ ਲੋਕਾਈ ਤੋਂ ਲੈ ਕੇ ਸਾਹਿਤ ਦੇ ਵਿਦਵਾਨਾਂ ਤੱਕ ਇਸ ਕਿੱਸੇ ਨੇ ਸਾਰੇ ਪੰਜਾਬੀਆਂ ਨੂੰ ਪ੍ਰਭਾਵਿਤ ਕੀਤਾ। ਇਹ ਕਿੱਸਾ ਸਿਰਫ਼ ਹੀਰ ਤੇ ਰਾਂਝੇ ਦੀ ਕਹਾਣੀ ਨੂੰ ਹੀ ਬਿਆਨ ਨਹੀਂ ਕਰਦਾ, ਬਲਕਿ ਅਠਾਰਵੀਂ ਸਦੀ ਦੇ ਪੰਜਾਬੀ ਸਭਿਆਚਾਰ ਦੀ ਤਸਵੀਰਕਸ਼ੀ ਵੀ ਕਰਦਾ ਹੈ। ਪੰਜਾਬ ਦੀਆ ਰਵਾਇਤਾਂ, ਰਸਮ-ਰਿਵਾਜ਼, ਮੇਲੇ, ਤਿਉਹਾਰ, ਸਾਕਾਚਾਰੀ, ਰਿਸ਼ਤਾ-ਨਾਤਾ ਪ੍ਰਬੰਧ ਅਤੇ ਉਸ ਸਮੇਂ ਦੀ ਲੋਕ ਮਾਨਸਿਕਤਾ ਨੂੰ ਸਮਝਣ ਲਈ ਇਹ ਰਚਨਾ ਇਕ ਮਹੱਤਵਪੂਰਨ ਸ੍ਰੋਤ ਹੈ। ਇਸੇ ਲਈ ਪ੍ਰਸਿੱਧ ਇਤਿਹਾਸਕਾਰ ਪ੍ਰੋ. ਈਸ਼ਵਰ ਦਿਆਲ ਗੌੜ ਇਸ ਰਚਨਾ ਨੂੰ ਅਠਾਰਵੀਂ ਸਦੀ ਦੇ ਪੰਜਾਬ ਦਾ ਲੋਕ-ਆਰਕਾਇਵ ਕਹਿੰਦਾ ਹੈ।

**ਹਾਸ਼ਮ ਸ਼ਾਹ:-** ਹਾਸ਼ਮ ਸ਼ਾਹ, ਸਿੱਖ ਰਾਜ ਸਮੇਂ ਦਾ ਪ੍ਰਮੁੱਖ ਕਿੱਸਾਕਾਰ ਹੈ। ਕੁਝ ਵਿਦਵਾਨ ਹਾਸ਼ਮ ਨੂੰ ਮਹਾਰਾਜਾ ਰਣਜੀਤ ਸਿੰਘ ਦਾ ਦਰਬਾਰੀ ਕਵੀ ਵੀ ਮੰਨਦੇ ਹਨ, ਪਰ ਇਸ ਸਬੰਧੀ ਕੋਈ ਖਾਸ ਪ੍ਰਮਾਣ ਨਹੀਂ ਮਿਲਦੇ। ਹਾਸ਼ਮ ਨੇ ਹੀਰ ਰਾਂਝਾ, ਸੋਹਣੀ ਮਹੀਂਵਾਲ ਤੇ ਸ਼ੀਰੀਂ ਫਰਿਹਾਦ ਜਿਹੇ ਕਿੱਸਿਆਂ ਦੀ ਰਚਨਾ ਕੀਤੀ, ਪਰ ਉਸਨੂੰ ਪ੍ਰਸਿੱਧੀ ਸੱਸੀ ਪੁੰਨੂ ਦੇ ਕਿੱਸੇ ਕਾਰਨ ਮਿਲੀ। ਦਵੱਈਆ ਛੰਦ ਵਿਚ ਲਿਖਿਆ ਇਹ ਕਿੱਸਾ ਬੜੇ ਕਰੁਣਾਮਈ ਢੰਗ ਨਾਲ ਸੱਸੀ ਪੁੰਨੂ ਦੀ ਕਥਾ ਨੂੰ ਬਿਆਨ ਕਰਦਾ ਹੈ। ਇਸ ਕਿੱਸੇ ਬਾਰੇ ਬਾਵਾ ਬੁੱਧ ਸਿੰਘ ਲਿਖਦਾ ਹੈ ਕਿ ਹਾਸ਼ਮ ਨੇ ਸੱਸੀ ਕਾਹਦੀ ਲਿਖੀ, ਘਰ-ਘਰ ਬਿਰਹੋਂ ਦੀ ਚੁਆਤੀ ਲਾ ਦਿੱਤੀ। ਕਿੱਸਿਆਂ ਤੋਂ ਬਿਨਾਂ ਹਾਸ਼ਮ ਦੇ ਲਿਖੇ ਦੋਹੜੇ ਤੇ ਡਿਉਢਾਂ ਵੀ ਬੜੇ ਮਕਬੂਲ ਹਨ।

**ਅਭਿਆਸ ਚੌਥਾ**

ਪ੍ਰਸ਼ਨ 1. ਕਿੱਸਾ ਸ਼ਬਦ ਦੀ ਪਰਿਭਾਸ਼ਾ ਨਿਰਧਾਰਿਤ ਕਰੋ।

ਉੱਤਰ ..........................................................................................

..........................................................................................

..........................................................................................

..........................................................................................

ਪ੍ਰਸ਼ਨ 2. ਪੰਜਾਬੀ ਦੇ ਪ੍ਰਮੁੱਖ ਕਿੱਸਾਕਾਰਾਂ ਕਿਹੜੇ ਹਨ?

ਉੱਤਰ ..........................................................................................

..........................................................................................

..........................................................................................

..........................................................................................

ਪ੍ਰਸ਼ਨ 3. ਪੰਜਾਬੀ ਕਿੱਸਾ ਕਾਵਿ ਪਰੰਪਰਾ ਬਾਰੇ ਜਾਣਕਾਰੀ ਸਾਂਝੀ ਕਰੋ।

ਉੱਤਰ ..........................................................................................

..........................................................................................

..........................................................................................

..........................................................................................

..........................................................................................

..........................................................................................

..........................................................................................

..........................................................................................

## 5.5.4 ਬੀਰ ਕਾਵਿ ਧਾਰਾ

ਬੀਰ ਕਾਵਿ ਨੂੰ ਦੋ ਹਿੱਸਿਆਂ ਵਿਚ ਵੰਡਿਆ ਜਾ ਸਕਦਾ ਹੈ- ਵਾਰਾਂ ਤੇ ਜੰਗਨਾਮੇ। ਮੱਧਕਾਲ ਵਿਚ ਵਿਕਸਤ ਹੋਏ ਵਾਰ ਕਾਵਿ ਵਿਚ ਗੁਰੂ ਗੋਬਿੰਦ ਸਿੰਘ ਰਚਿਤ 'ਚੰਡੀ ਦੀ ਵਾਰ', ਨਜਾਬਤ ਰਚਿਤ 'ਨਾਦਰਸ਼ਾਹ ਦੀ ਵਾਰ' ਅਤੇ ਪੀਰ ਮੁਹੰਮਦ ਰਚਿਤ 'ਚੱਠਿਆਂ ਦੀ ਵਾਰ' ਵਿਸ਼ੇਸ਼ ਤੌਰ 'ਤੇ ਗੌਲਣਯੋਗ ਹਨ। ਇਸੇ ਤਰ੍ਹਾਂ ਸ਼ਾਹ ਮੁਹੰਮਦ ਰਚਿਤ 'ਜੰਗਨਾਮਾਂ ਸਿੰਘਾਂ ਤੇ ਫਰੰਗੀਆਂ' ਪੰਜਾਬੀ ਜੰਗਨਾਮਾ ਸਾਹਿਤ ਦੀ ਸਭ ਤੋਂ ਪ੍ਰਸਿੱਧ ਰਚਨਾ ਹੈ। ਇਸ ਜੰਗਨਾਮੇ ਵਿਚ ਸ਼ਾਹ ਮੁਹੰਮਦ ਨੇ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਅੰਗਰੇਜ਼ਾਂ ਅਤੇ

ਸਿੰਘ ਫ਼ੌਜ ਵਿਚਕਾਰ ਲੜੀਆਂ ਗਈਆਂ ਦੋ ਲੜਾਈਆਂ ਦਾ ਦਿਲ ਖਿੱਚਵਾਂ ਵਰਨਣ ਕੀਤਾ ਹੈ। ਕੁਝ ਪ੍ਰਮੁੱਖ ਵਾਰਾਂ ਤੇ ਜੰਗਨਾਮਿਆਂ ਦਾ ਵੇਰਵਾ ਹੇਠਾਂ ਦਰਜ ਕੀਤਾ ਗਿਆ ਹੈ:

**ਚੰਡੀ ਦੀ ਵਾਰ:-** ਗੁਰੂ ਗੋਬਿੰਦ ਸਿੰਘ ਰਚਿਤ ਇਸ ਵਾਰ ਨੂੰ ਵਾਰ ਦੁਰਗਾ ਜਾਂ ਵਾਰ ਸ਼੍ਰੀ ਭਗਉਤੀ ਜੀ ਵੀ ਕਿਹਾ ਜਾਂਦਾ ਹੈ। ਇਸਦੀ ਕਥਾ ਪੁਰਾਤਨ ਸੰਸਕ੍ਰਿਤ ਗ੍ਰੰਥ ਮਾਰਕੰਡੇ ਪੁਰਾਣ ਵਿਚੋਂ ਲਈ ਗਈ ਹੈ। ਇਸ ਵਾਰ ਵਿਚ ਗੁਰੂ ਸਾਹਿਬ ਨੇ ਦੇਵੀ ਦੁਰਗਾ ਦੇ ਦੈਂਤਾਂ ਨਾਲ ਹੋਏ ਯੁੱਧ ਦਾ ਵਰਨਣ ਕੀਤਾ ਹੈ। ਦੈਂਤਾਂ ਤੋਂ ਹਾਰ ਕੇ ਦੇਵਤਿਆਂ ਦਾ ਰਾਜਾ ਇੰਦਰ, ਦੇਵੀ ਦੁਰਗਾ ਦੀ ਸ਼ਰਨ ਵਿਚ ਜਾਂਦਾ ਹੈ। ਦੇਵੀ ਦੁਰਗਾ ਬੜੀ ਬਹਾਦਰੀ ਨਾਲ ਦੈਂਤਾਂ ਨਾਲ ਯੁੱਧ ਲੜਦੀ ਹੈ ਅਤੇ ਜਿੱਤ ਹਾਸਲ ਕਰਦੀ ਹੈ। ਉਹ ਸ਼ੁੰਭ, ਨਿਸ਼ੁੰਭ ਤੇ ਮਹਿਖਾਸੁਰ ਜਿਹੇ ਦੈਤਾਂ ਨੂੰ ਮੌਤ ਦੇ ਘਾਟ ਉਤਾਰ ਕੇ ਇੰਦਰ ਨੂੰ ਉਸਦਾ ਰਾਜ ਵਾਪਸ ਕਰ ਦਿੰਦੀ ਹੈ। ਇਸ ਵਾਰ ਦਾ ਆਰੰਭ ਮੰਗਲਾਚਰਨ ਨਾਲ ਹੁੰਦਾ ਹੈ। ਇਹ ਵਾਰ ਪਉੜੀ ਛੰਦ ਵਿਚ ਰਚੀ ਗਈ ਹੈ ਅਤੇ ਬੀਰ ਰਸ ਨਾਲ ਭਰਪੂਰ ਹੈ।

**ਨਾਦਰ ਸ਼ਾਹ ਦੀ ਵਾਰ:-** ਇਸ ਵਾਰ ਨੂੰ ਨਜਾਬਤ ਨੇ ਲਿਖਿਆ ਹੈ। ਇਸ ਵਾਰ ਵਿਚ ਨਾਦਰ ਸ਼ਾਹ ਦੇ ਭਾਰਤ 'ਤੇ ਕੀਤੇ ਹਮਲੇ ਦਾ ਵਰਨਣ ਕੀਤਾ ਗਿਆ ਹੈ। ਚੰਡੀ ਦੀ ਵਾਰ ਵਾਂਗ ਇਹ ਵਾਰ ਵੀ ਬੀਰ ਰਸ ਨਾਲ ਭਰਪੂਰ ਹੈ, ਪਰ ਨਾਲ ਹੀ ਇਸ ਵਿਚ ਹਾਸਰਸ ਤੇ ਕਟਾਖਸ਼ ਵੀ ਹੈ। ਇਸ ਵਾਰ ਦੀ ਉਪਭਾਸ਼ਾ ਲਹਿੰਦੀ ਹੈ ਅਤੇ ਇਸ ਨੂੰ ਨਿਸ਼ਾਨੀ ਛੰਦ ਵਿਚ ਰਚਿਆ ਗਿਆ ਹੈ। ਇਸਦਾ ਆਰੰਭ ਕਲ ਤੇ ਨਾਰਦ ਦੇ ਝਗੜੇ ਤੋਂ ਹੁੰਦਾ ਹੈ। ਵਾਰ ਵਿਚ ਇਤਿਹਾਸਕ ਦਾ ਨਾਲ-ਨਾਲ ਕੁਝ ਮਿਥਿਹਾਸਕ ਪਾਤਰਾਂ ਦਾ ਵੀ ਹਵਾਲਾ ਮਿਲਦਾ ਹੈ।

**ਜੰਗਨਾਮਾ ਸਿੰਘਾਂ ਤੇ ਫਰੰਗੀਆਂ:-** ਜੰਗਨਾਮਾ ਸਿੰਘਾਂ ਤੇ ਫਰੰਗੀਆਂ, ਸ਼ਾਹ ਮੁਹੰਮਦ ਦੀ ਰਚਨਾ ਹੈ। ਸ਼ਾਹ ਮੁਹੰਮਦ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਦਾ ਸ਼ਾਇਰ ਸੀ। ਇਸ ਜੰਗਨਾਮੇ ਵਿਚ ਉਸਨੇ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਅੰਗਰੇਜ਼ਾਂ ਤੇ ਸਿੱਖਾਂ ਵਿਚਕਾਰ ਲੜੀਆਂ ਦੋ ਜੰਗਾਂ ਦਾ ਵਰਨਣ ਕੀਤਾ ਹੈ, ਜਿਸ ਕਰਕੇ ਇਸ ਜੰਗਨਾਮੇ ਨੂੰ ਇਤਿਹਾਸਕ ਪੱਖੋਂ ਵੀ ਕਾਫੀ ਅਹਿਮ ਮੰਨਿਆ ਜਾਂਦਾ ਹੈ। ਸਿੱਖਾਂ ਦੀ ਅੰਦਰੂਨੀ ਖਾਨਾਜੰਗੀ, ਡੋਗਰਿਆਂ ਦੀ ਗੱਦਾਰੀ ਤੇ ਹੋਰ ਤਤਕਾਲੀ ਕਾਰਨਾਂ ਕਰਕੇ ਕਿਵੇਂ ਸਿੱਖ ਰਾਜ ਖ਼ਤਮ ਹੋਇਆ, ਉਸ ਸਭ ਦਾ ਵਰਨਣ ਇਸ ਜੰਗਨਾਮੇ ਵਿਚ ਕੀਤਾ ਗਿਆ ਹੈ। ਬੈਂਤ ਛੰਦ ਵਿਚ ਲਿਖਿਆ ਹੋਣ ਕਰਕੇ ਵੀ ਇਹ ਜੰਗਨਾਮਾ ਕਾਫੀ ਮਕਬੂਲ ਹੋਇਆ।

**ਅਭਿਆਸ ਪੰਜਵਾਂ**

ਪ੍ਰਸ਼ਨ 1. ਬੀਰ ਕਾਵਿ ਨੂੰ ਕਿੰਨੇ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ?

ਉੱਤਰ ..............................................................................

..............................................................................

..............................................................................

..............................................................................

ਪ੍ਰਸ਼ਨ 2. ਸ਼ਾਹ ਮੁਹੰਮਦ ਦੇ ਜੀਵਨ ਤੇ ਰਚਨਾ ਬਾਰੇ ਜਾਣਕਾਰੀ ਦਿਓ।

ਉੱਤਰ ..............................................................................

..............................................................................

..............................................................................

..............................................................................

ਪ੍ਰਸ਼ਨ 3. ਪ੍ਰਮੁੱਖ ਵਾਰਾਂ ਤੇ ਜੰਗਨਾਮਿਆਂ ਬਾਰੇ ਵਿਸਤ੍ਰਿਤ ਨੋਟ ਲਿਖੋ।

ਉੱਤਰ ..............................................................................

..............................................................................

..............................................................................

..............................................................................

..............................................................................

..............................................................................

..............................................................................

..............................................................................

ignou THE PEOPLE'S UNIVERSITY

### 5.5.5 ਮੱਧਕਾਲੀ ਪੰਜਾਬੀ ਵਾਰਤਕ

ਡਾ. ਤਰਲੋਕ ਸਿੰਘ ਬੇਦੀ ਤੇਰਵੀਂ ਸਦੀ ਵਿਚ ਲਿਖੀ ਰਚਨਾ 'ਇਕਾਦਸ਼ੀ ਮਹਾਤਮ' ਨੂੰ ਪੰਜਾਬੀ ਵਾਰਤਕ ਦੀ ਸਭ ਤੋਂ ਪਹਿਲੀ ਰਚਨਾ ਮੰਨਦੇ ਹਨ, ਪਰੰਤੂ ਵਧੇਰੇ ਵਿਦਵਾਨ ਇਸ ਮਤ ਨਾਲ ਸਹਿਮਤ ਨਹੀਂ ਹਨ। ਪੰਜਾਬੀ ਸਾਹਿਤ ਦੇ ਇਤਿਹਾਸ ਨਾਲ ਸੰਬੰਧਤ ਵਿਦਵਾਨਾਂ ਦੀ ਬਹੁਗਿਣਤੀ ਪੁਰਾਤਨ ਜਨਮ ਸਾਖੀ ਨੂੰ ਸਭ ਤੋਂ ਪਹਿਲੀ ਪੰਜਾਬੀ ਵਾਰਤਕ ਰਚਨਾ ਸਵੀਕਾਰ ਕਰਦੀ ਹੈ। ਇਹ ਰਚਨਾ ਸੋਲਵੀਂ ਸਦੀ ਵਿਚ ਲਿਖੀ ਗਈ, ਜਿਸ ਕਾਰਨ ਪੰਜਾਬੀ ਵਾਰਤਕ ਦਾ ਆਰੰਭ ਵੀ ਸੋਲਵੀਂ ਸਦੀ ਵਿਚ ਹੋਇਆ ਮੰਨਿਆ ਜਾਂਦਾ ਹੈ। ਸੋਲਵੀਂ ਤੋਂ ਅਠਾਰਵੀਂ ਸਦੀ ਤੱਕ ਉਪਲਬਧ ਮੱਧਕਾਲੀ ਪੰਜਾਬੀ ਵਾਰਤਕ ਸਾਹਿਤ ਦੀਆਂ ਕੁਝ ਪ੍ਰਮੁੱਖ ਵਨੰਗੀਆਂ ਹਨ- ਸਾਖੀਆਂ, ਜਨਮਸਾਖੀਆਂ, ਗੋਸਿਟ, ਟੀਕੇ ਜਾਂ ਪਰਮਾਰਥ, ਬਚਨ, ਹੁਕਮਨਾਮੇ, ਰਹਿਤਨਾਮੇ, ਅਨੁਵਾਦ ਆਦਿ। ਇਸ ਦੌਰ ਦੀ ਵਾਰਤਕ ਬੋਲਚਾਲ ਦੀ ਭਾਸ਼ਾ ਦੇ ਵਧੇਰੇ ਨੇੜੇ ਹੈ। ਇਸਦੀ ਸ਼ਬਦਾਵਲੀ ਉਸ ਸਮੇਂ ਦੀ ਲੋਕ ਭਾਸ਼ਾ ਵਿਚੋਂ ਲਈ ਗਈ ਹੈ। ਵਿਆਕਰਨਕ ਬਣਤਰ ਅਤੇ ਵਾਕ ਰਚਨਾ ਦੇ ਪ੍ਰਸੰਗ ਇਸ 'ਤੇ ਫ਼ਾਰਸੀ ਤੇ ਬ੍ਰਿਜ ਭਾਸ਼ਾਵਾਂ ਦਾ ਪ੍ਰਭਾਵ ਹੈ। ਮੱਧਕਾਲੀ ਪੰਜਾਬੀ ਵਾਰਤਕ ਦੇ ਕੁਝ ਸਾਹਿਤਕ ਰੂਪਾਕਾਰਾਂ ਦਾ ਵੇਰਵਾ ਹੇਠਾਂ ਦਰਜ ਕੀਤਾ ਗਿਆ ਹੈ:

**ਜਨਮਸਾਖੀ ਤੇ ਸਾਖੀ ਪਰੰਪਰਾ:-** ਸਾਖੀ ਸ਼ਬਦ ਸੰਸਕ੍ਰਿਤ ਭਾਸ਼ਾ ਦੇ ਸਾਖਸ਼ੀ ਦਾ ਰੂਪਾਂਤਰਿਤ ਰੂਪ ਹੈ; ਜਿਸਦੇ ਅਰਥ ਹਨ ਗਵਾਹੀ। ਪੰਜਾਬੀ ਸਾਹਿਤ ਵਿਚ ਪ੍ਰਚਲਿਤ ਸਾਖੀ ਸਾਹਿਤ ਮਹਾਂਪੁਰਖਾਂ ਦੇ ਜੀਵਨ ਬਿਰਤਾਂਤ ਨਾਲ ਜੁੜਿਆ ਹੈ, ਜਦਕਿ ਗੁਰੁ ਨਾਨਕ ਦੇਵ ਜੀ ਦੇ ਜੀਵਨ ਬਾਰੇ ਮਿਲਦੀਆਂ ਸਾਖੀਆਂ ਨੂੰ ਜਨਮਸਾਖੀ ਕਹਿ ਦਿੱਤਾ ਜਾਂਦਾ ਹੈ। ਗੁਰੂ ਸਾਹਿਬ ਦੇ ਜੀਵਨ ਨਾਲ ਸਬੰਧਤ ਚਾਰ ਜਨਮਸਾਖੀਆਂ ਵਧੇਰੇ ਪ੍ਰਸਿੱਧ ਹਨ- ਪੁਰਾਤਨ ਜਨਮਸਾਖੀ, ਮਿਹਰਬਾਨ ਵਾਲੀ ਜਨਮਸਾਖੀ, ਭਾਈ ਬਾਲੇ ਵਾਲੀ ਜਨਮਸਾਖੀ ਅਤੇ ਗਿਆਨ ਰਤਨਾਵਲੀ। ਇਹਨਾਂ ਵਿਚੋਂ ਪੁਰਾਤਨ ਜਨਮਸਾਖੀ ਨੂੰ ਸਭ ਤੋਂ ਪਹਿਲੀ ਜਨਮਸਾਖੀ ਮੰਨਿਆ ਜਾਂਦਾ ਹੈ। ਇਹਨਾਂ ਤੋਂ ਇਲਾਵਾ ਸਿੱਖਾਂ ਦੀ ਭਗਤਮਾਲਾ, ਸਾਖੀ ਪਾਤਸ਼ਾਹੀ ਦਸਵੀਂ ਕੀ, ਪਰਚੀ ਭਾਈ ਕਨ੍ਹਈਆ ਜੀ, ਸਾਖੀਆਂ ਭਾਈ ਅੱਡਣ ਸ਼ਾਹ ਇਸ ਦੌਰ ਦਾ ਪ੍ਰਮੁੱਖ ਸਾਖੀ ਸਾਹਿਤ ਹੈ।

**ਗੋਸਟਿ**:- ਦੋ ਮਹਾਂਪੁਰਖਾ ਵਿਚਕਾਰ ਹੋਣ ਵਾਲੇ ਸੰਵਾਦ ਜਾਂ ਚਰਚਾ ਨੂੰ ਗੋਸਟਿ ਕਿਹਾ ਜਾਂਦਾ ਹੈ। ਇਹ ਦਾਰਸ਼ਨਿਕ ਕਿਸਮ ਦੀ ਰਚਨਾ ਹੈ, ਜਿਸ ਵਿਚ ਵਿਦਵਾਨ ਕਿਸੇ ਅਧਿਆਤਮਕ ਨੁਕਤੇ ਬਾਰੇ ਗੱਲਬਾਤ ਕਰਕੇ ਉਸ ਰਚਨਾ ਦੀ ਵਿਆਖਿਆ ਕਰਦੇ ਹਨ। ਗੁਰੂ ਨਾਨਕ ਦੇਵ ਜੀ ਰਚਿਤ ਸਿੱਧ ਗੋਸਟਿ ਕਾਵਿ ਰਚਨਾ ਹੈ, ਪਰੰਤੂ ਵਾਰਤਕ ਵਿਚ ਕਈ ਵੀ ਗਗੋਸਟਿ ਰਚਨਾਵਾਂ ਮਿਲਦੀਆਂ ਹਨ। ਇਹਨਾਂ ਵਿਚੋਂ ਮੱਕੇ ਮਦੀਨੇ ਦੀ ਗੋਸਟਿ ਤੇ ਅਜਿੱਤੇ ਰੰਧਾਵੇ ਦੀ ਗੋਸਟਿ ਗੁਰੁ ਨਾਨਕ ਦੇਵ ਜੀ ਨਾਲ ਸਬੰਧਤ ਹਨ। ਇਹਨਾਂ ਤੋਂ ਇਲਾਵਾ ਪ੍ਰਾਣ ਸੰਗਲੀ ਨਾਂ ਦੇ ਗ੍ਰੰਥ ਵਿਚ ਵੀ ਕਈ ਗੋਸਟਿ ਰਚਨਾਵਾਂ ਦਰਜ ਹਨ।

**ਟੀਕਾ/ਪਰਮਾਰਥ:-** ਕਿਸੇ ਅਧਿਆਤਮਕ ਕਾਵਿ ਰਚਨਾ ਦੇ ਸੌਖੇ ਸ਼ਬਦਾਂ ਵਿਚ ਕੀਤੇ ਅਰਥਾਂ ਨੂੰ ਟੀਕਾ ਕਿਹਾ ਜਾਂਦਾ ਹੈ। ਇਸ ਸਾਹਿਤ ਰੂਪ ਲਈ ਪਰਮਾਰਥ ਸ਼ਬਦ ਵੀ ਵਰਤੋਂ ਕੀਤੀ ਜਾਂਦੀ ਹੈ। ਸ਼ਰਧਾਲੂਆਂ ਦੀ ਸੌਖ ਲਈ ਵਿਦਵਾਨਾਂ ਨੇ ਵੱਖ-ਵੱਖ ਬਾਣੀਆਂ ਦੇ ਟੀਕੇ ਕੀਤੇ ਹਨ। ਖਾਸ ਕਰਕੇ ਜਪੁਜੀ ਦੇ ਕਈ ਟੀਕੇ ਮਿਲਦੇ ਹਨ। ਇਹਨਾਂ ਵਿਚੋਂ ਸੋਢੀ ਮਿਹਰਬਾਨ ਵਾਲੇ ਟੀਕੇ ਨੂੰ ਸਭ ਤੋਂ ਪੁਰਾਤਨ ਟੀਕਾ ਮੰਨਿਆ ਜਾਂਦਾ ਹੈ।

**ਹੁਕਮਨਾਮਾ/ਰਹਿਤਨਾਮਾ**:- ਫਾਰਸੀ ਜ਼ੁਬਾਨ ਵਿਚ ਚਿੱਠੀ ਨੂੰ ਨਾਮਾ ਕਿਹਾ ਜਾਂਦਾ ਹੈ। ਮੱਧਕਾਲੀ ਪੰਜਾਬੀ ਵਾਰਤਕ ਵਿਚ ਇਸ ਸ਼ਬਦ ਨਾਲ ਜੁੜੇ ਦੋ ਸਾਹਿਤ ਰੂਪ ਮਿਲਦੇ ਹਨ- ਹੁਕਮਨਾਮਾ ਤੇ ਰਹਿਤਨਾਮਾ। ਇਹਨਾਂ ਵਿਚੋਂ ਹੁਕਮਨਾਮਾ ਗੁਰੂ ਸਾਹਿਬਾਨ ਦੇ ਸੰਗਤ ਨੂੰ ਲਿਖੇ ਖ਼ਤ ਹਨ। ਇਹ ਗੁਰੂ ਸਾਹਿਬਾਨ ਵੱਲੋਂ ਸੰਗਤ ਨੂੰ ਆਪਣੇ ਦਸਤਖ਼ਤਾਂ ਨਾਲ ਜਾਰੀ ਕੀਤੇ ਆਦੇਸ਼ ਹਨ। ਗੁਰੂ ਹਰਗੋਬਿੰਦ ਜੀ, ਗੁਰੂ ਗੋਬਿੰਦ ਸਿੰਘ ਜੀ, ਮਾਤਾ ਸੁੰਦਰੀ ਜੀ ਤੇ ਬਾਬਾ ਬੰਦਾ ਸਿੰਘ ਬਹਾਦਰ ਦੇ ਹੁਕਮਨਾਮੇ ਪ੍ਰਸਿੱਧ ਹਨ। ਰਹਿਤਨਾਮੇ ਤੋਂ ਭਾਵ ਹੈ- ਜੀਵਨ ਜਾਚ। ਇਹ ਇਕ ਕਿਸਮ ਦੀ ਅਚਾਰ ਸੰਹਿਤਾ ਹੈ, ਜਿਸ ਵਿਚ ਦੱਸਿਆ ਗਿਆ ਹੁੰਦਾ ਹੈ ਕਿ ਇਕ ਸਿੱਖ ਨੂੰ ਆਪਣਾ ਨਿੱਤ ਦਿਨ ਦਾ ਜੀਵਨ ਕਿਵੇਂ ਬਤੀਤ ਕਰਨਾ ਚਾਹੀਦਾ ਹੈ। ਭਾਈ ਕਾਨ੍ਹ ਸਿੰਘ ਨਾਭਾ ਨੇ 28 ਸਿੱਖ ਰਹਿਤਨਾਮਿਆਂ ਦਾ ਜ਼ਿਕਰ ਕੀਤਾ ਹੈ। ਇਹਨਾਂ ਵਿਚੋਂ ਭਾਈ ਨੰਦ ਲਾਲ ਦਾ ਰਹਿਤਨਾਮਾ, ਭਾਈ ਚੌਪਾ ਸਿੰਘ ਦਾ ਰਹਿਤਨਾਮਾ, ਭਾਈ ਦਯਾ ਸਿੰਘ ਦਾ ਰਹਿਤਨਾਮਾ ਤੇ ਪ੍ਰੇਮ ਸੁਮਾਰਗ ਗ੍ਰੰਥ ਪ੍ਰਮੁੱਖ ਹਨ।

ਉਪਰੋਕਤ ਚਰਚਾ ਦੇ ਆਧਾਰ 'ਤੇ ਅਸੀਂ ਕਹਿ ਸਕਦੇ ਹਾਂ ਕਿ ਮੱਧਕਾਲੀ ਸਾਹਿਤ ਪੰਜਾਬੀ ਸਾਹਿਤ ਦਾ ਮੁਢਲਾ ਪੜਾਅ ਨੌਵੀਂ-ਦਸਵੀਂ ਸਦੀ ਦਾ ਸਮਾਂ ਹੈ। ਇਸ ਦੌਰ ਵਿਚ ਰਚੇ ਨਾਥ ਜੋਗੀਆਂ ਦੇ ਸਾਹਿਤ ਵਿਚ ਪੰਜਾਬੀ ਭਾਸ਼ਾ ਆਪਣਾ ਸਰੂਪ ਗ੍ਰਹਿਣ ਕਰਦੀ ਹੈ। ਸ਼ੇਖ ਫਰੀਦ ਦੀ ਰਚਨਾ ਨਾਲ ਪੰਜਾਬੀ ਭਾਸ਼ਾ ਇਕ ਸੁਤੰਤਰ ਜ਼ੁਬਾਨ ਵਜੋਂ ਵਿਕਸਤ ਪੜਾਅ 'ਤੇ ਪਹੁੰਚਦੀ ਹੈ। ਪੰਦਰਵੀਂ ਸਦੀ ਤੋਂ ਉਨੀਵੀਂ ਸਦੀ ਤੱਕ ਪੰਜਾਬੀ ਸਾਹਿਤ ਵਿਚ ਕਈ ਕਾਵਿ ਧਾਰਾਵਾਂ ਨਿਰੰਤਰ ਪ੍ਰਵਾਹ ਵਿਚ ਦੇਖੀਆਂ ਜਾ ਸਕਦੀਆਂ ਹਨ। ਗੁਰਮਤਿ, ਸੂਫ਼ੀ, ਕਿੱਸਾ ਤੇ ਬੀਰ ਰਸੀ ਕਾਵਿ ਧਾਰਾਵਾਂ ਇਸ ਦੌਰ ਦੀ ਪ੍ਰਤਿਨਿਧਤਾ ਕਰਦੀਆਂ ਹਨ। ਇਹਨਾਂ ਤੋਂ ਇਲਾਵਾ ਪੰਜਾਬੀ ਭਾਸ਼ਾ ਵਿਚ ਵਾਰਤਕ ਸਾਹਿਤ ਵੀ ਲਿਖਿਆ ਮਿਲਦਾ ਹੈ। ਇਸ ਦੌਰ ਦੇ ਸਾਹਿਤ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਇਸਦਾ ਮਾਨਵਵਾਦੀ ਚਰਿੱਤਰ ਹੈ। ਪੰਜਾਬੀ ਮੱਧਕਾਲੀ ਸਾਹਿਤ ਕਿਸੇ ਫਿਰਕੇ ਵਿਸ਼ੇਸ਼ ਦਾ ਪਿੱਛਲੱਗ ਬਣਨ ਦੀ ਥਾਂ ਉੱਚ ਕਦਰਾਂ-ਕੀਮਤਾਂ ਤੇ ਮਾਨਵੀ ਮੂਲਾਂ ਨੂੰ ਸਥਾਪਤ ਕਰਨ ਵਿਚ ਅਹਿਮ ਭੂਮਿਕਾ ਨਿਭਉਂਦਾ ਹੈ। ਲੋਕ ਕਲਿਆਣ ਅਤੇ ਇਕ ਆਦਰਸ਼ਕ ਮਨੁੱਖ ਦੀ ਸਿਰਜਣਾ ਇਸ ਸਾਹਿਤ ਦਾ ਪ੍ਰਮੁੱਖ ਉਦੇਸ਼ ਹੈ।

**ਅਭਿਆਸ ਛੇਵਾਂ**

ਪ੍ਰਸ਼ਨ 1. ਜਨਮਸਾਖੀ ਤੋਂ ਕੀ ਭਾਵ ਹੈ?

ਉੱਤਰ ..........................................................................................

..........................................................................................

..........................................................................................................................

..........................................................................................................................

ਪ੍ਰਸ਼ਨ 2. ਹੁਕਮਨਾਮਾ ਸਾਹਿਤ ਨੂੰ ਪਰਿਭਾਸ਼ਤ ਕਰੋ।

ਉੱਤਰ ..........................................................................................................................

..........................................................................................................................

..........................................................................................................................

..........................................................................................................................

ਪ੍ਰਸ਼ਨ 3. ਮੱਧਕਾਲੀ ਪੰਜਾਬੀ ਵਾਰਤਕ ਦੇ ਵੱਖ-ਵੱਖ ਰੂਪਾਕਾਰਾਂ ਤੋਂ ਜਾਣੂ ਕਰਵਾਓ।

ਉੱਤਰ ..........................................................................................................................

..........................................................................................................................

..........................................................................................................................

..........................................................................................................................

**ਪੁਸਤਕ ਸੂਚੀ**


1. ਡਾ. ਜਗਬੀਰ ਸਿੰਘ, ਗੁਰਮਤਿ ਕਾਵਿ ਦਾ ਇਤਿਹਾਸ, ਪੰਜਾਬੀ ਅਕੈਡਮੀ ਦਿੱਲੀ 2006
2. ਡਾ. ਗੁਰਦੇਵ ਸਿੰਘ, ਸੂਫੀ ਕਾਵਿ ਦਾ ਇਤਿਹਾਸ, ਪੰਜਾਬੀ ਅਕੈਡਮੀ ਦਿੱਲੀ 2006
3. ਡਾ. ਕੁਲਬੀਰ ਸਿੰਘ ਕਾਂਗ, ਕਿੱਸਾ ਕਾਵਿ ਦਾ ਇਤਿਹਾਸ, ਪੰਜਾਬੀ ਅਕੈਡਮੀ ਦਿੱਲੀ 2006
4. ਡਾ. ਕਰਨਜੀਤ ਸਿੰਘ, ਪੁਰਾਤਨ ਪੰਜਾਬੀ ਵਾਰਤਕ ਦਾ ਇਤਿਹਾਸ, ਪੰਜਾਬੀ ਅਕੈਡਮੀ ਦਿੱਲੀ 2006
5. ਡਾ. ਸੁਤਿੰਦਰ ਸਿੰਘ ਨੂਰ, ਪੰਜਾਬੀ ਬੀਰ ਕਾਵਿ ਦਾ ਇਤਿਹਾਸ, ਪੰਜਾਬੀ ਅਕੈਡਮੀ ਦਿੱਲੀ 2006
6. ਜੀਤ ਸਿੰਘ ਸ਼ੀਤਲ, ਪੰਜਾਬੀ ਸਾਹਿਤ ਦਾ ਆਲੋਚਨਾਤਮਕ ਇਤਿਹਾਸ, ਪੈਪਸੂ ਬੁਕ ਡਿੱਪੂ, 1976.
7 ਕਿਰਪਾਲ ਸਿੰਘ ਕਸੇਲ, ਗੋਬਿੰਦ ਸਿੰਘ, ਪਰਮਿੰਦਰ ਸਿੰਘ, ਪੰਜਾਬੀ ਸਾਹਿਤ ਦੀ ਉਤਪਤੀ ਤੇ ਵਿਕਾਸ, ਲਾਹੌਰ ਬੁੱਕ ਸ਼ਾਪ, ਲੁਧਿਆਣਾ,1974.
8. ਡਾ. ਜਸਵਿੰਦਰ ਸਿੰਘ ਢੀਂਡਸਾ, ਮਾਨ ਸਿੰਘ, ਪੰਜਾਬੀ ਸਾਹਿਤ ਦਾ ਇਤਿਹਾਸ (ਆਧੁਨਿਕ ਕਾਲ 1901-1995), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1998.
9. ਪਰਮਿੰਦਰ ਸਿੰਘ, ਪੰਜਾਬੀ ਸਾਹਿਤ ਦਾ ਇਤਿਹਾਸ (ਅਦਿ ਕਾਲ ਤੋਂ 1700 ਈ. ਤੱਕ), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1999.


ignou THE PEOPLE'S UNIVERSITY

# 6 ਆਧੁਨਿਕ ਪੰਜਾਬੀ ਸਾਹਿਤ ਦਾ ਇਤਿਹਾਸ

## ਪਾਠ ਦੀ ਰੂਪ ਰੇਖਾ

6.0 ਮਨੋਰਥ
6.1 ਭੂਮਿਕਾ
6.2 ਆਧੁਨਿਕ ਪੰਜਾਬੀ ਕਾਵਿ
- 6.2.1 ਰੁਮਾਂਟਿਕ-ਆਦਰਸ਼ਵਾਦੀ ਕਾਵਿ ਧਾਰਾ
- 6.2.2 ਪ੍ਰਗਤੀਵਾਦੀ ਕਾਵਿ ਧਾਰਾ
- 6.2.3 ਸੁਹਜਵਾਦੀ ਕਾਵਿ ਧਾਰਾ
- 6.2.4 ਪ੍ਰਯੋਗਸ਼ੀਲ ਕਾਵਿ ਧਾਰਾ
- 6.2.5 ਜੁਝਾਰਵਾਦੀ ਕਾਵਿ ਧਾਰਾ
- 6.2.6 ਪੰਜਾਬ ਸੰਕਟ ਦੀ ਕਵਿਤਾ
- 6.2.7 ਨਵੀਂ ਪੰਜਾਬੀ ਕਵਿਤਾ

6.3 ਆਧੁਨਿਕ ਪੰਜਾਬੀ ਗਲਪ
- 6.3.1 ਪੰਜਾਬੀ ਨਾਵਲ
- 6.3.2 ਪੰਜਾਬੀ ਕਹਾਣੀ

6.4 ਆਧੁਨਿਕ ਪੰਜਾਬੀ ਨਾਟਕ
- 6.4.1. ਮੁਢਲਾ ਪੰਜਾਬੀ ਨਾਟਕ

6.5 ਆਧੁਨਿਕ ਪੰਜਾਬੀ ਵਾਰਤਕ
- 6.5.1 ਨਿਬੰਧ
- 6.5.2 ਸਵੈਜੀਵਨੀ
- 6.5.3 ਰੇਖਾ ਚਿੱਤਰ
- 6.5.4 ਸਫ਼ਰਨਾਮਾ

## 6.0 ਮਨੋਰਥ

ਇਸ ਅਧਿਆਇ ਦਾ ਮੰਤਵ ਵਿਦਿਆਰਥੀਆਂ ਨੂੰ ਪੰਜਾਬੀ ਸਾਹਿਤ ਦੇ ਇਤਿਹਾਸ ਨਾਲ ਮੁਢਲੀ ਜਾਣ-ਪਛਾਣ ਕਰਵਾਉਣਾ ਹੈ। ਪੰਜਾਬੀ ਸਾਹਿਤ ਦੇ ਇਤਿਹਾਸ ਨੂੰ ਮੁੱਖ ਤੌਰ ’ਤੇ ਦੋ ਹਿੱਸਿਆਂ ਵਿਚ ਵੰਡਿਆ ਜਾਂਦਾ ਹੈ- ਮੱਧਕਾਲੀ ਪੰਜਾਬੀ ਸਾਹਿਤ ਅਤੇ ਆਧੁਨਿਕ ਪੰਜਾਬੀ ਸਾਹਿਤ। ਇਸ ਅਧਿਆਇ ਵਿਚ ਆਧੁਨਿਕ ਪੰਜਾਬੀ ਸਾਹਿਤ ਬਾਰੇ ਸੰਖੇਪ ਚਰਚਾ ਕੀਤੀ ਗਈ ਹੈ। ਆਧੁਨਿਕ ਪੰਜਾਬੀ ਸਾਹਿਤ ਵਿਚ ਪ੍ਰਚਲਿਤ ਸਾਹਿਤਕ ਧਾਰਾਵਾਂ ਅਤੇ ਵੱਖ-ਵੱਖ ਦੌਰਾਂ ਦੇ ਸਾਹਿਤਕਾਰਾਂ ਦੀਆਂ ਪ੍ਰਮੁੱਖ ਰਚਨਾਵਾਂ ਬਾਰੇ ਵੀ ਵਿਦਿਆਰਥੀ ਇਸ ਅਧਿਆਇ ਵਿਚ ਪੜਨਗੇ। ਇਸ ਅਧਿਆਇ ਨੂੰ ਪੜ੍ਹਨ ਤੋਂ ਬਾਅਦ ਵਿਦਿਆਰਥੀ ਆਧੁਨਿਕ ਪੰਜਾਬੀ ਸਾਹਿਤ ਬਾਰੇ ਮੁਢਲੀ ਵਾਕਫ਼ੀਅਤ ਹਾਸਲ ਕਰਨ ਦੇ ਸਮਰੱਥ ਬਨਣਗੇ, ਇਹੋ ਇਸ ਅਧਿਆਇ ਦਾ ਮਨੋਰਥ ਹੈ।

## 6.1 ਭੂਮਿਕਾ

1849 ਈ. ਵਿਚ ਖ਼ਾਲਸਾ ਰਾਜ ਦੇ ਅੰਤ ਤੋਂ ਬਾਅਦ ਪੰਜਾਬ, ਬਰਤਾਨਵੀ ਪ੍ਰਸ਼ਾਸਨ ਦਾ ਹਿੱਸਾ ਬਣ ਜਾਂਦਾ ਹੈ। ਰਾਜਨੀਤਕ ਤੌਰ ’ਤੇ ਅੰਗਰੇਜ਼ਾਂ ਵੱਲੋਂ ਪੰਜਾਬ ’ਤੇ ਕੀਤੇ ਇਸ ਕਬਜ਼ੇ ਦਾ ਅਸਰ ਪੰਜਾਬੀਆਂ ਦੇ ਸਮਾਜਕ ਤੇ ਸਭਿਆਚਾਰਕ ਜੀਵਨ ’ਤੇ ਵੀ ਪੈਂਦਾ ਹੈ। ਬਰਤਾਨਵੀ ਸਾਮਰਾਜ ਦੀ ਵਿਲੱਖਣਤਾ ਇਸ ਗੱਲ ਵਿਚ ਹੈ ਕਿ ਇਹ ਆਪਣੇ ਅਧੀਨ ਕੀਤੀਆਂ ਬਸਤੀਆਂ ਦੀ ਆਰਥਿਕਤਾ ਨੂੰ ਆਪਣੇ ਮੁਲਕ ਦੇ ਅਰਥਚਾਰੇ ਨਾਲ ਜੋੜਦਾ ਹੈ। ਪੰਜਾਬ ਵਿਚ ਵੀ ਅੰਗਰੇਜ਼ਾਂ ਦੇ ਕਬਜ਼ੇ ਤੋਂ ਬਾਅਦ ਅਰਥਿਕ ਤੌਰ ’ਤੇ ਪੂੰਜੀਵਾਦ ਪ੍ਰਬੰਧ ਨੂੰ ਵਿਕਸਤ ਕੀਤਾ ਗਿਆ। ਰੇਲ ਤੇ ਸੜਕੀ ਆਵਾਜਾਈ ਨੂੰ ਵਿਕਸਤ ਕਰਨ ਤੋਂ ਇਲਾਵਾ ਅੰਗਰੇਜ਼ ਸ਼ਾਸਕ ਨਹਿਰਾਂ ਬਣਾ ਕੇ ਬੰਜਰ ਪਈਆਂ ਜ਼ਮੀਨਾਂ ਨੂੰ ਅਬਾਦ ਕਰਦੇ ਹਨ। ਨਿਰਸੰਦੇਹ ਇਸ ਪਿੱਛੇ ਉਹਨਾਂ ਦੀ ਆਪਣੀ ਮੁਨਾਫ਼ਾ ਬਿਰਤੀ ਕੰਮ ਕਰਦੀ ਹੈ, ਪਰ ਇਸ ਨਾਲ ਪੰਜਾਬ ਵਿਚ ਇਕ ਨਵੀਂ ਸੋਚ ਵੀ ਵਿਕਸਤ ਹੋਈ। ਨਵੇਂ ਵਿਦਿਅਕ ਢਾਂਚੇ ਅਤੇ ਛਾਪੇਖਾਨੇ ਦੀ ਆਮਦ ਨਾਲ ਪੰਜਾਬੀਆਂ ਦਾ ਵਾਹ ਦੁਨੀਆਂ ਭਰ ਦੇ ਗਿਆਨ ਨਾਲ ਪਿਆ ਅਤੇ ਇਸੇ ਵਿਚ ਹੀ ਆਧੁਨਿਕਤਾ ਦੇ ਬੀਜ ਪਏ ਹਨ। ਇਹ ਸਾਰੀ ਤਬਦੀਲੀ ਇਕ ਦਮ ਨਹੀਂ ਵਾਪਰਦੀ। 1850 ਤੋਂ 1900 ਈ. ਤੱਕ ਦਾ ਸਮਾਂ ਪਰਿਵਰਤਨ ਕਾਲ ਹੈ, ਜਿਸ ਵਿਚ ਪੰਜਾਬ ਦੀ ਰਵਾਇਤੀ ਜੀਵਨ-ਜਾਚ ਵਿਚ ਤਬਦੀਲੀ ਆਉਣ ਲੱਗਦੀ ਹੈ ਅਤੇ ਨਵੀ ਕਿਸਮ ਦੀ ਸੋਚ ਤੇ ਵਿਸ਼ੇ ਸਾਹਮਣੇ ਆਉਂਦੇ ਹਨ। ਜਦੋਂ ਇਹਨਾਂ ਵਿਸ਼ਿਆਂ ਦਾ ਪ੍ਰਗਟਾਵਾ ਸਾਹਿਤ ਵਿਚ ਹੁੰਦਾ ਹੈ ਤਾਂ ਇਸ ਨਵੇਂ ਉੱਭਰ ਰਹੇ ਸਾਹਿਤ ਨੂੰ ਆਧੁਨਿਕ ਪੰਜਾਬੀ ਸਾਹਿਤ ਕਿਹਾ ਗਿਆ।

'ਆਧੁਨਿਕ' ਸੰਸਕ੍ਰਿਤ ਭਾਸ਼ਾ ਦਾ ਸ਼ਬਦ ਹੈ; ਜਿਸ ਦਾ ਅਰਥ ਹੈ ਨਵਾਂ ਜਾਂ ਵਰਤਮਾਨ ਕਾਲ। ਅੰਗਰੇਜ਼ੀ ਵਿਚ ਇਸ ਲਈ 'Modern' ਸ਼ਬਦ ਦੀ ਵਰਤੋਂ ਹੁੰਦੀ ਹੈ। ਜਿਸਦੇ ਅਰਥ ਵੀ ਆਧੁਨਿਕ ਦੇ ਅਰਥਾਂ ਨਾਲ ਮਿਲਦੇ ਹਨ। ਇਸ ਤਰ੍ਹਾਂ ਆਧੁਨਿਕ ਇਕ ਵਿਸ਼ੇਸ਼ ਕਾਲਖੰਡ ਦਾ ਸੂਚਕ ਹੈ। ਇਸ ਕਾਲਖੰਡ ਨਾਲ ਕੁਝ ਵਿਚਾਰ ਵੀ ਜੁੜੇ ਹੋਏ ਹਨ। ਇਹਨਾਂ ਵਿਚਾਰਾਂ ਵਿਚ ਆਈ ਤਬਦੀਲੀ ਵੀ ਆਧੁਨਿਕ ਯੁੱਗ ਦੀ ਸੂਚਕ ਹੈ। ਵਿਗਿਆਨ ਅਤੇ ਤਰਕ ਇਸ ਤਬਦੀਲੀ ਦੇ ਧੁਰੇ ਹਨ। ਪੱਛਮੀ ਗਿਆਨ ਦੀ ਆਮਦ ਨਾਲ ਇਹਨਾਂ ਵਿਚਾਰਾਂ ਦਾ ਪਸਾਰ ਸਾਡੇ ਸਾਹਿਤ ਵਿਚ ਵੀ ਹੋਣਾ ਆਰੰਭ ਹੁੰਦਾ ਹੈ, ਜਿਸ ਨਾਲ ਪੰਜਾਬੀ ਸਾਹਿਤ ਵਿਸ਼ੇ ਤੇ ਰੂਪ ਦੋਵਾਂ ਪੱਖਾਂ ਤੋਂ ਤਬਦੀਲੀ ਦੇ ਦੌਰ ਵਿਚੋਂ ਲੰਘਦਾ ਹੈ। ਇਹ ਤਬਦੀਲੀ ਹੀ ਆਧੁਨਿਕ ਪੰਜਾਬੀ ਸਾਹਿਤ ਦਾ ਮੁੱਢ ਬੰਨ੍ਹਣ ਵਾਲੀ ਪ੍ਰੇਰਕ ਸ਼ਕਤੀ ਹੋ ਨਿੱਬੜਦੀ ਹੈ। ਆਧੁਨਿਕ ਪੰਜਾਬੀ ਸਾਹਿਤ ਦੀਆਂ ਪ੍ਰਮੁੱਖ ਪ੍ਰਵਿਰਤੀਆਂ ਦਾ ਵੇਰਵਾ ਹੇਠਾਂ ਦਰਜ ਕੀਤਾ ਗਿਆ ਹੈ:-

## 6.2 ਆਧੁਨਿਕ ਪੰਜਾਬੀ ਕਾਵਿ

ਕਵਿਤਾ ਸਭ ਤੋਂ ਪੁਰਾਤਨ ਸਾਹਿਤਕ ਰੂਪਾਕਾਰ ਹੈ। ਦੁਨੀਆਂ ਭਰ ਦਾ ਪੁਰਾਤਨ ਸਾਹਿਤ ਕਵਿਤਾ ਵਿਚ ਹੀ ਲਿਖਿਆ ਮਿਲਦਾ ਹੈ। ਪੰਜਾਬੀ ਦੇ ਮੱਧਕਾਲੀ ਸਾਹਿਤ ਵਿਚ ਵੀ ਕਵਿਤਾ ਨੂੰ ਹੀ ਪ੍ਰਮੁੱਖਤਾ ਹਾਸਲ ਰਹੀ ਹੈ। ਮੱਧਕਾਲ ਵਿਚ ਲਿਖੀ ਕਵਿਤਾ ਦਾ ਮੂਲ ਵਿਸ਼ਾ ਅਧਿਆਤਮਕਤਾ ਅਤੇ ਆਦਰਸ਼ਕ ਨਾਇਕ ਦੀ ਸਿਰਜਣਾ ਰਹੀ ਹੈ। ਇਸ ਦੇ ਵਿਪਰੀਤ ਆਧੁਨਿਕ ਕਾਲ ਵਿਚ ਪੰਜਾਬੀ ਕਵਿਤਾ ਵਿਸ਼ੇ ਅਤੇ ਰੂਪ ਪੱਖੋਂ ਕਈ ਨਵੀਆਂ ਸਥਿਤੀਆਂ ਦੇ ਸਨਮੁੱਖ ਹੁੰਦੀ ਹੈ। ਡਾ. ਸਤਿੰਦਰ ਸਿੰਘ ਨੂਰ ਸ਼ਾਹ ਮੁਹੰਮਦ ਦੀ ਰਚਨਾ 'ਜੰਗਨਾਮਾ ਸਿੰਘਾਂ ਤੇ ਫ਼ਰੰਗੀਆਂ' ਨੂੰ ਆਧੁਨਿਕ ਪੰਜਾਬੀ ਸਾਹਿਤ ਦੀ ਸਭ ਤੋਂ ਪਹਿਲੀ ਕਵਿਤਾ ਮੰਨਦਾ ਹੈ। ਉਸਦਾ ਤਰਕ ਹੈ ਕਿ ਪੰਜਾਬੀਅਤ ਨੂੰ ਇਕ ਵੱਖਰੀ ਕੌਮ ਵਜੋਂ ਸਥਾਪਤ ਕਰਨ ਵਾਲਾ ਪਹਿਲਾ ਕਵੀ ਸ਼ਾਹ ਮੁਹੰਮਦ ਹੈ, ਜਿਸ ਕਾਰਨ ਉਸਨੂੰ ਪਹਿਲਾ ਆਧੁਨਿਕ ਕਵੀ ਮੰਨਿਆ ਜਾਣਾ ਚਾਹੀਦਾ ਹੈ। ਪਰ ਪੰਜਾਬੀ ਸਾਹਿਤ ਦੇ ਇਤਿਹਾਸ ਨਾਲ ਜੁੜੇ ਵਿਦਵਾਨ ਇਸ ਧਾਰਨਾ ਨਾਲ ਸਹਿਮਤ ਨਹੀਂ ਹਨ। ਉਹ ਭਾਈ ਵੀਰ ਸਿੰਘ ਨੂੰ ਪੰਜਾਬੀ ਦਾ ਪਹਿਲਾ ਆਧੁਨਿਕ ਕਵੀ ਸਵੀਕਾਰ ਕਰਦੇ ਹਨ। ਆਧੁਨਿਕ ਪੰਜਾਬੀ ਕਾਵਿ ਦੇ ਇਤਿਹਾਸਕ ਵਿਕਾਸ ਨੂੰ ਹੇਠ ਲਿਖੇ ਪੜਾਵਾਂ ਰਾਹੀਂ ਬਿਆਨ ਕੀਤਾ ਜਾ ਸਕਦਾ ਹੈ :-

### 6.2.1 ਰੁਮਾਂਟਿਕ-ਆਦਰਸ਼ਵਾਦੀ ਕਾਵਿ ਧਾਰਾ

ਇਸ ਕਾਵਿ ਧਾਰਾ ਦਾ ਸਮਾਂ 1901 ਤੋਂ 1930 ਈ. ਤੱਕ ਮੰਨਿਆ ਜਾਂਦਾ ਹੈ। ਇਹ ਕਾਵਿ ਧਾਰਾ ਮੱਧਕਾਲੀ ਚਿੰਤਨ ਤੋਂ ਪੂਰੀ ਤਰ੍ਹਾਂ ਮੁਕਤ ਨਹੀਂ ਹੈ। ਇਸ 'ਤੇ ਅਧਿਆਤਮਵਾਦੀ ਤੇ ਸੁਧਾਰਵਾਦੀ ਪ੍ਰਵਿਰਤੀ ਭਾਰੂ ਹੈ। ਇਸ ਕਵਿਤਾ ਦੀ ਇਕ ਵਿਲੱਖਣਤਾ ਇਸ ਵਿਚ ਪ੍ਰਕਿਰਤੀ ਦਾ ਵਰਨਣ ਬਹੁਤ ਸੰਜੀਦਾ ਢੰਗ ਨਾਲ ਹੋਣਾ ਹੈ। ਇਸ ਕਾਵਿ ਧਾਰਾ ਨਾਲ ਜੁੜੇ ਕਵੀ ਸਮਕਾਲੀ ਮਸਲਿਆਂ ਦਾ ਅਧਿਆਤਮਕ ਸਰੂਪ ਉਸਾਰਦੇ ਹੋਏ ਵਰਤਮਾਨ ਨਾਲ ਜੁੜੇ ਯਥਾਰਕ ਮਸਲਿਆਂ ਨੂੰ ਸਾਹਮਣੇ ਲਿਆਉਂਦੇ ਹਨ। ਭਾਈ ਵੀਰ ਸਿੰਘ, ਪ੍ਰੋ. ਪੂਰਨ ਸਿੰਘ, ਧਨੀ ਰਾਮ, ਚਾਤ੍ਰਿਕ, ਲਾਲਾ ਕਿਰਪਾ ਸਾਗਰ ਅਤੇ ਪ੍ਰੋ. ਮੋਹਨ ਸਿੰਘ ਦੀਵਾਨਾ ਇਸ ਕਾਵਿ ਧਾਰਾ ਨਾਲ ਜੁੜੇ ਪ੍ਰਮੁੱਖ ਕਵੀ ਹਨ। ਇਹਨਾਂ ਵਿਚੋਂ ਕੁਝ ਕਵੀਆਂ ਬਾਰੇ ਹੇਠਾਂ ਚਰਚਾ ਕੀਤੀ ਗਈ ਹੈ;

**ਭਾਈ ਵੀਰ ਸਿੰਘ:-** ਭਾਈ ਵੀਰ ਸਿੰਘਾਂ ਨੂੰ ਆਧੁਨਿਕ ਪੰਜਾਬੀ ਕਵਿਤਾ ਦਾ ਮੋਢੀ ਮੰਨਿਆਂ ਜਾਂਦਾ ਹੈ। ਉਸ ਨੇ ਆਪਣੀ ਪ੍ਰਤਿਭਾ ਰਾਹੀਂ ਪੰਜਾਬੀ ਕਵਿਤਾ ਦਾ ਅਜੋਕਾ ਮੁਹਾਂਦਰਾ ਸਿਰਜਣ ਦੀ ਪਹਿਲ ਕੀਤੀ ਅਤੇ ਵਜੀਰ ਹਿੰਦ ਪ੍ਰੈਸ ਖੋਲ੍ਹ ਕੇ ਖਾਲਸਾ ਸਮਾਚਾਰ ਨਾਂ ਦਾ ਹਫ਼ਤਾਵਾਰੀ ਅਖ਼ਬਾਰ ਸ਼ੁਰੂ ਕੀਤਾ। 1905 ਈ. ਵਿਚ ਉਸ ਨੇ 'ਰਾਣਾ ਸੂਰਤ ਸਿੰਘ' ਨਾਮਕ ਮਹਾਂਕਾਵਿ ਦੀ ਰਚਨਾ ਕੀਤੀ। ਉਹਨਾਂ ਦੀਆਂ ਪ੍ਰਮੁੱਖ ਕਾਵਿ ਪੁਸਤਕਾਂ ਹਨ- ਲਹਿਰਾਂ ਦੇ ਹਾਰ, ਮਟਕ ਹੁਲਾਰੇ, ਬਿਜਲੀਆਂ ਦੇ ਹਾਰ, ਪ੍ਰੀਤ ਵੀਣਾ, ਕੰਬਦੀ ਕਲਾਈ ਅਤੇ ਮੇਰੇ ਸਾਈਆਂ ਜੀਓ। ਭਾਈ ਵੀਰ ਸਿੰਘ ਨੇ ਪੰਜਾਬੀ ਵਿਚ ਨਿੱਕੀ ਕਵਿਤਾ ਲਿਖਣ ਦੀ ਪਿਰਤ ਪਾਈ, ਜਿਸ ਕਾਰਨ ਉਸ ਨੂੰ ਨਿੱਕੀਆਂ ਕਵਿਤਾਵਾਂ ਦਾ ਵੱਡਾ ਕਵੀ ਕਿਹਾ ਜਾਂਦਾ ਹੈ।

**ਪ੍ਰੋ. ਪੂਰਨ ਸਿੰਘ:-** ਪ੍ਰੋ. ਪੂਰਨ ਸਿੰਘ ਵਿਲੱਖਣ ਪ੍ਰਤਿਭਾ ਵਾਲਾ ਸ਼ਾਇਰ ਸੀ। ਉਸਨੇ ਪੰਜਾਬੀ ਵਿਚ ਪਹਿਲੀ ਵਾਰ ਖੁੱਲ੍ਹੀ ਕਵਿਤਾ ਲਿਖ ਕੇ ਪੰਜਾਬੀ ਕਾਵਿ ਨੂੰ ਨਵੀਆਂ ਸੰਭਾਵਨਾਵਾਂ ਨਾਲ ਜੋੜਿਆ। ਪ੍ਰੋ. ਪੂਰਨ ਸਿੰਘ ਨੇ ਪੰਜਾਬੀ ਵਿਚ 3 ਕਾਵਿ ਸੰਗ੍ਰਹਿ ਲਿਖੇ- ਖੁੱਲ੍ਹੇ ਮੈਦਾਨ, ਖੁੱਲ੍ਹੇ ਘੁੰਡ ਅਤੇ ਖੁੱਲ੍ਹੇ ਅਸਮਾਨੀ ਰੰਗ। ਇਸ ਤੋਂ ਇਲਾਵਾ ਉਸਦੀਆਂ ਰਚਨਾਵਾਂ ਅੰਗਰੇਜ਼ੀ ਅਤੇ ਹਿੰਦੀ ਭਾਸ਼ਾਵਾਂ ਵਿਚ ਵੀ ਉਪਲਬੱਧ ਹਨ। ਪ੍ਰੋ. ਪੂਰਨ ਸਿੰਘ ਖੁੱਲ੍ਹ ਜਾਂ ਅਜ਼ਾਦੀ ਦਾ ਸ਼ਾਇਰ ਹੈ। ਉਸਦੀ ਕਵਿਤਾ ਪੰਜਾਬੀਅਤ ਦੇ ਸੰਕਲਪ ਦੀ ਵਿਆਖਿਆ ਵੀ ਉਸਾਰਦੀ ਹੈ। ਉਹ ਪੰਜਾਬੀ ਦਾ ਪਹਿਲਾ ਸ਼ਾਇਰ ਹੈ, ਜੋ ਪੂਰਬ ਦੇ ਦਰਸ਼ਨ ਅਤੇ ਫ਼ਲਸਫ਼ੇ ਨੂੰ ਆਪਣੀ ਕਵਿਤਾ ਰਾਹੀਂ ਜ਼ੁਬਾਨ ਦਿੰਦਾ ਹੈ।

### 6.2.2 ਪ੍ਰਗਤੀਵਾਦੀ ਕਾਵਿ ਧਾਰਾ

ਆਧੁਨਿਕ ਪੰਜਾਬੀ ਕਵਿਤਾ ਦਾ ਦੂਜਾ ਪੜਾਅ 1936 ਤੋਂ 1960 ਈ. ਤੱਕ ਮਿੱਥਿਆ ਜਾਂਦਾ ਹੈ। ਇਸ ਦੌਰ ਵਿਚ ਲਿਖੀ ਪੰਜਾਬੀ ਕਵਿਤਾ ਨੂੰ ਪ੍ਰਗਤੀਵਾਦੀ ਕਾਵਿ ਧਾਰਾ ਕਿਹਾ ਜਾਂਦਾ ਹੈ। ਪ੍ਰਗਤੀਵਾਦ ਦਾ ਸੰਕਲਪ 1935 ਈ. ਵਿਚ ਪੈਰਿਸ ਵਿਖੇ ਹੋਈ ਲੇਖਕਾਂ ਦੀ ਇਕ ਕਾਨਫਰੰਸ ਵਿਚ ਉਭਰ ਕੇ ਸਾਹਮਣੇ ਆਇਆ। ਇਸ ਕਾਨਫੰਰਸ ਵਿਚ ਹੀ ਪ੍ਰਗਤੀਵਾਦੀ ਲੇਖਕ ਸੰਘ ਦੀ ਵਿਚਾਰਧਾਰਾ ਨੂੰ ਸਪਸ਼ਟ ਕੀਤਾ ਗਿਆ। ਇਹਨਾਂ ਵਿਚਾਰਾਂ ਦਾ ਪ੍ਰਭਾਵ ਪੰਜਾਬੀ ਕਵੀਆਂ 'ਤੇ ਵੀ ਪਿਆ ਅਤੇ ਇਹਨਾਂ ਪੰਜਾਬੀ ਕਵੀਆਂ ਨੇ ਚੇਤੰਨ ਤੌਰ 'ਤੇ ਵਿਸ਼ਵ ਅਮਨ, ਸਮਾਜਵਾਦੀ ਨਿਜ਼ਾਮ ਦੀ ਸਥਾਪਨਾ ਅਤੇ ਬਸਤੀਵਾਦ ਦੇ ਵਿਰੋਧ ਨੂੰ ਆਪਣੀਆਂ ਰਚਨਾਵਾਂ ਦਾ ਵਿਸ਼ਾ ਬਣਾਇਆ। ਪ੍ਰੋ. ਮੋਹਨ ਸਿੰਘ, ਅਮ੍ਰਿਤਾ ਪ੍ਰੀਤਮ, ਬਾਵਾ ਬਲਵੰਤ, ਦੀਵਾਨ ਸਿੰਘ ਕਾਲੇਪਾਣੀ, ਦਵਿੰਦਰ ਸਤਿਆਰਥੀ, ਅਵਤਾਰ ਸਿੰਘ ਅਜ਼ਾਦ, ਹੀਰਾ ਸਿੰਘ ਦਰਦ ਅਤੇ ਗੁਰਮੁਖ ਸਿੰਘ ਮੁਸਾਫ਼ਰ ਜਿਹੇ ਕਵੀਆਂ ਨੂੰ ਪ੍ਰਗਤੀਵਾਦੀ ਕਾਵਿ ਧਾਰਾ ਨਾਲ ਜੋੜਿਆ ਜਾਂਦਾ ਹੈ। ਇਸ ਕਾਵਿ ਧਾਰਾ ਦੇ ਕੁਝ ਪ੍ਰਮੁੱਖ ਕਵੀਆਂ ਬਾਰੇ ਚਰਚਾ ਹੇਠਾਂ ਦਰਜ ਕੀਤੀ ਗਈ ਹੈ:

**ਪ੍ਰੋ. ਮੋਹਨ ਸਿੰਘ:-** ਪ੍ਰੋ. ਮੋਹਨ ਸਿੰਘ ਨੂੰ ਪੰਜਾਬੀ ਕਵਿਤਾ ਵਿਚ ਪ੍ਰਗਤੀਵਾਦੀ ਵਿਚਾਰਾਂ ਦਾ ਸੰਚਾਲਕ ਮੰਨਿਆ ਜਾਂਦਾ ਹੈ। ਉਸ ਦੀ ਕਵਿਤਾ ਵਿਚ ਹੀ ਪਹਿਲੀ ਵਾਰ ਲੋਕਾਈ ਦੇ ਦੁੱਖ-ਦਰਦ ਨੂੰ ਜ਼ੁਬਾਨ ਮਿਲਦੀ ਹੈ। ਉਹ ਸਮਾਜਕ ਨਿਜ਼ਾਮ ਵਿਚਲੇ ਭ੍ਰਿਸ਼ਟ ਵਰਤਾਰਿਆਂ 'ਤੇ ਉਂਗਲ ਧਰਨ ਵਾਲਾ ਕਵੀ ਹੈ। ਉਸ ਦੀ ਕਵਿਤਾ ਮਜ਼ਦੂਰ, ਕਿਸਾਨ ਅਤੇ ਔਰਤ ਦੇ ਜੀਵਨ ਦੀਆਂ ਦੁਸ਼ਵਾਰੀਆਂ ਨੂੰ ਸਾਹਮਣੇ ਲਿਆਉਂਦੀ ਹੈ। ਸਾਵੇ ਪੱਤਰ, ਕਸੁੰਭੜਾ, ਅੱਧਵਾਟੇ, ਕੱਚ ਸੱਚ, ਅਵਾਜ਼ਾਂ, ਵੱਡਾ ਵੇਲਾ, ਜੈਮੀਰ, ਜੰਦਰੇ ਅਤੇ ਬੂਹੇ ਪ੍ਰੋ. ਮੋਹਨ ਸਿੰਘ ਦੀਆਂ ਕਾਵਿ ਪੁਸਤਕਾਂ ਹਨ। ਉਸਨੇ ਗੁਰੂ ਨਾਨਕ ਦੇਵ ਜੀ ਬਾਰੇ ਮਹਾਂਕਾਵਿ 'ਨਾਨਕਾਇਣ' ਦੀ ਰਚਨਾ ਵੀ ਕੀਤੀ।

**ਅਮ੍ਰਿਤਾ ਪ੍ਰੀਤਮ:-** ਅਮ੍ਰਿਤਾ ਪ੍ਰੀਤਮ ਆਧੁਨਿਕ ਪੰਜਾਬੀ ਕਵਿਤਾ ਦੀ ਸਭ ਤੋਂ ਮਕਬੂਲ ਕਵਿੱਤਰੀ ਹੈ। ਉਸਨੇ ਆਪਣੀ ਕਵਿਤਾ ਵਿਚ ਔਰਤ ਦੀ ਸਥਿਤੀ ਨੂੰ ਬਾਖ਼ੂਬੀ ਬਿਆਨ ਕੀਤਾ ਹੈ। 1947 ਦੀ ਪੰਜਾਬ ਵੰਡ ਬਾਰੇ ਲਿਖੀ ਉਸਦੀ ਕਵਿਤਾ 'ਅੱਜ ਆਖਾਂ ਵਾਰਿਸ ਸ਼ਾਹ ਨੂੰ' ਪੰਜਾਬੀ ਦੀਆਂ ਸ਼ਾਹਕਾਰ ਕਵਿਤਾਵਾਂ ਵਿਚੋਂ ਇਕ ਮੰਨੀ ਜਾਂਦੀ ਹੈ। ਅਮ੍ਰਿਤਾ ਪ੍ਰੀਤਮ ਦੇ ਕੁਝ ਪ੍ਰਮੁੱਖ ਕਾਵਿ ਸੰਗ੍ਰਹਿ ਹਨ- ਅਮ੍ਰਿਤ ਲਹਿਰਾਂ, ਤ੍ਰੇਲ ਧੋਤੇ ਫੁੱਲ, ਸੰਝ ਦੀ ਲਾਲੀ, ਲੋਕ ਪੀੜਾ, ਪੱਥਰ ਗੀਟੇ, ਮੈ ਤਵਾਰੀਖ਼ ਹਾਂ ਹਿੰਦ ਦੀ, ਸਰਘੀ ਵੇਲਾ, ਸੁਨੇਹੜੇ, ਨਾਗਮਣੀ, ਕਾਗਜ਼ ਤੇ ਕੈਨਵਸ। ਅਮ੍ਰਿਤਾ ਦੀ ਕਵਿਤਾ ਨਿੱਜੀ ਦੁੱਖਾਂ ਦੇ ਸਮੂਹਿਕ ਦੁੱਖਾਂ ਵਿਚ ਰੁਪਾਂਤਰਨ ਦੀ ਕਵਿਤਾ ਹੈ। ਉਸਦੀ ਕਵਿਤਾ ਵਿਚ ਮਨੁੱਖ 'ਤੇ ਕਾਬਜ਼ ਸਮਾਜਕ-ਸਭਿਆਚਾਰਕ ਤੇ ਰਾਜਨੀਤਕ ਪ੍ਰਬੰਧ ਵਿਚ ਨਪੀੜੀਆਂ ਜਾ ਰਹੀਆਂ ਭਾਵਨਾਵਾਂ ਦਾ ਬਿਆਨ ਬੜੀ ਸ਼ਿੱਦਤ ਨਾਲ ਹੋਇਆ ਹੈ।

## 6.2.3 ਸੁਹਜਵਾਦੀ ਕਾਵਿ ਧਾਰਾ

1960 ਈ. ਤੋਂ ਬਾਅਦ ਪ੍ਰਗਤੀਵਾਦੀ ਕਾਵਿ ਧਾਰਾ ਦੀ ਚਮਕ ਮੱਧਮ ਪੈਣ ਲੱਗਦੀ ਹੈ। ਇਸ ਸਮੇਂ ਕੁਝ ਨਵੀਆਂ ਕਾਵਿ ਸੁਰਾਂ ਉਭਰ ਕੇ ਸਾਹਮਣੇ ਆਉਂਦੀਆਂ ਹਨ। ਸੁਹਜਵਾਦੀ ਕਾਵਿ ਧਾਰਾ ਇਸ ਦੌਰ ਵਿਚ ਉਪਜੀ ਅਜਿਹੀ ਹੀ ਕਾਵਿ ਪ੍ਰਵਿਰਤੀ ਹੈ, ਜਿਸ ਵਿਚ ਬਾਹਰੀ ਜਗਤ ਦੇ ਮੁਕਾਬਲੇ ਮਨੁੱਖੀ ਮਨ ਦੇ ਅੰਤਰ-ਦਵੰਦਾਂ ਨੂੰ ਕਾਵਿ-ਵਿਸ਼ਾ ਬਣਾਇਆ ਜਾਂਦਾ ਹੈ। ਇਹ ਕਾਵਿ ਧਾਰਾ ਪ੍ਰਗਤੀਵਾਦੀ ਕਵਿਤਾ ਵਾਂਗ ਕੋਈ ਐਲਾਨ, ਨਾਅਰੇ ਜਾਂ ਪ੍ਰਚਾਰ ਦਾ ਸਾਧਨ ਨਹੀਂ ਬਣਦੀ, ਬਲਕਿ ਇਸ ਵਿਚ ਸੁਹਜਵਾਦੀ ਅਤੇ ਜਜ਼ਬਾਤੀ ਕਿਸਮ ਦੇ ਸਵੈ-ਸੰਬੋਧਨ ਦੀ ਜੁਗਤ ਵਰਤੀ ਜਾਂਦੀ ਹੈ। ਹਰਿਭਜਨ ਸਿੰਘ, ਸ.ਸ ਮੀਸ਼ਾ, ਜਸਵੰਤ ਸਿੰਘ ਨੇਕੀ, ਸ਼ਿਵ ਕੁਮਾਰ ਅਤੇ ਤਾਰਾ ਸਿੰਘ ਇਸ ਕਾਵਿ ਧਾਰਾ ਨਾਲ ਜੁੜੇ ਪ੍ਰਮੁੱਖ ਕਵੀ ਹਨ। ਇਹਨਾਂ ਵਿਚੋਂ ਕੁਝ ਕਵੀਆਂ ਦਾ ਵੇਰਵਾ ਹੇਠਾਂ ਦਰਜ ਹੈ:

**ਹਰਿਭਜਨ ਸਿੰਘ:-** ਹਰਿਭਜਨ ਸਿੰਘ ਪ੍ਰਮੁੱਖ ਸੁਹਜਵਾਦੀ ਕਵੀ ਹੈ। ਉਸਦੀ ਰਚਨਾ ਮਨੁੱਖੀ ਮਨ ਦੀਆਂ ਵੇਦਨਾਵਾਂ ਤੇ ਭਾਵਨਾਵਾਂ ਨੂੰ ਅਭਿਵਿਅਕਤ ਕਰਨ ਵਾਲੀ ਹੈ। ਲਾਸਾਂ, ਅਧਰੈਣੀ, ਨਾ ਧੁੱਪੇ ਨਾ ਛਾਂਵੇ, ਸੜਕ ਦੇ ਸਫ਼ੇ 'ਤੇ, ਟੁੱਕੀਆਂ ਜੀਭਾਂ ਵਾਲੇ, ਮੱਥੇ ਦੀਵਾ ਵਾਲਾ, ਅਲਵਿਦਾ ਤੋਂ ਪਹਿਲਾਂ ਅਤੇ ਰੁੱਖ ਅਤੇ ਰਿਸ਼ੀ ਉਸਦੇ ਪ੍ਰਮੁੱਖ ਕਾਵਿ ਸੰਗ੍ਰਹਿ ਹਨ। ਹਰਭਿਜਨ ਸਿੰਘ ਦੀ ਕਵਿਤਾ ਨੂੰ ਪ੍ਰਗੀਤਕ ਕਾਵਿ ਵੀ ਕਿਹਾ ਜਾਂਦਾ ਹੈ। ਉਹ ਇਕ ਸਫ਼ਲ ਗੀਤਕਾਰ ਵੀ ਹੈ, ਜਿਸਦੇ ਗੀਤਾਂ ਵਿਚ ਜਜ਼ਬੇ ਦੀ ਗਹਿਰਾਈ ਅਤੇ ਭਾਵਾਂ ਦੀ ਰਵਾਨਗੀ ਅਤੇ ਸਰੋਦੀਪਣ ਹੈ।

**ਸ਼ਿਵ ਕੁਮਾਰ:-** ਸ਼ਿਵ ਕੁਮਾਰ ਨੂੰ ਬਿਰਹਾ ਦਾ ਸੁਲਤਾਨ ਕਿਹਾ ਜਾਂਦਾ ਹੈ। ਉਸਦੀ ਕਵਿਤਾ ਵਿਚ ਨਾਰੀ ਸੰਤਾਪ ਨੂੰ ਬੜੀ ਸ਼ਿੱਦਤ ਨਾਲ ਉਭਾਰਿਆ ਗਿਆ ਹੈ। ਮੱਧਵਰਗੀ ਮਨੁੱਖ ਦੀ ਦੰਭੀ ਮਾਨਸਿਕਤਾ ਵੀ ਉਸਦੀ ਕਵਿਤਾ ਦਾ ਮੁੱਖ ਵਿਸ਼ਾ ਹੈ। ਪੀੜਾਂ ਦਾ ਪਰਾਗਾ, ਲਾਜਵੰਤੀ, ਆਟੇ ਦੀਆਂ ਚਿੜੀਆਂ, ਮੈਨੂੰ ਵਿਦਾ ਕਰੋ, ਮੈਂ ਤੇ ਮੈਂ ਉਸਦੇ ਪ੍ਰਮੁੱਖ ਕਾਵਿ ਸੰਗ੍ਰਹਿ ਹਨ। ਉਸ ਦੁਆਰਾ ਰਚਿਤ ਮਹਾਂਕਾਵਿ 'ਲੂਣਾ' ਇਕ ਵਿਲੱਖਣ ਤਜਰਬਾ ਹੈ, ਜਿਸ ਵਿਚ ਉਸਨੇ ਕਾਦਰਯਾਰ ਰਚਿਤ ਕਿੱਸਾ ਪੂਰਨ ਭਗਤ ਨੂੰ ਲੂਣਾ ਦੇ ਨਜ਼ਰੀਏ ਤੋਂ ਪੇਸ਼ ਕਰਨ ਦੀ ਸੁਚੇਤ ਕੋਸ਼ਿਸ਼ ਕੀਤੀ ਹੈ।

## 6.2.4 ਪ੍ਰਯੋਗਸ਼ੀਲ ਕਾਵਿ ਧਾਰਾ

ਵੀਹਵੀਂ ਸਦੀ ਦੇ ਸੱਤਵੇਂ ਦਹਾਕੇ ਵਿਚ ਪੰਜਾਬੀ ਦੇ ਕੁਝ ਕਵੀ ਪ੍ਰਯੋਗਸ਼ੀਲ਼ ਕਵਿਤਾ ਨਾਂ ਦੀ ਇਕ ਲਹਿਰ ਦਾ ਆਗਾਜ਼ ਕਰਦੇ ਹਨ। ਇਹ ਕਵੀ ਪ੍ਰਗਤੀਵਾਦੀ ਕਵਿਤਾ ਦੇ ਰੁਮਾਂਸਵਾਦੀ ਪ੍ਰਭਾਵਾਂ ਤੋਂ ਮੁਕਤ ਹੋ ਕੇ ਕਵਿਤਾ ਲਿਖਣ ਦਾ ਸੁਨੇਹਾ ਦਿੰਦੇ ਹਨ। ਇਹਨਾਂ ਦਾ ਮੰਨਣਾ ਹੈ ਕਿ ਪ੍ਰਗਤੀਵਾਦੀ ਕਵਿਤਾ ਜਗੀਰਦਾਰੀ ਸਮਾਜ ਦੇ ਮਸਲਿਆਂ ਦੁਆਲੇ ਹੀ ਕੇਂਦਰਤ ਹੈ, ਜਦਕਿ ਪੂੰਜੀਵਾਦੀ ਯੁੱਗ ਦੇ ਦਵੰਦਾਂ ਨੂੰ ਪ੍ਰਗਟਾਉਣ ਵਿਚ ਇਹ ਕਾਵਿ-ਧਾਰਾ ਨਾਕਾਮ ਰਹੀ ਹੈ। ਇਹਨਾਂ ਅੰਤਰ-ਦਵੰਦਾਂ ਨੂੰ ਨਵੇਂ ਪ੍ਰਯੋਗਾਂ ਰਾਹੀਂ ਹੀ ਮੁਖ਼ਾਤਬ ਹੋਇਆ ਜਾ ਸਕਦਾ ਹੈ। ਇਸ ਲਈ ਪ੍ਰਯੋਗਸ਼ੀਲ ਕਾਵਿ ਧਾਰਾ ਨਾਲ ਜੁੜੇ ਕਵੀ ਰੂਪਾਕਾਰ ਤੇ ਵਿਸ਼ੇ ਪੱਖੋਂ ਨਵੇਂ ਪ੍ਰਯੋਗ ਕਰਨ ਵੱਲ ਰੁਚਿਤ ਹੁੰਦੇ ਹਨ। ਇਸ ਕਾਵਿ ਧਾਰਾ ਨਾਲ ਜੁੜੇ ਪ੍ਰਮੁੱਖ ਕਵੀ ਜਸਬੀਰ ਸਿੰਘ ਆਹਲੂਵਾਲੀਆ, ਰਵਿੰਦਰ ਰਵੀ, ਅਜਾਇਬ ਕਮਲ ਅਤੇ ਸੁਖਪਾਲਵੀਰ ਸਿੰਘ ਹਸਰਤ ਹਨ। ਮੱਧ ਸ਼੍ਰੇਣੀ ਵਿਅਕਤੀਵਾਦ ਦੇ ਨਾਂ ਹੇਠ ਆਮ ਲੋਕਾਂ ਦੇ ਮਸਲਿਆਂ ਤੋਂ ਟੁੱਟ ਕੇ ਰਚਨਾ ਕਰਨ ਵਾਲੇ ਇਹਨਾਂ ਕਵੀਆਂ ਦੀ ਰਚਨਾ ਵਧੇਰੇ ਮਕਬੂਲ ਨਹੀਂ ਹੁੰਦੀ। ਨਤੀਜੇ ਵਜੋਂ ਥੋੜ੍ਹੇ ਸਮੇਂ ਬਾਅਦ ਹੀ ਇਹ ਕਾਵਿ ਧਾਰਾ ਸਾਹਿਤਕ ਦ੍ਰਿਸ਼ ਤੋਂ ਅਲੋਪ ਹੋ ਜਾਂਦੀ ਹੈ।

## 6.2.5 ਜੁਝਾਰਵਾਦੀ ਕਾਵਿ ਧਾਰਾ

ਬੰਗਾਲ ਦੇ ਨਕਸਲਬਾੜੀ ਪਿੰਡ ਤੋਂ ਆਰੰਭ ਹੋਈ ਨਕਸਲਬਾੜੀ ਲਹਿਰ ਵੀਹਵੀਂ ਸਦੀ ਦੇ ਸੱਤਵੇਂ ਦਹਾਕੇ ਵਿਚ ਪੰਜਾਬ ਦੇ ਕਵੀਆਂ ਤੇ ਚਿੰਤਕਾਂ ਨੂੰ ਵੀ ਪ੍ਰਭਾਵਿਤ ਕਰਦੀ ਹੈ, ਜਿਸ ਤੋਂ ਪੰਜਾਬੀ ਵਿਚ ਜੁਝਾਰਵਾਦੀ ਕਾਵਿ ਧਾਰਾ ਦਾ ਮੁੱਢ ਬੱਝਦਾ ਹੈ। ਜੁਝਾਰਵਾਦੀ ਕਵੀ ਕ੍ਰਾਂਤੀ ਭਾਵਾਂ ਵਾਲੀ ਕਵਿਤਾ ਰਚਦੇ ਹਨ। ਹਥਿਆਰਬੰਦ ਇਨਕਲਾਬ ਰਾਹੀਂ ਰਾਜਸ਼ਾਹੀ ਦਾ ਤਖ਼ਤਾ ਪਲਟਾਉਣਾ ਇਹਨਾਂ ਕਵੀਆਂ ਦੀ ਕਵਿਤਾ ਦਾ ਮੁੱਖ ਵਿਸ਼ਾ ਹੈ। ਇਹ ਕਵੀ ਪ੍ਰਗਤੀਵਾਦ ਕਾਵਿ ਧਾਰਾ ਦੇ ਸ਼ਹਿਰੀ ਮੁਹਾਵਰੇ ਨੂੰ ਰੱਦ ਕਰਕੇ ਪੇਂਡੂ ਮੁਹਾਵਰੇ ਵਾਲੀ ਕਵਿਤਾ ਰਚਦੇ ਹਨ। ਹਿੰਸਾ ਤੇ ਹਥਿਆਰਬੰਦ ਸੰਘਰਸ਼ੀ ਦੁਹਰਾਅ ਇਸ ਕਵਿਤਾ ਨੂੰ ਨਾਹਰੇ ਵਿਚ ਵੀ ਤਬਦੀਲ਼ ਕਰਦਾ ਹੈ, ਪਰ ਇਸਦੇ ਬਾਵਜੂਦ ਲੋਕਾਈ ਦੇ

ਸੰਘਰਸ਼ ਦੀ ਬਾਤ ਪਾਉਣ ਕਰਕੇ ਇਹ ਕਵਿਤਾ ਪੜ੍ਹੇ ਲਿਖੇ ਚੇਤੰਨ ਵਰਗ ਵਿਚ ਵਿਸ਼ੇਸ਼ ਤੌਰ 'ਤੇ ਮਕਬੂਲ ਹੁੰਦੀ ਹੈ। ਪਾਸ਼, ਸੰਤ ਰਾਮ ਉਦਾਸੀ, ਲਾਲ ਸਿੰਘ ਦਿਲ, ਅਮਰਜੀਤ ਚੰਦਨ ਤੇ ਹਰਭਜਨ ਹਲਵਾਰਵੀ ਇਸ ਕਾਵਿ ਧਾਰਾ ਨਾਲ ਜੁੜੇ ਪ੍ਰਮੁੱਖ ਕਵੀ ਹਨ।

## 6.2.6 ਪੰਜਾਬ ਸੰਕਟ ਦੀ ਕਵਿਤਾ

ਪੰਜਾਬ ਵਿਚ 1980 ਤੋਂ 1995 ਈ. ਦੇ ਸਮੇਂ ਦੌਰਾਨ ਖਾੜਕੂ ਲਹਿਰ ਅਤੇ ਸਟੇਟ ਵਿਚਕਾਰ ਹਿੰਸਾ ਦਾ ਇਕ ਦੌਰ ਸ਼ੁਰੂ ਹੁੰਦਾ ਹੈ। ਇਸ ਹਿੰਸਾ ਦਾ ਖਮਿਆਜ਼ਾ ਆਮ ਲੋਕਾਂ ਨੂੰ ਭੁਗਤਣਾ ਪੈਂਦਾ ਹੈ। ਇਸ ਹਿੰਸਕ ਦੌਰ ਵਿਚ ਪੰਜਾਬੀਆਂ ਨੂੰ ਜੋ ਕੁਝ ਝੱਲਣਾ ਪਿਆ, ਉਸਦਾ ਪ੍ਰਗਟਾਵਾ ਇਸ ਦੌਰ ਦੀ ਕਵਿਤਾ ਵਿਚ ਹੁੰਦਾ ਹੈ। ਇਸ ਲਈ 1980 ਤੋਂ 1995 ਈ. ਤੱਕ ਲਿਖੀ ਗਈ ਕਵਿਤਾ ਨੂੰ ਪੰਜਾਬ ਸੰਕਟ ਦੀ ਕਵਿਤਾ ਕਿਹਾ ਜਾਂਦਾ ਹੈ। ਸੁਰਜੀਤ ਪਾਤਰ ਇਸ ਕਾਵਿ ਧਾਰਾ ਦਾ ਸਭ ਤੋਂ ਪ੍ਰਮੁੱਖ ਕਵੀ ਹੈ। ਇਸ ਦੌਰ ਵਿਚ ਪ੍ਰਕਾਸ਼ਿਤ ਹੋਏ ਉਸਦੇ ਤਿੰਨ ਕਾਵਿ ਸੰਗ੍ਰਹਿ- ਹਵਾ ਵਿਚ ਲਿਖੇ ਹਰਫ਼, ਬਿਰਖ ਅਰਜ਼ ਕਰੇ ਅਤੇ ਹਨੇਰੇ ਵਿਚ ਸੁਲਗਦੀ ਵਰਨਮਾਲਾ ਉਸ ਦੌਰ ਦੇ ਪੰਜਾਬ ਦੀ ਹੋਣੀ ਬਿਆਨ ਕਰਦੇ ਹਨ। ਪਾਤਰ ਤੋਂ ਇਲਾਵਾ ਡਾ. ਜਗਤਾਰ, ਤੇ ਹਰਭਜਨ ਹੁੰਦਲ ਇਸ ਦੌਰ ਦੀ ਕਵਿਤਾ ਦੀ ਪ੍ਰਤਿਨਿਧਤਾ ਕਰਨ ਵਾਲੇ ਸ਼ਾਇਰ ਹਨ।

## 6.2.7 ਨਵੀਂ ਪੰਜਾਬੀ ਕਵਿਤਾ

1990 ਤੋਂ ਬਾਅਦ ਭਾਰਤ ਵਿਚ ਲਾਗੂ ਹੋਈ ਉਦਾਰੀਕਰਨ ਦੀ ਨੀਤੀ ਤੋਂ ਬਾਅਦ ਪੰਜਾਬੀ ਕਵਿਤਾ ਵਿਚ ਤਬਦੀਲੀ ਵਾਪਰਦੀ ਹੈ। ਇਸ ਦੌਰ ਦੀ ਕਵਿਤਾ ਨੂੰ ਨਵੀਂ ਪੰਜਾਬੀ ਕਵਿਤਾ ਕਿਹਾ ਗਿਆ ਹੈ। ਇਹ ਕਵਿਤਾ ਕਿਸੇ ਇਕ ਵਾਦ ਜਾਂ ਲਹਿਰ ਨਾਲ ਨਹੀਂ ਜੁੜੀ ਹੋਈ ਨਹੀਂ, ਬਲਕਿ ਇਹ ਕਈ ਦਿਸ਼ਾਵਾਂ ਵਿਚ ਫੈਲੀ ਹੈ। ਸਵੈ-ਸੰਵਾਦ, ਸਵੈ-ਕਟਾਖ਼ਸ਼ ਅਤੇ ਸਵੈ-ਵਿਅੰਗ ਇਸ ਕਵਿਤਾ ਦੇ ਪ੍ਰਮੁੱਖ ਲੱਛਣ ਹਨ। ਇਹ ਕਵਿਤਾ ਆਪਣੇ ਆਪ ਨਾਲ ਸੰਵਾਦ ਰਚਾ ਕੇ ਮਨੁੱਖੀ ਮਾਨਸਿਕਤਾ ਨਾਲ ਜੁੜੇ ਲੁਪਤ ਪਹਿਲੂਆਂ ਨੂੰ ਉਘਾੜਦੀ ਹੈ। ਅਮਿਤੋਜ, ਜਸਵੰਤ ਦੀਦ, ਵਨੀਤਾ, ਪਰਮਿੰਦਰ ਸੋਢੀ, ਅੰਬਰੀਸ਼, ਲਖਵਿੰਦਰ ਜੌਹਲ, ਦੇਵਨੀਤ ਇਸ ਦੌਰ ਦੇ ਪ੍ਰਮੁੱਖ ਕਵੀ ਹਨ।

**ਅਭਿਆਸ ਪਹਿਲਾ**

ਪ੍ਰਸ਼ਨ 1. ਭਾਈ ਵੀਰ ਸਿੰਘ ਦੀਆਂ ਕਾਵਿ ਪੁਸਤਕਾਂ ਦੇ ਨਾਂ ਲਿਖੋ।

ਉੱਤਰ ..............................................................................

..............................................................................

..............................................................................

..............................................................................

ਪ੍ਰਸ਼ਨ 2. ਪ੍ਰਗਤੀਵਾਦ ਤੋਂ ਕੀ ਭਾਵ ਹੈ?

ਉੱਤਰ ..............................................................................

..............................................................................

..............................................................................

..............................................................................

ਪ੍ਰਸ਼ਨ 3. ਚਾਰ ਜੁਝਾਰਵਾਦੀ ਕਵੀਆਂ ਦੇ ਨਾਂ ਲਿਖੋ।

ਉੱਤਰ ..............................................................................

..............................................................................

..............................................................................

..............................................................................

ਪ੍ਰਸ਼ਨ 4. ਪੰਜਾਬ ਸੰਕਟ ਦੀ ਕਵਿਤਾ ਬਾਰੇ ਸੰਖੇਪ ਟਿੱਪਣੀ ਲਿਖੋ।

ਉੱਤਰ ..............................................................................

..............................................................................

..............................................................................

..............................................................................

ਪ੍ਰਸ਼ਨ 5. ਆਧੁਨਿਕ ਪੰਜਾਬੀ ਕਵਿਤਾ ਦੀਆਂ ਪ੍ਰਮੁੱਖ ਕਾਵਿ ਧਾਰਾਵਾਂ 'ਤੇ ਨੋਟ ਲਿਖੋ।

ਉੱਤਰ ..........................................................................................................

..........................................................................................................

..........................................................................................................

..........................................................................................................

..........................................................................................................

..........................................................................................................

..........................................................................................................

..........................................................................................................

## 6.3 ਆਧੁਨਿਕ ਪੰਜਾਬੀ ਗਲਪ

ਗਲਪ ਸ਼ਬਦ ਅੰਗਰੇਜ਼ੀ ਭਾਸ਼ਾ ਦੇ 'Fiction' ਸ਼ਬਦ ਦਾ ਅਨੁਵਾਦ ਹੈ, ਜਿਸਦਾ ਅਰਥ ਹੈ ਕਲਪਿਤ ਕਥਾ। ਭਾਵੇਂ ਕਾਲਪਨਿਕ ਕਥਾਵਾਂ ਦਾ ਪ੍ਰਯੋਗ ਸਾਹਿਤ ਦੀਆਂ ਬਹੁਤ ਸਾਰੀਆਂ ਵਿਧਾਵਾਂ ਵਿਚ ਹੁੰਦਾ ਹੈ, ਪਰੰਤੂ ਆਧੁਨਿਕ ਸਾਹਿਤ ਵਿਚ ਇਹ ਸ਼ਬਦ ਨਾਵਲ ਤੇ ਨਿੱਕੀ ਕਹਾਣੀ ਲਈ ਰੂੜ੍ਹ ਹੋ ਚੁੱਕਿਆ ਹੈ। ਇਸ ਲਈ ਪੰਜਾਬੀ ਗਲਪ ਸਾਹਿਤ ਨੂੰ ਦੋ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ- ਪੰਜਾਬੀ ਨਾਵਲ ਅਤੇ ਪੰਜਾਬੀ ਕਹਾਣੀ।

### 6.3.1 ਪੰਜਾਬੀ ਨਾਵਲ

ਪੰਜਾਬੀ ਨਾਵਲ ਦਾ ਆਰੰਭ 1859 ਈ. ਵਿਚ ਰਚੇ ਨਾਵਲ 'ਯਿਸੂਈ ਮੁਸਫ਼ਰ ਦੀ ਯਾਤਰਾ' ਨਾਲ ਮੰਨਿਆ ਜਾਂਦਾ ਹੈ। ਇਸ ਤੋਂ ਬਾਅਦ 1882 ਈ. ਵਿਚ 'ਜਯੋਤਿਰੁਦਯ' ਨਾਂ ਦਾ ਇਕ ਹੋਰ ਨਾਵਲ ਪ੍ਰਕਾਸ਼ਿਤ ਹੁੰਦਾ ਹੈ। ਇਹ ਦੋਵੇਂ ਨਾਵਲ ਲੁਧਿਆਣੇ ਵਿਚ ਇਸਾਈ ਮਿਸ਼ਨਰੀਆਂ ਵੱਲੋਂ ਸਥਾਪਤ ਕੀਤੇ ਛਾਪੇਖਾਨੇ ਵਿਚ ਛਪਦੇ ਹਨ। ਇਹਨਾਂ ਦੋਵਾਂ ਨਾਵਲਾਂ ਦਾ ਸੰਬੰਧ ਇਸਾਈ ਧਰਮ ਦੀਆਂ ਸਿੱਖਿਆਵਾਂ ਨਾਲ ਹੈ। ਦੂਜਾ ਇਹ ਦੋਵੇਂ ਨਾਵਲ ਮੂਲ ਪੰਜਾਬੀ ਵਿਚ ਨਹੀਂ ਲਿਖੇ ਗਏ, ਬਲਕਿ ਇਹ ਦੋਵੇਂ ਹੀ ਅਨੁਵਾਦਿਤ ਨਾਵਲ ਹਨ। 'ਯਿਸੂਈ ਮੁਸਾਫ਼ਰ ਦੀ ਯਾਤਰਾ' ਨਾਵਲ ਅੰਗਰੇਜ਼ੀ ਦੀ ਰਚਨਾ 'ਪਿਲਗ੍ਰਿਮਜ਼ ਪ੍ਰਾਗਰੈਸ' ਦਾ ਪੰਜਾਬੀ ਅਨੁਵਾਦ ਹੈ, ਜਦਕਿ 'ਜਯੋਤੀਰੁਦਯ' ਬੰਗਾਲੀ ਭਾਸ਼ਾ ਵਿਚ ਇਸੇ ਨਾਂ ਹੇਠ ਲਿਖੇ ਗਏ ਨਾਵਲ ਦਾ ਪੰਜਾਬੀ ਅਨੁਵਾਦ ਹੈ। ਪੰਜਾਬੀ ਦਾ ਪਹਿਲਾ ਮੌਲਿਕ ਨਾਵਲ ਭਾਈ ਵੀਰ ਸਿੰਘ ਰਚਿਤ 'ਸੁੰਦਰੀ' ਹੈ। ਜੋ 1897 ਈ. ਵਿਚ ਪ੍ਰਕਾਸ਼ਿਤ ਹੋਇਆ।

**ਮੁੱਢਲੇ ਦੌਰ ਦਾ ਪੰਜਾਬੀ ਨਾਵਲ**:- ਵੀਹਵੀਂ ਸਦੀ ਦੇ ਪਹਿਲੇ ਤਿੰਨ ਦਹਾਕਿਆ ਦੌਰਾਨ ਲਿਖੀਆਂ ਨਾਵਲੀ ਰਚਨਾਵਾਂ ਨੂੰ ਮੁੱਢਲੇ ਦੌਰ ਦਾ ਪੰਜਾਬੀ ਨਾਵਲ ਕਿਹਾ ਜਾ ਸਕਦਾ ਹੈ। ਇਹ ਨਾਵਲੀ ਸਾਹਿਤ, ਸਿੰਘ ਸਭਾ ਲਹਿਰ ਦੇ ਪ੍ਰਭਾਵ ਹੇਠ ਲਿਖਿਆ ਗਿਆ। ਇਸ ਲਹਿਰ ਦਾ ਮਕਸਦ ਵੱਖਰੀ ਸਿੱਖ ਪਛਾਣ ਨੂੰ ਸਥਾਪਤ ਕਰਨਾ ਸੀ। ਪੱਛਮੀ ਕਦਰਾਂ-ਕੀਮਤਾਂ ਦੇ ਵਿਰੋਧ ਵਿਚ ਸਿੱਖ ਧਰਮ ਦੇ ਆਦਰਸ਼ਕ ਮੁੱਲਾਂ ਦੀ ਸਥਾਪਨਾ ਇਸ ਤਰ੍ਹਾਂ ਦੀਆਂ ਨਾਵਲੀ ਰਚਨਾਵਾਂ ਪਿੱਛੇ ਕੰਮ ਕਰ ਰਹੀ ਪ੍ਰੇਰਿਕ ਸ਼ਕਤੀ ਸੀ। ਭਾਈ ਵੀਰ ਸਿੰਘ ਇਸ ਦੌਰ ਦੇ ਪ੍ਰਤਿਨਿਧ ਨਾਵਲਕਾਰ ਹਨ। ਆਦਰਸ਼ਕ ਸਿੱਖ ਪਾਤਰਾਂ ਦੀ ਉਸਾਰੀ ਰਾਹੀਂ ਭਾਈ ਵੀਰ ਸਿੰਘ ਆਪਣੇ ਨਾਵਲਾਂ ਵਿਚ ਸਿੱਖ ਪਛਾਣ ਦੀ ਉਸਾਰੀ ਦਾ ਸੁਚੇਤ ਕਾਰਜ ਕਰਦੇ ਹਨ। ਇਹਨਾਂ ਵਿਚੋਂ 'ਸੁੰਦਰੀ' ਤੇ 'ਸਤਵੰਤ ਕੌਰ' ਦਲੇਰ ਸਿੱਖ ਔਰਤਾਂ ਹਨ। ਮੁਗਲ ਸਲਤਨਤ ਦੇ ਖਿਲਾਫ਼ ਇਹ ਸਿੱਖ ਬੀਬੀਆਂ ਮਰਦਾਂ ਦੇ ਮੋਢੇ ਨਾਲ ਮੋਢਾ ਜੋੜ ਕੇ ਬਗਾਵਤ ਕਰਦੀਆਂ ਹਨ। ਭਾਈ ਵੀਰ ਸਿੰਘ ਤੋਂ ਇਲਾਵਾ ਮੋਹਨ ਸਿੰਘ ਵੈਦ ਅਤੇ ਚਰਨ ਸਿੰਘ ਸ਼ਹੀਦ ਇਸ ਦੌਰ ਦੇ ਪ੍ਰਮੁੱਖ ਨਾਵਲਕਾਰ ਹਨ। ਇਹਨਾਂ ਦੋਵਾਂ ਨਾਵਲਕਾਰਾਂ 'ਤੇ ਵੀ ਭਾਈ ਵੀਰ ਸਿੰਘ ਨਾਵਲਾਂ ਦਾ ਪ੍ਰਭਾਵ ਦੇਖਿਆ ਜਾ ਸਕਦਾ ਹੈ। ਭਾਈ ਮੋਹਨ ਸਿੰਘ ਵੈਦ ਆਪਣੇ ਨਾਵਲਾਂ ਵਿਚ ਸਿੱਖਾਂ ਅੰਦਰ ਸੁਧਾਰਾਂ ਦੀ ਗੱਲ ਕਰਦਾ ਹੈ, ਜਦਕਿ ਚਰਨ ਸਿੰਘ ਸ਼ਹੀਦ ਦੀ ਨਾਵਲੀ ਦ੍ਰਿਸ਼ਟੀ ਵੀ ਸਮਾਜ ਸੁਧਾਰਕ ਅਤੇ ਉਪਦੇਸ਼ਕ ਵਾਲੀ ਹੈ।

**ਦੂਜੇ ਦੌਰ ਦਾ ਪੰਜਾਬੀ ਨਾਵਲ**:- 1950 ਤੋਂ 1960 ਈ. ਤੱਕ ਦੇ ਸਮੇਂ ਦੌਰਾਨ ਲਿਖੇ ਪੰਜਾਬੀ ਨਾਵਲਾਂ ਨੂੰ ਦੂਜੇ ਦੌਰ ਦਾ ਪੰਜਾਬੀ ਨਾਵਲ ਕਿਹਾ ਜਾਂਦਾ ਹੈ। ਇਸ ਦੌਰ ਦੀ ਨਾਵਲ ਰਚਨਾ 'ਤੇ ਪ੍ਰਗਤੀਵਾਦੀ ਸਾਹਿਤ ਧਾਰਾ ਦਾ ਵਿਸ਼ੇਸ਼ ਪ੍ਰਭਾਵ ਹੈ। ਬਰਤਾਨਵੀਂ ਬਸਤੀਵਾਦ ਦਾ ਵਿਰੋਧ, ਸੰਸਾਰ ਵਿਚ ਅਮਨ ਦੀ ਸਥਾਪਤੀ ਜਾਤ-ਪਾਤ ਅਤੇ ਛੂਆ-ਛਾਤ ਦਾ ਵਿਰੋਧ, ਕਿਸਾਨਾਂ, ਮਜ਼ਦੂਰਾਂ ਤੇ ਔਰਤਾਂ ਦੇ ਸੰਤਾਪ ਨੂੰ ਬਿਆਨ ਕਰਨਾ ਆਦਿ ਇਸ ਦੌਰ ਦੇ ਨਾਵਲਾਂ ਦੇ ਪ੍ਰਮੁੱਖ ਵਿਸ਼ੇ ਹਨ। ਨਾਨਕ ਸਿੰਘ ਇਸ ਦੌਰ ਦਾ ਪ੍ਰਤਿਨਿਧ ਨਾਵਲਕਾਰ ਹੈ, ਉਹ ਪੰਜਾਬੀ ਦੇ ਸਭ ਤੋਂ ਵੱਧ ਪੜ੍ਹੇ ਜਾਣ ਵਾਲੇ ਲੇਖਕਾਂ ਵਿਚੋਂ ਇਕ ਹੈ। ਉਸ ਦੀਆਂ ਰਚਨਾਵਾਂ 'ਤੇ ਮੁਨਸ਼ੀ ਪ੍ਰੇਮ ਚੰਦ ਦੀਆਂ ਰਚਨਾਵਾਂ ਦਾ ਪ੍ਰਤੱਖ ਪ੍ਰਭਾਵ ਨਜ਼ਰ ਆਉਂਦਾ ਹੈ। ਪੰਜਾਬੀ ਵਿਚ ਸਭ ਤੋਂ ਵੱਧ ਨਾਵਲਾਂ ਦੀ ਰਚਨਾ ਕਰਨ ਵਾਲਾ ਲੇਖਕ ਵੀ ਨਾਨਕ ਸਿੰਘ ਹੀ ਹੈ। ਗਰੀਬ ਦੀ ਦੁਨੀਆਂ, ਪਿਆਰ ਦੀ ਦੁਨੀਆਂ, ਇਕ ਮਿਆਨ ਦੋ ਤਲਵਾਰਾਂ, ਆਦਮਖੋਰ, ਪੁਜਾਰੀ, ਪਵਿੱਤਰ ਪਾਪੀ ਤੇ ਚਿੱਟਾ ਲਹੂ ਉਸਦੇ ਪ੍ਰਮੁੱਖ ਨਾਵਲ ਹਨ। ਨਾਨਕ ਸਿੰਘ ਤੋਂ ਪਹਿਲਾਂ ਲਿਖੇ ਹੋਏ ਪੰਜਾਬੀ ਨਾਵਲ ਸਿੱਖ ਵਿਸ਼ਿਆਂ ਤੱਕ ਹੀ ਸੀਮਤ ਹਨ, ਪਰੰਤੂ ਨਾਨਕ ਸਿੰਘ ਪੰਜਾਬੀ ਨਾਵਲ ਨੂੰ ਇਸ ਸੀਮਤ ਵਿਸ਼ੇ ਵਿਚੋਂ ਬਾਹਰ ਕੱਢ ਕੇ ਨਵੇਂ ਵਿਸ਼ਿਆਂ ਨਾਲ ਜੋੜਦਾ ਹੈ। ਉਹ ਪਹਿਲੀ ਵਾਰ ਫਿਰਕੂ ਸਦਭਾਵਨਾ, ਵੇਸ਼ਵਾਵ੍ਰਿਤੀ ਅਤੇ ਵਿਧਵਾ ਵਿਆਹ ਜਿਹੇ ਵਿਸ਼ਿਆਂ ਬਾਰੇ ਰਚਨਾਕਾਰੀ ਕਰਨ ਦੀ ਪਹਿਲ ਕਰਦਾ ਹੈ।

ਨਾਨਕ ਸਿੰਘ ਤੋਂ ਇਲਾਵਾ ਸੁਰਿੰਦਰ ਸਿੰਘ ਨਰੂਲਾ, ਸੰਤ ਸਿੰਘ ਸੇਖੋਂ, ਜਸਵੰਤ ਸਿੰਘ ਕੰਵਲ, ਅਮ੍ਰਿਤਾ ਪ੍ਰੀਤਮ ਅਤੇ ਕਰਤਾਰ ਸਿੰਘ ਦੁੱਗਲ ਇਸ ਦੌਰ ਦੇ ਪ੍ਰਮੁੱਖ ਨਾਵਲਕਾਰ ਹਨ। ਸੁਰਿੰਦਰ ਸਿੰਘ ਨਰੂਲਾ ਤੇ ਸੰਤ ਸਿੰਘ ਸੇਖੋਂ ਆਪਣੇ ਨਾਵਲਾਂ ਵਿਚ ਯਥਾਰਥਵਾਦ ਦਾ ਪਰਚਮ ਬੁਲੰਦ ਕਰਦੇ ਹਨ। ਨਰੂਲਾ ਦੇ ਨਾਵਲ 'ਪਿਓ ਪੁੱਤਰ' ਨੂੰ ਪੰਜਾਬੀ ਦਾ ਪਹਿਲਾ ਯਥਾਰਵਾਦੀ ਨਾਵਲ ਹੋਣ ਦਾ ਮਾਣ ਹਾਸਲ ਹੈ। ਇਹਨਾਂ ਨਾਵਲਕਾਰਾਂ 'ਤੇ ਰੂਸ ਦੇ ਲੇਖਕਾਂ- ਲਿਓ ਟਾਲਸਟਾਏ, ਮੈਕਸਿਮ ਗੋਰਕੀ ਅਤੇ ਅਨਤੋਵ ਚੈਖੋਵ ਦਾ ਵਿਸ਼ੇਸ਼ ਪ੍ਰਭਾਵ ਹੈ। ਜਸਵੰਤ ਸਿੰਘ ਕੰਵਲ ਪੰਜਾਬੀ ਨਾਵਲਕਾਰੀ ਨੂੰ ਪਿੰਡ ਦੀ ਰਹਿਤਲ ਨਾਲ ਜੋੜਦਾ ਹੈ। ਮਾਲਵਾ ਖਿੱਤੇ ਦੀ ਆਂਚਲਕਿਤਾ ਨੂੰ ਪੰਜਾਬੀ ਨਾਵਲਕਾਰੀ ਵਿਚ ਲਿਆਉਣ ਵਾਲ ਉਹ ਪਹਿਲਾ ਨਾਵਲਕਾਰ ਹੈ। ਨਾਨਕ ਸਿੰਘ ਵਾਂਗ ਉਸਦੇ ਨਾਵਲ ਵੀ ਵੱਡੀ ਗਿਣਤੀ ਵਿਚ ਪੜ੍ਹੇ ਜਾਂਦੇ ਹਨ। ਸੱਚ ਨੂੰ ਫਾਂਸੀ, ਪਾਲੀ, ਪੂਰਨਮਾਸ਼ੀ, ਰਾਤ ਬਾਕੀ ਹੈ, ਸਿਵਲ ਲਾਇਨਜ਼, ਹਾਣੀ, ਮਿੱਤਰ ਪਿਆਰੇ ਨੂੰ ਅਤੇ ਲਹੂ ਦੀ ਲੋਅ, ਕੰਵਲ ਦੇ ਪ੍ਰਮੁੱਖ ਨਾਵਲ ਹਨ।

**ਤੀਜੇ ਦੌਰ ਦਾ ਪੰਜਾਬੀ ਨਾਵਲ**:- 1960 ਈ. ਤੋਂ ਬਾਅਦ ਪੰਜਾਬੀ ਨਾਵਲ ਨਵੀਆਂ ਸੰਭਾਵਨਾਵਾਂ ਦੇ ਸਾਹਵੇ ਹੁੰਦਾ ਹੈ। ਇਸ ਤੋਂ ਪਹਿਲਾਂ ਦਾ ਨਾਵਲ ਜਾਂ ਤਾਂ ਮੱਧ-ਸ਼੍ਰੇਣੀ ਸ਼ਹਿਰੀ ਜੀਵਨ ਦੀ ਪੇਸ਼ਕਾਰੀ ਕਰਦਾ ਹੈ ਅਤੇ ਜਾਂ ਫਿਰ ਪੇਂਡੂ ਕਿਸਾਨੀ ਦੇ ਮਸਲਿਆਂ ਨੂੰ ਚਰਚਾ ਦਾ ਵਿਸ਼ਾ ਬਣਾਉਂਦਾ ਹੈ। ਤੀਜੇ ਦੌਰ ਦਾ ਪੰਜਾਬੀ ਨਾਵਲ ਪੰਜਾਬ ਦੇ ਦਲਿਤ ਵਰਗ ਨਾਲ ਸੰਬੰਧਤ ਅਣਹੋਏ ਪਾਤਰਾਂ ਦੀ ਹੋਣੀ ਨੂੰ ਬਿਆਨ ਕਰਨ ਵੱਲ ਰੁਚਿਤ ਹੁੰਦਾ ਹੈ। ਗੁਰਦਿਆਲ ਸਿੰਘ ਇਸ ਦੌਰ ਦਾ ਪ੍ਰਤਿਨਿਧ ਨਾਵਲਕਾਰ ਹੈ। ਉਸ ਦਾ ਨਾਵਲ 'ਮੜ੍ਹੀ ਦਾ ਦੀਵਾ' ਪ੍ਰਕਾਸ਼ਿਤ ਹੋਣ ਨਾਲ ਪੰਜਾਬੀ ਹਾਸ਼ੀਏ 'ਤੇ ਵਿਚਰਦੇ ਲੋਕਾਂ ਦੇ ਜੀਵਨ ਯਥਾਰਥ ਨੂੰ ਪੰਜਾਬੀ ਸਾਹਿਤ ਵਿਚ ਥਾਂ ਨਸੀਬ ਹੁੰਦੀ ਹੈ। ਗੁਰਦਿਆਲ ਸਿੰਘ ਦੇ ਨਾਵਲ ਜਗੀਰਦਾਰੀ ਖ਼ਾਸੇ ਦੇ ਪੂੰਜੀਵਾਦੀ ਨਿਜ਼ਾਮ ਵਿਚ ਬਦਲਣ ਕਾਰਨ ਸਮਾਜਕ ਰਿਸ਼ਤਿਆਂ ਵਿਚ ਵਾਪਰਦੀਆਂ ਤਬਦੀਲੀਆਂ ਨੂੰ ਬਿਰਤਾਂਤ ਵਿਚ ਢਾਲਦੇ ਹਨ। ਮੜ੍ਹੀ ਦਾ ਦੀਵਾ, ਅਣਹੋਏ, ਕੁਵੇਲਾ, ਰੇਤੇ ਦੀ ਇਕ ਮੁੱਠੀ, ਅੰਨ੍ਹੇ ਘੋੜਾ ਦਾ ਦਾਨ, ਅੱਧ ਚਾਨਣੀ ਰਾਤ ਤੇ ਪਰਸਾ ਉਸਦੇ ਪ੍ਰਮੁੱਖ ਨਾਵਲ ਹਨ।

ਜਿੱਥੇ ਗੁਰਦਿਆਲ ਸਿੰਘ ਦੇ ਨਾਵਲਾਂ ਵਿਚ ਮਾਲਵੇ ਖਿੱਤੇ ਦੇ ਸਮਾਜ ਅਤੇ ਭਾਸ਼ਾ ਦਾ ਪ੍ਰਗਟਾਵਾ ਹੁੰਦਾ ਹੈ, ਉੱਥੇ ਮੋਹਨ ਕਾਹਲੋਂ ਦੇ ਨਾਵਲ ਪੂਰਬੀ ਪੰਜਾਬ ਦੇ ਨੀਮ ਪਹਾੜੀ ਖਿੱਤੇ ਦੇ ਜਨ-ਜੀਵਨ ਨੂੰ ਆਪਣੀਆਂ ਨਾਵਲੀ ਰਚਨਾਵਾਂ- ਮੱਛਲੀ ਇਕ ਦਰਿਆ ਦੀ, ਬੇੜੀ ਤੇ ਬਰੇਤਾ, ਗੌਰੀ ਨਦੀ ਦਾ ਗੀਤ ਆਦਿ ਰਾਹੀਂ ਪੇਸ਼ ਕਰਦਾ ਹੈ। ਸੁਖਬੀਰ ਇਸ ਦੌਰ ਦਾ ਇਕ ਪ੍ਰਮੁੱਖ ਨਾਵਲਕਾਰ ਹੈ, ਜੋ ਮਹਾਂਨਗਰੀ ਜੀਵਨ ਦੇ ਯਥਾਰਥ ਨੂੰ ਆਪਣੇ ਨਾਵਲਾਂ ਦਾ ਵਿਸ਼ਾ ਬਣਾਉਂਦਾ ਹੈ। ਪਾਣੀ ਦਾ ਪੁਲ, ਰਾਤ ਦਾ ਚਿਹਰਾ, ਸੜਕਾਂ ਤੇ ਕਮਰੇ, ਗਰਦਸ਼ ਆਦਿ ਉਸਦੇ ਪ੍ਰਮੁੱਖ ਨਾਵਲ ਹਨ। ਨਰਿੰਜਨ ਤਸਨੀਮ ਅਤੇ ਸੁਰਜੀਤ ਸਿੰਘ ਸੇਠੀ ਜਿਹੇ ਨਾਵਲਕਾਰ ਵੀ ਇਸੇ ਦੌਰ ਵਿਚ ਪ੍ਰਵਾਣ ਚੜ੍ਹਦੇ ਹਨ। ਇਹਨਾਂ ਨਾਵਲਕਾਰਾਂ ਨੇ ਮਨੋਵਿਗਿਆਨਕ ਮਸਲਿਆਂ ਨੂੰ ਆਪਣੇ ਨਾਵਲਾਂ ਦਾ ਵਿਸ਼ਾ ਬਣਾਇਆ। ਮਨੁੱਖੀ ਅੰਤਰ ਮਨ ਵਿਚ ਦੱਬੀਆਂ ਇੱਛਾਵਾਂ ਦੀ ਅਤ੍ਰਿਪਤੀ ਕਾਰਨ ਪੈਦਾ ਹੋਇਆ ਮਨੁੱਖੀ ਵਿਹਾਰ ਇਹਨਾਂ ਨਾਵਲਕਾਰਾਂ ਦੇ ਪਾਤਰ ਸ਼ਹਿਰੀ ਜੀਵਨ ਦੀ ਪ੍ਰਤਿਨਿਧਤਾ ਕਰਦੇ ਹਨ, ਉੱਥੇ ਰਾਮ ਸਰੂਪ ਅਣਖੀ ਪੇਂਡੂ ਪੰਜਾਬੀ ਜੀਵਨ ਵਿਚਲੇ ਪਾਤਰਾਂ ਦੇ ਸਮਾਜਕ ਅਤੇ ਮਨੋਵਿਗਿਆਨਕ ਪਸਾਰਾਂ ਨੂੰ ਪੇਸ਼ ਕਰਦਾ ਹੈ।

ਬੇਸ਼ੱਕ ਪੰਜਾਬੀ ਨਾਵਲ ਵਿਚ ਨਾਰੀ ਵਿਸ਼ਿਆ ਬਾਰੇ ਨਾਵਲ ਲੇਖਣ ਦਾ ਆਰੰਭ ਤਾਂ ਅਮ੍ਰਿਤਾ ਪ੍ਰੀਤਮ ਨਾਲ ਹੀ ਹੋ ਜਾਂਦਾ ਹੈ। ਉਸਦਾ ਨਾਵਲ 'ਪਿੰਜਰ' ਇਸ ਪੱਖ ਤੋਂ ਵਿਸ਼ੇਸ਼ ਰੂਪ ਵਿਚ ਗੌਲਣਯੋਗ ਹੈ। ਇਸਦੇ ਬਾਵਜੂਦ ਨਾਰੀ ਸਰੋਕਾਰਾਂ ਦੀ ਪੇਸ਼ਕਾਰੀ ਤੀਜੇ ਦੌਰ ਦੀਆਂ ਲੇਖਕਾਂ ਦੀਆਂ ਰਚਨਾਵਾਂ ਵਿਚ ਵਿਸ਼ੇਸ਼ ਤੌਰ 'ਤੇ ਉੱਭਰ ਕੇ ਸਾਹਮਣੇ ਆਉਂਦੀ ਹੈ। ਦਲੀਪ ਕੌਰ ਟਿਵਾਣਾ, ਅਜੀਤ ਕੌਰ ਤੇ ਬਲਜੀਤ ਕੌਰ ਬੱਲੀ ਇਸ ਦੌਰ ਦੀਆਂ ਪ੍ਰਮੁੱਖ ਨਾਵਲਕਾਰ ਹਨ, ਜੋ ਨਾਰੀ ਜੀਵਨ ਦੇ ਸੰਤਾਪ ਨੂੰ ਸ਼ਿੱਦਤ ਨਾਲ ਆਪਣੀਆਂ ਰਚਨਾਵਾਂ ਦਾ ਵਿਸ਼ਾ ਵਸਤੂ ਬਣਾਉਂਦੀਆਂ ਹਨ। ਦਲੀਪ ਕੌਰ ਟਿਵਾਣਾ ਦਾ ਨਾਵਲ 'ਏਹੋ ਹਮਾਰਾ ਜੀਵਣਾ' ਇਸ ਪੱਖ ਤੋਂ ਵਿਸ਼ੇਸ਼ ਧਿਆਨ ਦੀ ਮੰਗ ਕਰਦਾ ਹੈ। ਮਰਦ ਪ੍ਰਧਾਨ ਸਮਾਜ ਵਿਚ ਇਕ ਵਸਤੂ ਵਾਂਗ ਵਿਚਰਦੀ ਔਰਤ ਦੇ ਜੀਵਨ ਨੂੰ ਬਿਰਤਾਂਤ ਵਿਚ ਢਾਲਣ ਵਾਲਾ ਇਹ ਨਾਵਲ ਪੰਜਾਬੀ ਦੇ ਸ਼ਾਹਕਾਰ ਨਾਵਲਾਂ ਵਿਚੋਂ ਇਕ ਹੈ। ਅਜੀਤ ਕੌਰ ਦੇ ਨਾਵਲਾਂ ਵਿਚ ਵੀ ਨਾਰੀ ਦੀ ਸਥਿਤੀ ਨੂੰ ਬਾਖ਼ੂਬੀ ਚਿਤਰਿਆ ਹੈ।

## 6.3.2 ਪੰਜਾਬੀ ਕਹਾਣੀ

ਆਧੁਨਿਕ ਪੰਜਾਬੀ ਕਹਾਣੀ ਦਾ ਆਰੰਭ ਪੱਛਮ ਦੀ ਨਿੱਕੀ ਕਹਾਣੀ ਦੇ ਪ੍ਰਭਾਵ ਅਧੀਨ ਹੁੰਦਾ ਹੈ। ਕੁਝ ਵਿਦਵਾਨ ਮੱਧਕਾਲੀ ਸਾਖੀਆਂ ਜਾਂ ਲੋਕ-ਬਾਤਾਂ ਨੂੰ ਵੀ ਪੰਜਾਬੀ ਕਹਾਣੀ ਦੇ ਮੁਢਲੇ ਸ੍ਰੋਤ ਵੱਜੋਂ ਵਿਚਾਰਨ ਦੇ ਹਾਮੀ ਹਨ। ਪਰੰਤੂ ਬਹੁਤੇ ਚਿੰਤਕਾਂ ਦੀ ਇਹ ਧਾਰਨਾ ਹੈ ਕਿ ਆਧੁਨਿਕ ਪੰਜਾਬੀ ਕਹਾਣੀ ਆਪਣੇ ਰੂਪਗਤ ਅਤੇ ਵਿਸ਼ਾ ਪੱਖ ਤੋਂ ਮੱਧਕਾਲੀ ਕਥਾ ਸਾਹਿਤ ਤੋਂ ਭਿੰਨ ਹੈ। ਆਧੁਨਿਕ ਪੰਜਾਬੀ ਕਹਾਣੀ ਦੇ ਵਿਕਾਸ ਪੜ੍ਹਾਵਾਂ ਬਾਰੇ ਵੇਰਵਾ ਇਸ ਪ੍ਰਕਾਰ ਹੈ:

**ਮੁਢਲੀ ਪੰਜਾਬੀ ਕਹਾਣੀ**:- ਪੰਜਾਬੀ ਦੀ ਪਹਿਲੀ ਕਹਾਣੀ ਬਾਰੇ ਵੀ ਪੰਜਾਬੀ ਸਾਹਿਤ ਦੇ ਇਤਿਹਾਸਕਾਰ ਇਕਮੱਤ ਨਹੀਂ ਹਨ। ਕੁਝ ਚਿੰਤਕ ਭਾਈ ਵੀਰ ਸਿੰਘ ਦੇ ਚਮਤਕਾਰਾਂ ਨੂੰ ਮੁਢਲੀਆਂ ਕਹਾਣੀਆਂ ਮੰਨਦੇ ਹਨ, ਜਦਕਿ ਬਹੁਗਿਣਤੀ ਵਿਦਵਾਨ ਮੋਹਨ ਸਿੰਘ ਵੈਦ ਜਾਂ ਚਰਨ ਸਿੰਘ ਸ਼ਹੀਦ ਨੂੰ ਪੰਜਾਬੀ ਦਾ ਪਹਿਲਾ ਕਹਾਣੀਕਾਰ ਮੰਨਣ ਦੇ ਹੱਕ ਵਿਚ ਦਲੀਲਾਂ ਦਿੰਦੇ ਹਨ। ਮੋਹਨ ਸਿੰਘ ਵੈਦ ਦੇ ਤਿੰਨ ਕਹਾਣੀ ਸੰਗ੍ਰਹਿ- 'ਹੀਰੇ ਦੀਆਂ ਕਣੀਆਂ' 'ਰੰਗ ਬਿਰੰਗੇ ਫੁੱਲ' ਅਤੇ 'ਕਿਸਮਤ ਦੇ ਚੱਕਰ' ਪ੍ਰਕਾਸ਼ਿਤ ਹੋਏ, ਜਦਕਿ ਚਰਨ ਸਿੰਘ ਸ਼ਹੀਦ ਦਾ ਕਹਾਣੀ ਸੰਗ੍ਰਹਿ 'ਹੱਸਦੇ ਹੰਝੂ' ਸਿਰਲੇਖ ਹੇਠ ਪ੍ਰਕਾਸ਼ਿਤ ਹੋਇਆ। ਪੰਜਾਬੀ ਕਹਾਣੀ ਦੇ ਇਸ ਮੁਢਲੇ ਦੌਰ ਵਿਚ ਗਿਆਨੀ ਗੁਰਦਿੱਤ ਸਿੰਘ, ਲਾਲ ਸਿੰਘ ਕਮਲਾ ਅਕਾਲੀ, ਜੋਸ਼ੂਆ ਫ਼ਜ਼ਲਦੀਨ ਅਤੇ ਹੀਰਾ ਸਿੰਘ ਦਰਦ ਆਦਿ ਲੇਖਕ ਕਹਾਣੀ ਲਿਖਣ ਵੱਲ ਰੁਚਿਤ ਹੁੰਦੇ ਹਨ। ਇਹਨਾਂ ਵਿਚੋਂ ਬਹੁਤੇ ਕਹਾਣੀਕਾਰਾਂ ਦੀ ਗਲਪ ਦ੍ਰਿਸ਼ਟੀ ਧਾਰਮਿਕ ਅਤੇ ਸਮਾਜ ਸੁਧਾਰਕ ਹੈ। ਇਸ ਸਮੇਂ ਤੱਕ ਪੰਜਾਬੀ ਵਿਚ ਫੁਲਵਾੜੀ, ਕਿਰਤੀ, ਪ੍ਰੀਤਮ ਅਤੇ ਹੰਸ ਜਿਹੀਆਂ ਸਾਹਿਤਕ ਪਤ੍ਰਿਕਾਵਾਂ ਛਪਣੀਆਂ ਆਰੰਭ ਹੋ ਜਾਂਦੀਆਂ ਹਨ ਅਤੇ ਇਹਨਾਂ ਕਹਾਣੀਕਾਰਾ ਦੀਆਂ ਕਹਾਣੀਆਂ ਇਹਨਾਂ ਰਸਾਲਿਆਂ ਵਿਚ ਪ੍ਰਕਾਸ਼ਿਤ ਹੁੰਦੀਆਂ ਹਨ।

**ਦੂਜੇ ਦੌਰ ਦੀ ਕਹਾਣੀ**:- ਨਾਵਲ ਵਾਂਗ ਦੂਜੇ ਦੌਰ ਦੀ ਪੰਜਾਬੀ ਕਹਾਣੀ ਦਾ ਆਰੰਭ ਵੀ ਨਾਨਕ ਸਿੰਘ ਨਾਲ ਹੁੰਦਾ ਹੈ। ਹੰਝੂਆਂ ਦੇ ਹਾਰ, ਸੱਧਰਾਂ ਦੇ ਹਾਰ, ਮਿੱਧੇ ਫੁੱਲ, ਠੰਡੀਆਂ ਛਾਂਵਾਂ ਅਤੇ ਸੁਪਨਿਆਂ ਦੀ ਕਬਰ ਨਾਨਕ ਸਿੰਘ ਦੇ ਪ੍ਰਮੁੱਖ ਕਹਾਣੀ ਸੰਗ੍ਰਹਿ ਹਨ। ਉਸ ਦੀਆਂ

ਕਹਾਣੀਆਂ ਵਿਚ ਜਾਤੀ ਵਿਵਸਥਾ, ਔਰਤ ਦੀ ਦਸ਼ਾ ਅਤੇ ਕਿਰਤੀਆਂ ਦੇ ਜੀਵਨ ਨੂੰ ਵਿਸ਼ਾ ਬਣਾਇਆ ਗਿਆ ਹੈ। ਨਾਨਕ ਸਿੰਘ ਆਦਰਸ਼ਕ ਪਾਤਰਾਂ ਦੀ ਸਿਰਜਣਾ ਰਾਹੀਂ ਮਾਨਵਵਾਦੀ ਦ੍ਰਿਸ਼ਟੀਕੋਣ ਨੂੰ ਸਥਾਪਤ ਕਰਨ ਵਾਲਾ ਪ੍ਰਮੁੱਖ ਕਹਾਣੀਕਾਰ ਹੈ।

ਇਸ ਦੌਰ ਦੇ ਕਹਾਣੀਕਾਰਾਂ ਵਿਚ ਇਕ ਪ੍ਰਮੁੱਖ ਨਾਂ ਗੁਰਬਖਸ਼ ਸਿੰਘ ਪ੍ਰੀਤਲੜੀ ਦਾ ਹੈ। ਅਨੋਖੇ ਤੇ ਇੱਕਲੇ, ਪ੍ਰੀਤਾਂ ਦੇ ਪਹਿਰੇਦਾਰ, ਭਾਬੀ ਮੈਨਾ ਤੇ ਪ੍ਰੀਤ ਕਹਾਣੀਆਂ ਉਸਦੇ ਪ੍ਰਮੁੱਖ ਕਹਾਣੀ ਸੰਗ੍ਰਹਿ ਹਨ। ਪ੍ਰੀਤਲੜੀ ਆਪਣੀਆਂ ਕਹਾਣੀਆਂ ਵਿਚ ਆਪਣੀ ਵਿਚਾਰਧਾਰਾ 'ਪਿਆਰ ਕਬਜ਼ਾ ਨਹੀਂ ਪਛਾਣ ਹੈ' ਨੂੰ ਪੇਸ਼ ਕਰਦਾ ਹੈ, ਜਿਸ ਕਾਰਨ ਉਸ ਦੀਆਂ ਬਹੁਤੀਆਂ ਕਹਾਣੀਆਂ ਆਦਰਸ਼ਵਾਦੀ-ਮਾਨਵਵਾਦੀ ਦ੍ਰਿਸ਼ਟੀਕੋਣ ਦੀਆਂ ਧਾਰਨੀ ਹਨ। ਗੁਰਮੁਖ ਸਿੰਘ ਮੁਸਾਫ਼ਰ ਤੇ ਨੌਰੰਗ ਸਿੰਘ ਇਸ ਦੌਰ ਦੇ ਦੋ ਮੁੱਖ ਕਹਾਣੀਕਾਰ ਹਨ। ਜਿੱਥੇ ਗੁਰਮੁਖ ਸਿੰਘ ਮੁਸਾਫ਼ਰ ਦੀਆਂ ਕਹਾਣੀਆਂ ਵਿਚ ਜੇਲ ਅਨੁਭਵ, ਦੇਸ਼ ਦੀ ਆਜ਼ਾਦੀ ਲਈ ਲੜ ਰਹੇ ਦੇਸ਼ਭਗਤਾਂ ਦਾ ਜੀਵਨ ਅਤੇ ਰਾਸ਼ਟਰਵਾਦੀ ਭਾਵਨਾਵਾਂ ਦਾ ਪ੍ਰਗਟਾਵਾ ਹੁੰਦਾ ਹੈ, ਉੱਥੇ ਨੌਰੰਗ ਸਿੰਘ ਪੇਂਡੂ ਕਿਰਤੀ ਅਤੇ ਕਿਸਾਨਾਂ ਦੀ ਨਿੱਘਰ ਰਹੀ ਆਰਥਿਕਤਾ ਨੂੰ ਆਪਣੀਆਂ ਕਹਾਣੀਆਂ ਦਾ ਮੂਲ ਵਿਸ਼ਾ ਬਣਾਉਂਦਾ ਹੈ।

ਸੁਜਾਨ ਸਿੰਘ ਇਸ ਦੌਰ ਦਾ ਇਕ ਹੋਰ ਪ੍ਰਤਿਨਿਧ ਕਹਾਣੀਕਾਰ ਹੈ। ਦੁੱਖ ਸੁੱਖ, ਦੁੱਖ ਸੁੱਖ ਤੋਂ ਪਿੱਛੋਂ , ਸਭ ਰੰਗ, ਨਰਕਾਂ ਦੇ ਦੇਵਤੇ, ਮਨੁੱਖ ਤੇ ਪਸ਼ੂ, ਡੇਢ ਆਦਮੀ ਤੇ ਸ਼ਹਿਰ ਤੇ ਗ੍ਰਾਂ ਉਸ ਦੇ ਪ੍ਰਮੁੱਖ ਕਹਾਣੀ ਸੰਗ੍ਰਹਿ ਹਨ। ਸੁਜਾਨ ਸਿੰਘ ਦੀ ਕਹਾਣੀ ਕਲਾ ਤੇ ਮਾਰਕਸੀ ਫ਼ਲਸਫੇ ਦਾ ਗਹਿਰਾ ਪ੍ਰਭਾਵ ਹੈ। ਉਹ 'ਸਾਹਿਤ ਜੀਵਨ ਲਈ' ਦੇ ਸਿਧਾਂਤ ਦਾ ਹਾਮੀ ਹੈ। ਉਸਦੀ ਕਹਾਣੀ 'ਕੁਲਫ਼ੀ' ਪੰਜਾਬੀ ਦੀਆਂ ਸ਼ਾਹਕਾਰ ਕਹਾਣੀਆਂ ਵਿਚੋਂ ਇਕ ਹੈ। ਪੰਜਾਬੀ ਕਹਾਣੀ ਦੇ ਦੂਜੇ ਦੌਰ ਵਿਚ ਲਿਖਣ ਵਾਲੇ ਕੁਝ ਹੋਰ ਪ੍ਰਮੁੱਖ ਕਹਾਣੀਕਾਰ ਸੰਤ ਸਿੰਘ ਸੇਖੋਂ, ਪ੍ਰੋ. ਮੋਹਨ ਸਿੰਘ, ਦਵਿੰਦਰ ਸਤਿਆਰਥੀ ਅਤੇ ਮੋਹਨ ਸਿੰਘ ਦੀਵਾਨਾ ਹਨ। ਇਹਨਾਂ ਕਹਾਣੀਕਾਰਾਂ ਤੇ ਮਾਰਕਸਵਾਦੀ ਅਤੇ ਫਰਾਇਡ ਦੇ ਮਨੋਵਿਸ਼ਲੇਸ਼ਣ ਚਿੰਤਨ ਦਾ ਗਹਿਰਾ ਪ੍ਰਭਾਵ ਦੇਖਿਆ ਜਾ ਸਕਦਾ ਹੈ।

**ਤੀਜੇ ਦੌਰ ਦੀ ਪੰਜਾਬੀ ਕਹਾਣੀ :-** ਪੰਜਾਬੀ ਕਹਾਣੀ ਦੇ ਤੀਜੇ ਦੌਰ ਵਿਚ ਪੰਜਾਬੀ ਕਹਾਣੀਕਾਰਾਂ ਦੀ ਵਿਸ਼ੇਸ਼ ਭੂਮਿਕਾ ਹੈ। ਇਹਨਾਂ ਵਿਚੋਂ ਪਹਿਲਾ ਕਹਾਣੀਕਾਰ ਕਰਤਾਰ ਸਿੰਘ ਦੁੱਗਲ ਹੈ, ਜਿਸਨੇ ਪੰਜਾਬੀ ਵਿਚ ਗਿਣਾਤਮਕ ਪੱਖੋਂ ਸਭ ਤੋਂ ਵੱਧ ਕਹਾਣੀਆਂ ਲਿਖੀਆਂ । ਸਵੇਰ ਸਾਰ, ਪਿੱਪਲ ਪੱਤੀਆਂ, ਕੁੜੀ ਕਹਾਣੀ ਕਰਦੀ ਗਈ, ਅੱਗ ਖਾਣ ਵਾਲੇ, ਕਰਾਮਾਤ, ਇਕ ਛਿੱਟ ਚਾਨਣ ਦੀ, ਮਾਝਾ ਨਹੀਂ ਮੋਇਆ ਦੁੱਗਲ ਦੇ ਪ੍ਰਮੁੱਖ ਕਹਾਣੀ ਸੰਗ੍ਰਹਿ ਹਨ। ਦੁੱਗਲ 'ਕਲਾ ਕਲਾ ਲਈ' ਦੇ ਸਿਧਾਂਤ ਦਾ ਧਾਰਨੀ ਹੈ, ਜਿਸ ਕਾਰਨ ਉਸਦੀਆਂ ਕਹਾਣੀਆਂ ਵਿਚ ਸਮਾਜਕ ਯਥਾਰਥ ਦੀ ਥਾਂ ਮਨੋਵਿਗਿਆਨਕ ਗੁੰਝਲਾ ਨੂੰ ਪ੍ਰਮੁੱਖਤਾ ਹਾਸਲ ਹੈ।

ਇਸ ਦੌਰ ਦੀ ਪੰਜਾਬੀ ਕਹਾਣੀ ਦਾ ਸਭ ਤੋਂ ਪ੍ਰਮੁੱਖ ਕਹਾਣੀਕਾਰ ਕੁਲਵੰਤ ਸਿੰਘ ਵਿਰਕ ਹੈ। ਉਹ ਪੰਜਾਬੀ ਜੀਵਨ ਦੇ ਯਥਾਰਥ ਨੂੰ ਸਹਿਜ ਭਾਅ ਹੀ ਆਪਣੀਆਂ ਕਹਾਣੀਆਂ ਵਿਚ ਪ੍ਰਗਟਾਉਣ ਵਾਲ ਕਹਾਣੀਕਾਰ ਹੈ। ਉਸ ਦੀ ਵਿੱਲਖਣਤਾ ਉਸਦੇ ਨਿਰੋਲ ਕਹਾਣੀਕਾਰ ਹੋਣ ਕਰਕੇ ਹੈ। ਛਾਹ ਵੇਲਾ, ਧਰਤੀ ਤੇ ਆਕਾਸ਼, ਤੂੜੀ ਦੀ ਪੰਡ, ਏਕਸ ਕੇ ਹਮ ਬਾਰਕ, ਦੁੱਧ ਦਾ ਛੱਪੜ, ਗੋਲ੍ਹਾਂ, ਨਵੇਂ ਲੋਕ ਅਤੇ ਅਸਤਬਾਜ਼ੀ ਉਸਦੇ ਪ੍ਰਮੁੱਖ ਕਹਾਣੀ ਸੰਗ੍ਰਹਿ ਹਨ। ਵਿਰਕ ਦੀ ਕਹਾਣੀ ਕਲਾ ਦੀ ਵਿੱਲਖਣਤਾ ਇਸ ਗੱਲ ਵਿਚ ਹੈ ਕਿ ਬੇਸ਼ੱਕ ਉਹ ਦ੍ਰਿਸ਼ਟੀ ਪੱਖੋਂ ਮਾਰਕਸਵਾਦੀ ਹੈ ਅਤੇ ਮਨੋਵਿਗਿਆਨ ਲੱਭਤਾਂ ਤੋਂ ਵੀ ਜਾਣੂ ਹੈ, ਪਰ ਇਹ ਸਾਰੇ ਵਰਤਾਰੇ ਉਸਦੀ ਕਹਾਣੀ ਨੂੰ ਬੋਝਲ ਨਹੀਂ ਬਣਾਉਂਦੇ, ਸਗੋਂ ਇਹ ਸਭ ਅਚੇਤ ਰੂਪ ਵਿਚ ਹੀ ਉਸਦੀ ਕਹਾਣੀ ਦਾ ਹਿੱਸਾ ਬਣਦਾ ਹੈ।

ਇਸ ਦੌਰ ਦੇ ਦੋ ਹੋਰ ਮਹੱਤਵਪੂਰਨ ਕਹਾਣੀਕਾਰ ਨਵਤੇਜ ਸਿੰਘ ਅਤੇ ਸੰਤੋਖ ਸਿੰਘ ਧੀਰ ਹਨ। ਇਹ ਦੋਵੇਂ ਕਹਾਣੀਕਾਰ ਮਾਰਕਸਵਾਦੀ ਵਿਚਾਰਧਾਰਾ ਤੋਂ ਪ੍ਰਭਾਵਿਤ ਹਨ।ਨਵਤੇਜ ਸਿੰਘ ਆਪਣੀਆਂ ਕਹਾਣੀਆਂ ਵਿਚ ਕਿਰਤੀ ਲੋਕਾਂ ਦੇ ਜੀਵਨ ਯਥਾਰਥ ਦੀ ਪੇਸ਼ਕਾਰੀ ਕਰਨ ਵੱਲ ਰੁਚਿਤ ਹੁੰਦਾ ਹੈ। ਦੇਸ਼ ਵਾਪਸੀ, ਨਵੀਂ ਰੁੱਤ, ਬਾਸਮਤੀ ਦੀ ਮਹਿਕ ਤੇ ਚਾਨਣ ਦੇ ਬੀਜ ਉਸ ਦੁਆਰਾ ਰਚਿਤ ਕਹਾਣੀ ਸੰਗ੍ਰਹਿ ਹਨ। ਸੰਤੋਖ ਸਿੰਘ ਧੀਰ ਦੇ ਕਹਾਣੀ ਸੰਗ੍ਰਹਿ- ਸਿੱਟਿਆਂ ਦੀ ਛਾਂ, ਸਵੇਰ ਹੋਣ ਤੱਕ, ਸਾਂਝੀ ਕੰਧ ਤੇ ਸ਼ਰਾਬ ਦਾ ਗਲਾਸ ਹਨ। ਗੁਰਬਚਨ ਭੁੱਲਰ ਵੀ ਤੀਜੀ ਪੀੜ੍ਹੀ ਦਾ ਪ੍ਰਤਿਭਾਵਾਨ ਕਹਾਣੀਕਾਰ ਹੈ। ਉਹ ਪ੍ਰਤੀਕਾਂ ਤੇ ਸੰਕੇਤਾਂ ਰਾਹੀਂ ਆਪਣੀਆਂ ਕਹਾਣੀਆਂ ਨੂੰ ਬਿਆਨ ਕਰਦਾ ਹੈ। ਮਾਲਵੇ ਖੇਤਰ ਦੇ ਕਿਸਾਨੀ ਜੀਵਨ ਦੀ ਭਾਵਪੂਰਤ ਪੇਸ਼ਕਾਰੀ ਉਸ ਦੀਆਂ ਕਹਾਣੀਆਂ ਦਾ ਮੂਲ ਵਿਸ਼ਾ ਹੈ। ਹਲਾਂਕਿ ਉਸਨੇ ਮਹਾਂਨਗਰੀ ਜੀਵਨ ਬਾਰੇ ਵੀ ਕਈ ਮਹੱਤਵਪੂਰਨ ਕਹਾਣੀਆਂ ਦੀ ਰਚਨਾ ਕੀਤੀ ਹੈ। ਇਕੀਵੀਂ ਸਦੀ, ਦੀਵੇ ਵਾਂਗ ਬਲਦੀ ਅੱਖ, ਮੈਂ ਗਜਨਵੀਂ ਨਹੀਂ ਅਤੇ ਓਪਰਾ ਮਰਦ ਉਸਦੇ ਕੁਝ ਪ੍ਰਮੁੱਖ ਕਹਾਣੀ ਸੰਗ੍ਰਹਿ ਹਨ।

**ਚੌਥੇ ਦੌਰ ਦੀ ਪੰਜਾਬੀ ਕਹਾਣੀ :-** ਪੰਜਾਬੀ ਕਹਾਣੀ ਦੇ ਇਸ ਦੌਰ ਦੀ ਪ੍ਰਤਿਨਿਧਤਾ ਕਰਨ ਵਾਲੇ ਦੋ ਪ੍ਰਮੁੱਖ ਕਹਾਣੀਕਾਰ ਵਰਿਆਮ ਸੰਧੂ ਅਤੇ ਪ੍ਰੇਮ ਪ੍ਰਕਾਸ਼ ਹਨ। ਵਰਿਆਮ ਸੰਧੂ ਨੇ ਲੰਬੀ ਕਹਾਣੀ ਲਿਖਕੇ ਪੰਜਾਬੀ ਕਹਾਣੀ ਨੂੰ ਇਕ ਪਰਤੀ ਤੋਂ ਬਹੁ ਪਰਤੀ ਬਣਾਉਣ ਵਿਚ ਅਹਿਮ ਭੂਮਿਕਾ ਨਿਭਾਈ ਹੈ। ਅੰਗ ਸੰਗ, ਭੱਜੀਆਂ ਬਾਹੀਂ ਤੇ ਲੋਹੇ ਦੇ ਹੱਥ ਉਸਦੇ ਪ੍ਰਮੁੱਖ ਕਹਾਣੀ ਸੰਗ੍ਰਹਿ ਹਨ। ਪ੍ਰੇਮ ਪ੍ਰਕਾਸ਼ ਪੰਜਾਬੀ ਦਾ ਸਮਰੱਥ ਕਹਾਣੀਕਾਰ ਹੈ, ਜਿਸਨੇ ਪੂੰਜੀਵਾਦੀ ਦੌਰ ਦੀਆਂ ਗੁੰਝਲਾਂ ਦੇ ਮਨੁੱਖੀ ਅਵਚੇਤਨ 'ਤੇ ਪਏ ਪ੍ਰਭਾਵਾਂ ਨੂੰ ਆਪਣੀਆਂ ਕਹਾਣੀਆਂ ਦਾ ਵਿਸ਼ਾ ਬਣਾਇਆ ਹੈ। ਵਿਸ਼ੇਸ਼ਕਰ ਔਰਤ ਪਾਤਰਾਂ ਦੀ ਮਨੋਸਥਿਤੀ ਨੂੰ ਬਿਰਤਾਂਤ ਵਿਚ ਢਾਲਣ ਦੀ ਉਸਦੀ ਸਮਰੱਥਾ ਪ੍ਰੇਮ ਪ੍ਰਕਾਸ਼ ਨੂੰ ਪੰਜਾਬੀ ਦੇ ਵਿਲੱਖਣ ਕਹਾਣੀਕਾਰ ਵਜੋਂ ਸਥਾਪਤ ਕਰਦੀ ਹੈ। ਕਚਘੜੇ. ਨਮਾਜ਼ੀ, ਮੁਕਤੀ, ਸ਼ਵੇਤਾਂਬਰ ਨੇ ਕਿਹਾ ਸੀ, ਕੁਝ ਅਣਕਿਹਾ ਵੀ ਉਸਦੇ ਪ੍ਰਮੁੱਖ ਕਹਾਣੀ ਸੰਗ੍ਰਹਿ ਹਨ।

ਇਹਨਾਂ ਕਹਾਣੀਕਾਰਾਂ ਤੋਂ ਇਲਾਵਾ ਇਸ ਦੌਰ ਵਿਚ ਕਿਰਪਾਲ ਕਜ਼ਾਕ, ਮਨਮੋਹਨ ਬਾਵਾ, ਅਤਰਜੀਤ, ਗੁਰਪਾਲ ਲਿੱਟ ਨੇ ਵੀ ਪੰਜਾਬੀ ਕਹਾਣੀ ਦੇ ਵਿਕਾਸ ਵਿਚ ਵਡਮੁੱਲਾ ਯੋਗਦਾਨ ਪਾਇਆ ਹੈ। ਇਸੇ ਤਰ੍ਹਾਂ ਦਲੀਪ ਕੌਰ ਟਿਵਾਣਾ, ਅਜੀਤ ਕੌਰ ਤੇ ਸੁਖਵੰਤ ਕੌਰ ਮਾਨ ਜਿਹੀਆਂ ਨਾਰੀ ਲੇਖਕਾਂ ਨੇ ਵੀ ਪੰਜਾਬੀ ਕਹਾਣੀ ਦੇ ਖੇਤਰ ਵਿਚ ਵੀ ਗੌਲਣਯੋਗ ਕੰਮ ਕੀਤਾ ਹੈ।

**ਅਭਿਆਸ ਦੂਜਾ**

ਪ੍ਰਸ਼ਨ 1. ਗਲਪ ਤੋਂ ਕੀ ਭਾਵ ਹੈ?

ਉੱਤਰ ..........................................................................................................

..........................................................................................................

..........................................................................................................

..........................................................................................................

ਪ੍ਰਸ਼ਨ 2. ਜਸਵੰਤ ਸਿੰਘ ਕੰਵਲ ਦੇ ਪ੍ਰਮੁੱਖ ਨਾਵਲਾਂ ਦੇ ਨਾਂ ਲਿਖੋ।

ਉੱਤਰ ..........................................................................................................

..........................................................................................................

..........................................................................................................

..........................................................................................................

ਪ੍ਰਸ਼ਨ 3. ਕੁਲਵੰਤ ਸਿੰਘ ਵਿਰਕ ਦੀ ਕਹਾਣੀ ਕਲਾ ’ਤੇ ਸੰਖੇਪ ਟਿੱਪਣੀ ਲਿਖੋ।

ਉੱਤਰ ..........................................................................................................

..........................................................................................................

..........................................................................................................

..........................................................................................................

ਪ੍ਰਸ਼ਨ 4. ਨਾਨਕ ਸਿੰਘ ਅਤੇ ਗੁਰਦਿਆਲ ਸਿੰਘ ਦੀ ਨਾਵਲ ਕਲਾ ਦਾ ਤੁਲਨਾਤਮਕ ਅਧਿਐਨ ਪ੍ਰਸਤੁਤ ਕਰੋ।

ਉੱਤਰ ..........................................................................................................

..........................................................................................................

..........................................................................................................

..........................................................................................................

..........................................................................................................

..........................................................................................................

..........................................................................................................

..........................................................................................................

## 6.4 ਆਧੁਨਿਕ ਪੰਜਾਬੀ ਨਾਟਕ

ਸਾਹਿਤ ਦੀਆਂ ਹੋਰ ਵਿਧਾਵਾਂ ਦੇ ਮੁਕਾਬਲੇ ਨਾਟਕ ਦੀ ਵਿਲੱਖਣਤਾ ਇਸ ਦਾ ਸਾਹਿਤ ਅਤੇ ਕਲਾ ਦੋਵਾਂ ਨਾਲ ਜੁੜਿਆ ਹੋਣਾ ਹੈ। ਨਾਟਕ ਵੀ ਕਵਿਤਾ ਵਾਂਗ ਪੁਰਾਤਨ ਸਾਹਿਤ ਅਤੇ ਕਲਾ ਰੂਪ ਹੈ, ਪਰੰਤੂ ਪੰਜਾਬੀ ਸਾਹਿਤ ਵਿਚ ਇਸਦਾ ਆਰੰਭ ਆਧੁਨਿਕ ਦੌਰ ਵਿਚ ਹੀ ਹੁੰਦਾ ਹੈ। ਪੰਜਾਬ ਵਿਚ ਪਾਰਸੀ ਸਿੱਖਿਆ ਦੇ ਪਾਸਾਰ ਕਾਰਨ ਕਾਲਜਾਂ ਤੇ ਯੂਨੀਵਰਸਿਟੀਆਂ ਵਿਚ ਨਾਟਕ ਮੁਕਾਬਲਿਆਂ ਅਤੇ ਪਾਰਸੀ ਥੀਏਟਰ ਕੰਪਨੀਆਂ ਦੇ ਯੋਗਦਾਨ ਸਦਕਾ ਪੰਜਾਬ ਵਿਚ ਨਾਟਕ ਦੀ ਪਰਪੰਰਾ ਸ਼ੁਰੂ ਹੋਈ ਮੰਨੀ ਜਾਂਦੀ ਹੈ। ਇਸੇ ਤਰ੍ਹਾਂ ਰਾਮ ਲੀਲਾ ਅਤੇ ਰਾਸ ਲੀਲਾ ਪੇਸ਼ਕਾਰੀਆਂ ਨੇ ਵੀ ਪੰਜਾਬ ਵਿਚ ਨਾਟਕ ਅਤੇ ਰੰਗਮੰਚ ਨੂੰ ਵਿਕਸਤ ਕਰਨ ਵਿਚ ਮਹੱਤਵਪੂਰਨ ਭੂਮਿਕਾ ਨਿਭਾਈ। ਪੰਜਾਬੀ ਨਾਟਕ ਦੀ ਵਿਕਾਸ ਪ੍ਰਕਿਰਿਆ ਦਾ ਸੰਖੇਪ ਵਰਣਨ ਹੇਠਾਂ ਦਰਜ ਕੀਤਾ ਗਿਆ ਹੈ।

### 6.4.1. ਮੁਢਲਾ ਪੰਜਾਬੀ ਨਾਟਕ

ਕਵਿਤਾ ਅਤੇ ਨਾਵਲ ਵਾਂਗ ਪੰਜਾਬੀ ਵਿਚ ਮੌਲਿਕ ਨਾਟਕ ਦੀ ਸਿਰਜਣਾ ਦਾ ਸਭ ਤੋਂ ਪਹਿਲਾ ਯਤਨ ਭਾਈ ਵੀਰ ਸਿੰਘ ਨੇ ਹੀ ਕੀਤੀ। ਉਹਨਾਂ ਦਾ ਲਿਖਿਆ ਨਾਟਕ ‘ਰਾਜਾ ਲੱਖਦਾਤਾ ਸਿੰਘ’ ਪੰਜਾਬੀ ਦਾ ਮੁਢਲਾ ਨਾਟਕ ਮੰਨਿਆ ਜਾਂਦਾ ਹੈ। ਆਪਣੇ ਨਾਵਲਾਂ ਵਾਂਗ ਭਾਈ ਵੀਰ ਸਿੰਘ ਨੇ ਇਸ ਨਾਟਕ ਵਿਚ ਵੀ ਸਿੱਖ ਪਛਾਣ ਨੂੰ ਉਭਾਰਨ ਦੀ ਕੋਸ਼ਿਸ਼ ਕੀਤੀ ਹੈ। ਇਸ ਨਾਟਕ ਦੀ ਦ੍ਰਿਸ਼ਟੀ ਉਪਦੇਸ਼ਾਤਮਕ ਅਤੇ ਸਮਾਜ ਸੁਧਾਰਕ ਹੈ। ਭਾਈ ਵੀਰ ਸਿੰਘ ਤੋਂ ਇਲਾਵਾ ਇਸ ਦੌਰ ਵਿਚ ਗਿਆਨੀ ਦਿੱਤ ਸਿੰਘ ਦੇ ਲਿਖੇ ਦੋ ਨਾਟਕ ਵੀ ਮਿਲਦੇ ਹਨ।

ਇਹਨਾਂ ਨਾਟਕਾਂ ਵਿਚ ਸਿੱਖ ਸੰਕਲਪਾਂ ਅਤੇ ਸਿਧਾਂਤਾ ਦੀ ਵਿਆਖਿਆ ਕੀਤੀ ਗਈ ਹੈ। ਬਾਵਾ ਬੁੱਧ ਸਿੰਘ, ਲਾਲਾ ਕਿਰਪਾ ਸਾਗਰ ਅਤੇ ਬ੍ਰਿਜ ਲਾਲ ਸ਼ਾਸਤਰੀ ਵੀ ਇਹਨਾਂ ਸਮਿਆਂ ਦੇ ਕੁਝ ਪ੍ਰਮੁੱਖ ਨਾਟਕਕਾਰ ਹਨ। ਇਹਨਾਂ ਲੇਖਕਾਂ ਦੀਆਂ ਨਾਟਕੀ ਲਿਖਤਾਂ ਤਕਨੀਕੀ ਪੱਖ ਤੋਂ ਕਮਜ਼ੋਰ ਹਨ, ਜਿਸ ਕਰਕੇ ਇਹਨਾਂ ਦਾ ਮੰਚਣ ਮੁਮਕਿਨ ਨਹੀਂ ਹੋ ਸਕਿਆ।

**ਪਹਿਲੇ ਦੌਰ ਦਾ ਪੰਜਾਬੀ ਨਾਟਕ:-** 1913 ਈ. ਵਿਚ ਈਸ਼ਵਰ ਚੰਦਰ ਨੰਦਾ ਨੇ ਆਪਣਾ ਪਹਿਲਾ ਇਕਾਂਗੀ 'ਦੁਲਹਨ' ਲਿਖਿਆ, ਜਿਸਨੂੰ ਪੰਜਾਬੀ ਦਾ ਪਹਿਲਾ ਰੰਗਮੰਚੀ ਨਾਟਕ ਹੋਣ ਦਾ ਮਾਣ ਹਾਸਲ ਹੈ। ਇਹ ਇਕਾਂਗੀ ਬਾਅਦ ਵਿਚ 'ਸੁਹਾਗ' ਸਿਰਲੇਖ ਹੇਠ ਪ੍ਰਕਾਸ਼ਿਤ ਕੀਤਾ ਗਿਆ। ਪੰਜਾਬੀ ਨਾਟਕ ਨੂੰ ਆਧੁਨਿਕ ਲੀਹਾਂ 'ਤੇ ਲਿਆਉਣ ਲਈ ਪ੍ਰੇਰਣਾਸ੍ਰੋਤ ਬਣੀ ਇਕ ਅਇਰਸ਼ ਔਰਤ ਨੌਰਾ ਰਿਚਰਡਜ਼ ਹੈ, ਜਿਸਦੀ ਪ੍ਰੇਰਣਾ ਸਦਕਾ ਈਸ਼ਵਰ ਚੰਦਰ ਨੰਦਾ ਜਿਹੇ ਨਾਟਕਕਾਰਾਂ ਨੇ ਪੰਜਾਬੀ ਵਿਚ ਨਾਟ ਸਿਰਜਣਾ ਆਰੰਭ ਕੀਤੀ। ਸੁਭੱਦਰਾ, ਲਿੱਲੀ ਦਾ ਵਿਆਹ ਅਤੇ ਸੋਸ਼ਲ ਵਰਕਰ ਉਸਦੇ ਪ੍ਰਮੁੱਖ ਨਾਟਕ ਹਨ। ਇਸ ਦੌਰ ਦਾ ਇਕ ਹੋਰ ਪ੍ਰਮੁੱਖ ਨਾਟਕਕਾਰ ਹਰਚਰਨ ਸਿੰਘ ਹੈ। ਕਮਲਾ ਕੁਮਾਰੀ, ਰਾਜਾ ਪੋਰਸ, ਖੇਡਣ ਦੇ ਦਿਨ ਚਾਰ, ਅਨਜੋੜ ਉਸਦੇ ਪ੍ਰਮੁੱਖ ਨਾਟਕ ਹਨ। ਯਥਾਰਥਵਾਦ ਸ਼ੈਲੀ ਵਿਚ ਪੰਜਾਬੀ ਸਮਾਜ ਦੇ ਵੱਖ-ਵੱਖ ਮਸਲਿਆਂ ਦੀ ਪੇਸ਼ਕਾਰੀ ਉਸਦੇ ਨਾਟਕਾਂ ਦਾ ਮੁੱਖ ਵਿਸ਼ਾ ਹੈ। ਸੰਤ ਸਿੰਘ ਸੇਖੋਂ ਨੇ ਗਲਪ ਰਚਨਾ ਦੇ ਨਾਲ-ਨਾਲ ਨਾਟਕ ਰਚਨਾ ਵੀ ਕੀਤੀ। ਉਸਦੇ ਨਾਟਕਾਂ ਵਿਚ ਸਮਾਜਕ ਯਥਾਰਥਵਾਦ ਅਤੇ ਮਨਵਿਗਿਆਨਕ ਦਵੰਦਾਂ ਨੂੰ ਬਾਖ਼ੂਬੀ ਪੇਸ਼ ਕੀਤਾ ਗਿਆ ਹੈ। ਹਾਲਾਂਕਿ ਕੁਝ ਚਿੰਤਕ ਉਸਦੇ ਨਾਟਕਾਂ ਨੂੰ ਰੰਗਮੰਚ ਦੇ ਪੱਖ ਤੋਂ ਕਮਜ਼ੋਰ ਮੰਨਦੇ ਹਨ, ਪਰ ਇਸਦੇ ਬਾਵਜੂਦ ਨਵੀਨ ਵਿਸ਼ਿਆਂ ਦੀ ਪੇਸ਼ਕਾਰੀ ਕਾਰਨ ਸੇਖੋਂ ਪੰਜਾਬੀ ਦੇ ਬੇਹਤਰੀਨ ਨਾਟਕਕਾਰਾਂ ਵਿਚੋਂ ਇਕ ਹੈ। ਕਲਾਕਾਰ, ਨਾਰਕੀ, ਵਾਰਸ, ਮੌਇਆ ਸਾਰ ਨਾ ਕਾਈ, ਦਮਯੰਤੀ, ਮਿਤਰ ਪਿਆਰਾ ਅਤੇ ਸਿਆਲਾਂ ਦੀ ਨੱਢੀ ਉਸਦੇ ਪ੍ਰਮੁੱਖ ਨਾਟਕ ਹਨ।

**ਦੂਜੇ ਦੌਰ ਦਾ ਪੰਜਾਬੀ ਨਾਟਕ**:- ਪੰਜਾਬੀ ਨਾਟਕ ਨੂੰ ਵਿਸ਼ਵ ਪੱਧਰ ਦੀ ਨਾਟ ਕਲਾ ਨਾਲ ਜੋੜਨ ਅਤੇ ਇਸਨੂੰ ਨਵੀਂ ਦਿਸ਼ਾ ਦੇਣ ਵਿਚ ਬਲਵੰਤ ਗਾਰਗੀ ਦੀ ਭੂਮਿਕਾ ਬਹੁਤ ਅਹਿਮ ਹੈ। ਗਾਰਗੀ ਨੇ ਮਨੁੱਖੀ ਅਵਚੇਤਨ ਦੇ ਲੁਪਤ ਪਹਿਲੂਆਂ ਨੂੰ ਆਪਣੀ ਨਾਟ ਰਚਨਾ ਦਾ ਵਿਸ਼ਾ ਬਣਾਇਆ, ਪਰ ਉਸਦੇ ਨਾਟਕਾਂ ਦੀ ਵਿਲੱਖਣਤਾ ਉਸਦੀ ਸੰਵਾਦਕੀ ਮਲਵਈ ਬੋਲੀ ਹੈ, ਜੋ ਉਸਦੇ ਨਾਟ-ਵਾਰਤਾਲਾਪ ਨੂੰ ਵਧੇਰੇ ਯਥਾਰਥਕ ਬਣਾਉਂਦੀ ਹੈ। ਲੋਹਾ ਕੁੱਟ, ਸੈਲ ਪੱਥਰ, ਕੇਸਰੋ, ਕਣਕ ਦੀ ਬੱਲੀ. ਧੂਣੀ ਦੀ ਅੱਗ, ਸੌਕਣ ਅਤੇ ਸੁਲਤਾਨ ਰਜ਼ੀਆ ਉਸਦੇ ਪ੍ਰਮੁੱਖ ਨਾਟਕ ਹਨ। ਬਲਵੰਤ ਗਾਰਗੀ ਦੇ ਨਾਟ ਤਜ਼ਰਬਿਆਂ ਤੋਂ ਪ੍ਰਭਾਵਿਤ ਹੋ ਕੇ ਪੰਜਾਬੀ ਵਿਚ ਕਈ ਨਾਟਕਕਾਰਾਂ ਨੇ ਬੇਹਤਰੀਨ ਨਾਟ-ਰਚਨਾਵਾਂ ਕੀਤੀਆਂ। ਇਹਨਾਂ ਵਿਚ ਕਪੂਰ ਸਿੰਘ ਘੁੰਮਣ, ਸੁਰਜੀਤ ਸੇਠੀ, ਗੁਰਚਰਨ ਸਿੰਘ ਜਸੂਜਾ ਅਤੇ ਹਰਚਰਨ ਸਿੰਘ ਪ੍ਰਮੁੱਖ ਹਨ। ਕਪੂਰ ਸਿੰਘ ਘੁੰਮਣ ਨੇ ਪੰਜਾਬੀ ਨਾਟ ਸ਼ੈਲੀ ਦੇ ਪੱਖ ਤੋਂ ਕਈ ਨਵੇ ਪ੍ਰਯੋਗ ਕੀਤੇ। ਸੁਰਜੀਤ ਸਿੰਘ ਸੇਠੀ ਦੀ ਨਾਟ ਰਚਨਾ 'ਤੇ ਐਬਸਰਡ ਨਾਟ-ਸ਼ੈਲੀ ਦਾ ਪ੍ਰਭਾਵ ਹੈ। ਭਰਿਆ ਭਰਿਆ ਸੱਖਣਾ ਸੱਖਣਾ, ਕਿੰਗ ਮਿਰਜ਼ਾ ਤੇ ਸਪੇਰਾ, ਮਰਦ ਮਰਦ ਨਹੀਂ ਤੀਵੀਂ ਤੀਵੀਂ ਨਹੀਂ ਆਦਿ ਉਸਦੇ ਪ੍ਰਸਿੱਧ ਨਾਟਕ ਹਨ। ਹਰਚਰਨ ਸਿੰਘ ਯਥਾਰਥਵਾਦੀ ਨਾਟ ਸ਼ੈਲੀ ਵਿਚ ਨਾਟ ਰਚਨਾ ਕਰਨ ਵਾਲਾ ਨਾਟਕਕਾਰ ਹੈ। ਉਦਾਸ ਲੋਕ, ਲੰਬੇ ਸਮੇਂ ਦਾ ਨਰਕ, ਇਕਾਈ ਦਹਾਈ ਸੈਂਕੜਾ ਉਸਦੇ ਪ੍ਰਮੁੱਖ ਨਾਟਕ ਹਨ।

**ਤੀਜੇ ਦੌਰ ਦਾ ਨਾਟਕ**:- ਤੀਜੇ ਦੌਰ ਦੇ ਪੰਜਾਬੀ ਨਾਟਕ ਦਾ ਸਮਾਂ 1975 ਤੋਂ ਬਾਅਦ ਦਾ ਦੌਰ ਹੈ। ਇਸ ਸਮੇਂ ਵਿਚ ਭਾਰਤ ਅੰਦਰ ਲੱਗੀ ਐਮਰਜੈਂਸੀ ਅਤੇ ਦੂਜੇ ਪਾਸੇ ਨਕਸਲਬਾੜੀ ਲਹਿਰ ਦਾ ਉਭਾਰ ਪੰਜਾਬੀ ਨਾਟਕ ਲਈ ਨਵੀਂ ਜ਼ਮੀਨ ਤਿਆਰ ਕਰਦੇ ਹਨ। ਗੁਰਸ਼ਰਨ ਸਿੰਘ, ਅਜਮੇਰ ਔਲਖ, ਅਤੇ ਆਤਮਜੀਤ ਇਸ ਦੌਰ ਨਾਲ ਜੁੜੇ ਪ੍ਰਸਿੱਧ ਨਾਟਕਕਾਰ ਹਨ। ਗੁਰਸ਼ਰਨ ਸਿੰਘ ਪੰਜਾਬੀ ਵਿਚ ਨੁੱਕੜ ਨਾਟਕ ਦੀ ਪਰੰਪਰਾ ਵਿਕਸਤ ਕਰਦਾ ਹੈ। ਉਸਦੇ ਨਾਟਕ ਸਾਧਨ ਵਿਹੂਣੇ ਲੋਕਾਂ ਵਿਚ ਆਪਣੇ ਹੱਕਾਂ ਲਈ ਚੇਤਨਾ ਦਾ ਸੰਚਾਰ ਕਰਦੇ ਹਨ। ਅਜਮੇਰ ਔਲਖ ਗਾਰਗੀ ਵਾਂਗ ਆਪਣੇ ਨਾਟਕਾਂ ਵਿਚ ਮਲਵਈ ਬੋਲੀ ਦੀ ਵਰਤੋਂ ਕਰਦਾ ਹੈ, ਪਰ ਉਹ ਗਾਰਗੀ ਵਾਂਗ ਮਾਨਸਿਕ ਬੇਤਰਤੀਬੀਆਂ ਨੂੰ ਪੇਸ਼ ਕਰਨ ਦੀ ਥਾਂ ਨਿਮਨ ਕਿਸਾਨੀ ਦੇ ਸਮਾਜਕ-ਯਥਾਰਥ ਨੂੰ ਆਪਣੇ ਨਾਟਕਾਂ ਦਾ ਵਿਸ਼ਾ ਬਣਾਉਂਦਾ ਹੈ। ਬਗਾਨੇ ਬੋਹੜ ਦੀ ਛਾਂ. ਤੂੜੀ ਵਾਲਾ ਕੋਠਾ, ਇਕ ਰਮਾਇਣ ਹੋਰ, ਸੁੱਕੀ ਕੁੱਖ, ਝਨਾਂ ਦੇ ਪਾਣੀ ਉਸਦੇ ਪ੍ਰਮੁੱਖ ਨਾਟਕ ਹਨ। ਆਮਤਜੀਤ ਐਬਸਰਡ ਨਾਟ ਸ਼ੈਲੀ ਨੂੰ ਅਪਣਾ ਕੇ ਆਧੁਨਿਕ ਮਨੁੱਖ ਦੇ ਜੀਵਨ ਦੀ ਨਿਰਾਰਥਕਤਾ ਨੂੰ ਆਪਣੇ ਨਾਟਕਾਂ ਵਿਚ ਪੇਸ਼ ਕਰਦਾ ਹੈ, ਪਰ ਉਸਦੇ ਬਾਅਦ ਦੇ ਨਾਟਕਾਂ ਵਿਚ ਪੂੰਜੀਵਾਦੀ ਨਿਜ਼ਾਮ ਵਿਚ ਦਲਿਤ ਪਾਤਰਾਂ ਦੀ ਲਾਚਾਰੀ ਅਤੇ ਮਨੋਦਸ਼ਾ ਵੀ ਪੇਸ਼ ਹੁੰਦੀ ਹੈ। ਚਾਬੀਆਂ, ਮੁਰਗੀਖ਼ਾਨਾ, ਰਿਸ਼ਤਿਆਂ ਦਾ ਕੀ ਰੱਖੀਏ ਨਾਂ, ਪੂਰਨ, ਮੈਂ ਤਾਂ ਇਕ ਸਾਰੰਗੀ ਹਾਂ ਉਸਦੇ ਪ੍ਰਮੁੱਖ ਨਾਟਕ ਹਨ।

**ਚੌਥੇ ਦੌਰ ਦਾ ਨਾਟਕ**:- ਸਮਕਾਲੀ ਪੰਜਾਬੀ ਨਾਟਕ ਵਿਚ ਸਵਾਰਾਜਬੀਰ ਅਤੇ ਪਾਲੀ ਭੁਪਿੰਦਰ ਸਿੰਘ ਪ੍ਰਮੁੱਖ ਨਾਟਕਕਾਰ ਹਨ, ਜਿੰਨ੍ਹਾਂ ਨੇ ਪੰਜਾਬੀ ਨਾਟ ਜਗਤ ਨੂੰ ਨਵੀਆਂ ਸੰਭਾਵਨਾਵਾਂ ਨਾਲ ਜੋੜਿਆ ਹੈ। ਸਵਰਾਜਬੀਰ ਨੇ ਮਿਥਿਹਾਸਕ ਅਤੇ ਇਤਿਹਾਸਕ ਪ੍ਰਸੰਗਾਂ ਦੇ ਹਵਾਲਿਆਂ ਨਾਲ ਪੰਜਾਬੀ ਅਤੇ ਭਾਰਤੀ ਸਮਾਜ ਦੇ ਸਮਕਾਲੀ ਮਸਲਿਆਂ ਨੂੰ ਆਪਣੇ ਨਾਟਕਾਂ ਵਿਚ ਪੇਸ਼ ਕੀਤਾ ਹੈ। ਇਸ ਪੱਖ ਤੋਂ ਉਸਦੇ ਨਾਟਕ ਕ੍ਰਿਸ਼ਨ, ਧਰਮ ਗੁਰੂ, ਮੇਦਨੀ, ਸ਼ਇਰੀ ਅਤੇ ਅਗਨੀਕੁੰਡ ਵਿਸ਼ੇਸ਼ ਤੌਰ 'ਤੇ ਚਰਚਿਤ ਰਹੇ ਹਨ। ਪਾਲੀ ਭੁਪਿੰਦਰ ਸਿੰਘ ਨੇ ਮਿੱਟੀ ਦਾ ਬਾਵਾ, ਇਸ ਚੌਂਕ ਤੋਂ ਸ਼ਹਿਰ ਦਿਸਦਾ ਹੈ, ਮੈਂ ਭਗਤ ਸਿੰਘ, ਚੰਦਨ ਦੇ ਓਹਲੇ ਆਦਿ ਨਾਟਕਾਂ ਦੀ ਰਚਨਾ ਕੀਤੀ ਹੈ। ਇਨ੍ਹਾਂ ਤੋਂ ਇਲਾਵਾ ਸਤੀਸ਼ ਵਰਮਾ, ਮਨਜੀਤ ਪਾਲ ਕੌਰ, ਟੋਨੀ ਬਾਤਿਸ਼, ਦਵਿੰਦਰ ਦਮਨ ਆਦਿ ਇਸ ਦੌਰ ਦੇ ਪ੍ਰਮੁੱਖ ਨਾਟਕਕਾਰ ਹਨ।

**ਅਭਿਆਸ ਤੀਜਾ**

ਪ੍ਰਸ਼ਨ 1. ਪੰਜਾਬੀ ਦੇ ਕੋਈ ਚਾਰ ਨਾਟਕਾਂ ਦੇ ਨਾਂ ਦੱਸੋ।

ਉੱਤਰ ..........................................................................

..........................................................................

..........................................................................

..........................................................................

ਪ੍ਰਸ਼ਨ 2. ਬਲਵੰਤ ਗਾਰਗੀ ਦੇ ਨਾਟਕਾਂ ਦਾ ਪ੍ਰਮੁੱਖ ਵਿਸ਼ਾ ਕੀ ਹੈ?

ਉੱਤਰ ..............................................................................................................................

..............................................................................................................................

..............................................................................................................................

..............................................................................................................................

ਪ੍ਰਸ਼ਨ 3. ਤੀਜੇ ਦੌਰ ਦੇ ਪ੍ਰਮੁੱਖ ਪੰਜਾਬੀ ਨਾਟਕਕਾਰਾਂ ਦੇ ਨਾਂ ਲਿਖੋ।

ਉੱਤਰ ..............................................................................................................................

..............................................................................................................................

..............................................................................................................................

..............................................................................................................................

ਪ੍ਰਸ਼ਨ 4. ਪੰਜਾਬੀ ਨਾਟਕ ਦੇ ਇਤਿਹਾਸਕ ਵਿਕਾਸਕ੍ਰਮ ਬਾਰੇ ਚਰਚਾ ਕਰੋ।

ਉੱਤਰ ..............................................................................................................................

..............................................................................................................................

..............................................................................................................................

..............................................................................................................................

..............................................................................................................................

..............................................................................................................................

..............................................................................................................................

..............................................................................................................................

## 6.5 ਆਧੁਨਿਕ ਪੰਜਾਬੀ ਵਾਰਤਕ

ਵਾਰਤਕ ਸ਼ਬਦ ਸੰਸਕ੍ਰਿਤ ਭਾਸ਼ਾ ਦੇ 'ਵ੍ਰਿਤ' ਸ਼ਬਦ ਤੋਂ ਲਿਆ ਗਿਆ ਹੈ, ਜਿਸਦਾ ਅਰਥ ਹੈ ਟੀਕਾ ਜਾਂ ਜਾਣ ਪਛਾਣ। ਪਰੰਤੂ ਆਧੁਨਿਕ ਵਾਰਤਕ ਆਪਣੀ ਇਸ ਪਰਿਭਾਸ਼ਾ ਦੇ ਦਾਇਰਿਆਂ ਤੋਂ ਮੁਕਤ ਨਵੀਆਂ ਸਾਹਿਤਕ ਪ੍ਰਵਿਰਤੀਆਂ ਦਾ ਸੁਮੇਲ ਹੈ। ਅੰਗਰੇਜ਼ਾਂ ਨੇ ਆਪਣੀਆਂ ਪ੍ਰਸ਼ਾਸ਼ਕੀ ਲੋੜਾਂ ਨੂੰ ਪੂਰਾ ਕਰਨ ਲਈ ਸ਼ਰਧਾ ਰਾਮ ਫਿਲੌਰੀ ਤੋਂ ਦੋ ਕਿਤਾਬਾਂ ਲਿਖਵਾਈਆਂ- ਪੰਜਾਬੀ ਬਾਤ ਚੀਤ ਅਤੇ ਸਿੱਖ ਰਾਜ ਦੀ ਵਿੱਥਿਆ। ਇਹਨਾਂ ਪੁਸਤਕਾਂ ਦੀ ਰਚਨਾ ਨਾਲ ਆਧੁਨਿਕ ਪੰਜਾਬੀ ਵਾਰਤਕ ਦਾ ਮੁੱਢ ਬੱਝਦਾ ਹੈ। ਭਾਈ ਵੀਰ ਸਿੰਘ ਦੁਆਰਾ ਲਿਖੇ ਗਏ ਸਿੱਖ ਚਮਤਕਾਰਾਂ ਨੂੰ ਵੀ ਮੁਢਲੀ ਪੰਜਬੀ ਵਾਰਤਕ ਦੀ ਸ੍ਰੇਣੀ ਵਿਚ ਰੱਖਿਆ ਜਾਂਦਾ ਹੈ। ਇਸ ਦੌਰ ਵਿਚ ਗਿਆਨੀ ਦਿੱਤ ਸਿੰਘ, ਪੰਡਿਤ ਤਾਰਾ ਸਿੰਘ ਨਰੋਤਮ ਤੇ ਚਰਨ ਸਿੰਘ ਦੀਆਂ ਵਾਰਤਕ ਰਚਨਾਵਾਂ ਮਿਲਦੀਆਂ ਹਨ)। ਜਿੱਥੇ ਮੱਧਕਾਲੀ ਵਾਰਤਕ ਵਿਚ ਸਾਖੀ, ਜਨਮਸਾਖੀ, ਗੋਸਿਟ, ਟੀਕੇ, ਪਰਮਾਰਥ, ਰਹਿਤਨਾਮੇ ਆਦਿ ਰੂਪਾਕਰ ਸ਼ਾਮਲ ਸਨ, ਉਥੇ ਆਧੁਨਿਕ ਪੰਜਾਬੀ ਵਾਰਤਕ ਵਿਚ ਨਿਬੰਧ, ਜੀਵਨੀ, ਸਵੈ-ਜੀਵਨੀ, ਸਫ਼ਰਨਾਮਾ, ਰੇਖਾ ਚਿੱਤਰ, ਡਾਇਰੀ ਅਤੇ ਚਿੱਠੀਆਂ ਜਿਹੇ ਰੂਪਾਕਾਰਾਂ ਨੂੰ ਤਰਜੀਹ ਹਾਸਲ ਹੈ। ਇਹਨਾਂ ਵਿਚੋਂ ਕੁਝ ਪੰਜਾਬੀ ਵਾਰਤਕ ਰੂਪਾਕਾਰਾਂ ਬਾਰੇ ਜਾਣਕਾਰੀ ਹੇਠ ਦਰਜ ਕੀਤੀ ਗਈ ਹੈ:

### 6.5.1 ਨਿਬੰਧ

ਨਿਬੰਧ ਆਧੁਨਿਕ ਪੰਜਾਬੀ ਵਾਰਤਕ ਦੀ ਪ੍ਰਮੁੱਖ ਵੰਨਗੀ ਹੈ। ਪ੍ਰੋ. ਪੂਰਨ ਸਿੰਘ ਦੀ ਵਾਰਤਕ ਪੁਸਤਕ 'ਖੁਲ੍ਹੇ ਲੇਖ' ਪੰਜਾਬੀ ਨਿਬੰਧ ਰਚਨਾ ਦਾ ਪਹਿਲਾ ਸੰਗ੍ਰਹਿ ਹੈ। ਪ੍ਰੋ. ਪੂਰਨ ਸਿੰਘ ਤੋਂ ਇਲਾਵਾ ਪ੍ਰਿੰਸੀਪਲ ਤੇਜਾ ਸਿੰਘ ਅਤੇ ਲਾਲ ਸਿੰਘ ਕਮਲਾ ਅਕਾਲੀ ਵੀ ਇਸ ਦੌਰ ਦੇ ਪ੍ਰਮੁੱਖ ਨਿਬੰਧਕਾਰ ਹਨ। ਪੰਜਾਬੀ ਨਿਬੰਧ ਰਚਨਾ ਨੂੰ ਬੁਲੰਦੀ 'ਤੇ ਪਹੁੰਚਾਉਣ ਦਾ ਸਿਹਰਾ ਗੁਰਬਖਸ਼ ਸਿੰਘ ਪ੍ਰੀਤਲੜੀ ਸਿਰ ਬੱਝਦਾ ਹੈ। ਸਾਵੀਂ ਪੱਧਰੀ ਜ਼ਿੰਦਗੀ, ਸਵੈ ਪੂਰਨਤਾ ਦੀ ਲਗਨ, ਨਵਾਂ ਸ਼ਿਵਾਲਾ, ਪਰਮ ਮਨੁੱਖ ਆਦਿ ਉਸਦੇ ਪ੍ਰਮੁੱਖ ਨਿਬੰਧ ਸੰਗ੍ਰਹਿ ਹਨ। ਸਿੱਖ ਚਿੰਤਨ ਅਤੇ ਫ਼ਲਸਫ਼ੇ ਨਾਲ ਸਬੰਧਤ ਕੁਝ ਵਿਦਵਾਨਾਂ ਨੇ ਵੀ ਇਸ ਦੌਰ ਵਿਚ ਨਿਬੰਧ ਰਚਨਾ ਕੀਤੀ। ਇਹਨਾਂ ਵਿਚ ਪ੍ਰੋ. ਸਾਹਿਬ ਸਿੰਘ, ਕਪੂਰ ਸਿੰਘ, ਅਤੇ ਡਾ. ਬਲਬੀਰ ਸਿੰਘ ਪ੍ਰਮੁੱਖ ਹਨ। ਇਹਨਾਂ ਨਿਬੰਧਕਾਰਾਂ ਨੇ ਆਪਣੀਆਂ ਰਚਨਾਵਾਂ ਵਿਚ ਅਧਿਆਤਮਕ ਜੀਵਨ ਅਤੇ ਗੁਰਬਾਣੀ ਦੇ ਦਾਰਸ਼ਨਿਕ ਅਧਾਰਾਂ ਨੂੰ ਸਪਸ਼ਟ ਕਰਨ ਵਿਚ ਅਹਿਮ ਭੂਮਿਕਾ ਨਿਭਾਈ। ਸਮਕਾਲੀ ਦੌਰ ਵਿਚ ਨਿਬੰਧ ਰਚਨਾ ਕਰਨ ਵਾਲੇ ਵਾਰਤਕਕਾਰਾਂ ਵਿਚੋਂ ਨਰਿੰਦਰ ਸਿੰਘ ਕਪੂਰ, ਹਰਪਾਲ ਸਿੰਘ ਪੰਨੂ, ਅਮਰਜੀਤ ਚੰਦਨ, ਜਸਵੰਤ ਦੀਦ, ਪਰਮਿੰਦਰ ਸੋਢੀ ਅਤੇ ਗੁਰਬਚਨ ਪ੍ਰਮੁੱਖ ਹਨ।

### 6.5.2 ਸਵੈਜੀਵਨੀ

ਪੰਜਾਬੀ ਵਾਰਤਕ ਦਾ ਮਹੱਤਵਪੂਰਨ ਰੂਪਾਕਾਰ ਸਵੈਜੀਵਨੀ ਕਿਸੇ ਵਿਅਕਤੀ ਦਾ ਆਪਣੇ ਸਮੁਚੇ ਜੀਵਨ ਬਾਰੇ ਘੜਿਆ ਬਿਰਤਾਂਤ ਹੈ। ਤੇਜਾ ਸਿੰਘ ਦੀ ਸਵੈ-ਜੀਵਨੀ ਆਰਸੀ, ਨਾਨਕ ਸਿੰਘ ਦੀ ਮੇਰੀ ਦੁਨੀਆਂ, ਬਲਰਾਜ ਸਾਹਨੀ ਦੀ ਮੇਰੀ ਫਿਲਮੀ ਆਤਮ ਕਥਾ ਪੰਜਾਬੀ ਦੀਆਂ ਮੁਢਲੀਆਂ ਸਵੈਜੀਵਨੀਆਂ ਹਨ। ਗੁਰਬਖਸ਼ ਸਿੰਘ ਪ੍ਰੀਤਲੜੀ ਨੇ ਮੰਜ਼ਿਲ ਦਿਸ ਪਈ ਅਤੇ ਮੇਰੀ ਜੀਵਨ ਕਹਾਣੀ ਨਾਮਕ ਦੋ ਸਵੈਜੀਵਨੀਆਂ ਦੀ ਰਚਨਾ ਕੀਤੀ। ਸੰਤ ਸਿੰਘ ਸੇਖੋਂ ਦੀ ਸਵੈਜੀਵਨੀ 'ਉਮਰ ਦਾ ਪੰਧ' ਅਤੇ ਬਲਵੰਤ ਗਾਰਗੀ ਦੀ ਸਵੈਜੀਵਨੀ 'ਨੰਗੀ ਧੁੱਪ' ਆਪਣੀ ਬੇਬਾਕੀ ਕਾਰਨ ਇਕੋਂ ਸਮੇਂ ਚਰਚਾ ਤੇ ਆਲੋਚਨਾ ਦਾ ਸ਼ਿਕਾਰ ਹੋਈਆਂ। ਅਮ੍ਰਿਤਾ ਪ੍ਰੀਤਮ ਦੀ ਸਵੈਜੀਵਨੀ 'ਰਸੀਦੀ ਟਿਕਟ' ਨਾਲ ਪੰਜਾਬੀ ਵਿਚ ਨਾਰੀ ਸਵੈਜੀਵਨੀ ਦੀ ਸ਼ੁਰੂਆਤ ਹੁੰਦੀ ਹੈ। ਬਾਅਦ ਵਿਚ ਅਜੀਤ ਕੌਰ, ਦਲੀਪ ਕੌਰ ਟਿਵਾਣਾ, ਪ੍ਰਭਜੋਤ ਕੌਰ, ਬਚਿੰਤ ਕੌਰ ਆਦਿ ਪੰਜਾਬੀ ਲੇਖਕਾਵਾਂ ਨੇ ਵੀ ਆਪਣੀਆਂ ਸਵੈਜੀਵਨੀਆਂ ਲਿਖੀਆਂ। ਪੰਜਾਬੀ ਸਵੈਜੀਵਨੀ ਦੀ ਇਕ ਪ੍ਰਮੁੱਖ ਵਨੰਗੀ ਦਲਿਤ ਸਵੈਜੀਵਨੀ ਹੈ। ਬਲਵੀਰ ਮਾਧੋਪੁਰੀ, ਅਰਤਜੀਤ, ਲਾਲ ਸਿੰਘ ਦਿਲ ਆਦਿ ਲੇਖਕਾਂ ਨੇ ਆਪਣੀਆਂ ਸਵੈਜੀਵਨੀਆਂ ਵਿਚ ਦਲਿਤ ਹੋਣ ਦੇ ਦੁਖਾਂਤ ਦੀ ਪੇਸ਼ਕਾਰੀ ਕੀਤੀ ਹੈ।

### 6.5.3 ਰੇਖਾ ਚਿੱਤਰ

ਜਿੱਥੇ ਜੀਵਨੀ ਜਾਂ ਸਵੈਜੀਵਨੀ ਵਿਚ ਕਿਸੇ ਵਿਅਕਤੀ ਦੀ ਜ਼ਿੰਦਗੀ ਦਾ ਪੂਰਾ ਵੇਰਵਾ ਦਰਜ ਕੀਤਾ ਜਾਂਦਾ ਹੈ, ਉਸੇ ਰੇਖਾ ਚਿੱਤਰ ਵਿਚ ਕਿਸੇ ਵਿਅਕਤੀ ਦੀ ਵਿਲੱਖਣਤਾ ਅਤੇ ਉਸਦੇ ਜੀਵਨ ਨਾਲ ਜੁੜੀਆਂ ਘਟਨਾਵਾਂ ਨੂੰ ਕਲਾਤਮਕ ਪੁੱਠ ਦੇ ਕੇ ਰੋਚਕ ਸ਼ੈਲੀ ਵਿਚ ਬਿਆਨਿਆ ਜਾਂਦਾ ਹੈ। ਪੰਜਾਬੀ ਰੇਖਾ ਚਿਤਰ ਸਾਹਿਤ ਦੇ ਖੇਤਰ ਵਿਚ ਸਭ ਤੋਂ ਉੱਭਰਵਾਂ ਨਾਂ ਬਲਵੰਤ ਗਾਰਗੀ ਦਾ ਹੈ। ਗਾਰਗੀ ਨੇ ਆਪਣੇ ਸਾਹਿਤਕ ਅਤੇ ਫਿਲਮ ਜਗਤ ਨਾਲ ਸੰਬੰਧਤ ਦੋਸਤਾਂ ਬਾਰੇ ਨਿੰਮ ਦੇ ਪੱਤੇ, ਸੁਰਮੇ ਵਾਲੀ ਅੱਖ ਅਤੇ ਕੌਡੀਆਂ ਵਾਲਾਂ ਸੱਪ ਨਾਮਕ ਰੇਖਾਂ ਚਿਤਰਾਂ ਦੀਆਂ ਪੁਸਤਕਾਂ ਦੀ ਰਚਨਾ ਕੀਤੀ। ਪ੍ਰੋ. ਪ੍ਰੀਤਮ ਸਿੰਘ ਦੇ ਰੇਖਾ ਚਿੱਤਰ ਸੰਗ੍ਰਹਿ 'ਮੂਰਤਾਂ' ਦਾ ਪੰਜਾਬੀ ਰੇਖਾਂ ਚਿਤਰ ਸਾਹਿਤ ਵਿਚ ਇਕ ਵਿਸ਼ੇਸ਼ ਮੁਕਾਮ ਹੈ। ਸ. ਸੋਜ਼, ਕੁਲਦੀਪ ਸਿੰਘ ਧੀਰ ਅਤੇ ਅਨੂਪ ਵਿਰਕ ਨੇ ਵੀ ਰੇਖਾ ਚਿੱਤਰਾਂ ਦੀ ਰਚਨਾ ਕੀਤੀ ਹੈ। ਸਮਕਾਲੀ ਦੌਰ ਵਿਚ ਗੁਰਬਚਨ ਨੇ ਸਾਹਿਤ ਦੇ ਸਿਕੰਦਰ ਪੁਸਤਕ ਲਿਖ ਕੇ ਰੇਖਾ ਚਿਤਰ ਦੀ ਵਿਧਾ ਨੂੰ ਨਵੀਂ ਦਿਸ਼ਾ ਦਿੱਤੀ ਹੈ। ਨਿੰਦਰ ਘੁਗਿਆਣਵੀ ਨੇ ਗੀਤ ਸੰਗੀਤ ਅਤੇ ਪ੍ਰਿੰਸੀਪਲ ਸਰਵਣ ਸਿੰਘ ਨੇ ਖੇਡ ਜਗਤ ਨਾਲ ਜੁੜੇ ਪੰਜਾਬੀਆਂ ਦੇ ਰੇਖਾ ਚਿੱਤਰ ਲਿਖੇ ਹਨ।

### 6.5.4 ਸਫ਼ਰਨਾਮਾ

ਸਫ਼ਰਨਾਮਾ ਕਿਸੇ ਯਾਤਰਾ ਦਾ ਬਿਰਤਾਂਤ ਹੈ, ਜਿਸ ਵਿਚ ਲੇਖਕ ਆਪਣੀ ਯਾਤਰਾ ਦੇ ਪ੍ਰਸੰਗਾਂ ਨੂੰ ਬਿਆਨ ਕਰਦਾ ਹੈ। ਪੰਜਾਬੀ ਵਿਚ ਬਲਰਾਜ ਸਾਹਨੀ ਦੇ ਦੋ ਸਫ਼ਰਨਾਮੇ ਮੇਰਾ ਰੂਸੀ ਸਫ਼ਰਨਾਮਾ ਅਤੇ ਮੇਰਾ ਪਾਕਿਸਤਾਨੀ ਸਫ਼ਰਨਾਮਾ ਦੀ ਰਚਨਾ ਨਾਲ ਪੰਜਾਬੀ ਸਫ਼ਰਨਾਮਾ ਸਾਹਿਤ ਪੱਕੇ ਪੈਰੀਂ ਸਥਾਪਤ ਹੁੰਦਾ ਹੈ। ਲਾਲ ਸਿੰਘ ਕਮਲਾ ਅਕਾਲੀ ਦਾ ਮੇਰਾ ਵਲਾਇਤੀ ਸਫ਼ਰਨਾਮਾ, ਸੋਹਨ ਸਿੰਘ ਜੋਸ਼ ਦਾ ਮੇਰੀ ਰੂਸ ਯਾਤਰਾ, ਐਸ. ਐਸ ਅਮੋਲ ਦਾ ਯਾਤਰੂ ਦੀ ਡਾਇਰੀ ਪੰਜਾਬੀ ਦੇ ਮੁਢਲੇ ਸਫ਼ਰਨਾਮੇ ਹਨ। ਬਲਵੰਤ ਗਾਰਗੀ, ਜਗਜੀਤ ਸਿੰਘ ਆਨੰਦ ਅਤੇ ਹਰਭਜਨ ਸਿੰਘ ਹਲਵਾਰਵੀ ਨੇ ਵੀ ਸਫ਼ਰਨਾਮਿਆਂ ਦੀ ਰਚਨਾ ਕੀਤੀ। ਅਮਰੀਕਾ ਦੀ ਯਾਤਰਾ ਬਾਰੇ ਨਰਿੰਦਰ ਸਿੰਘ ਕਪੂਰ ਦਾ ਸਫ਼ਰਨਾਮਾ ਪੰਜਾਬੀ ਦੇ ਪ੍ਰਮੁੱਖ ਸਫ਼ਰਨਾਮਿਆਂ ਵਿਚੋਂ ਇਕ ਹੈ। ਇਸੇ ਤਰ੍ਹਾਂ ਗੁਰਬਚਨ ਰਚਿਤ ਸਫ਼ਰਨਾਮਾ 'ਮਹਾਯਾਤਰਾ' ਪੰਜਾਬੀ ਸਫ਼ਰਨਾਮਾ ਦੇ ਖੇਤਰ ਵਿਚ ਨਵਾਂ ਪ੍ਰਯੋਗ ਹੈ।

ਆਧੁਨਿਕ ਪੰਜਾਬੀ ਵਾਰਤਕ ਵਿਚ ਚਿੱਠੀਆਂ ਅਤੇ ਡਾਇਰੀ ਨੂੰ ਪ੍ਰਕਾਸ਼ਤ ਕਰਨ ਦਾ ਰੁਝਾਨ ਵੀ ਪੈਦਾ ਹੋਇਆ ਹੈ, ਜਿਸ ਨਾਲ ਨਵੀਨ ਵਾਰਤਕ ਵੰਨਗੀਆਂ ਦਾ ਪੰਜਾਬੀ ਸਾਹਿਤ ਜਗਤ ਵਿਚ ਪਸਾਰ ਹੋਇਆ ਹੈ। ਬਲਰਾਜ ਸਾਹਨੀ ਦੀ ਪੁਸਤਕ 'ਮੇਰੀ ਗ਼ੈਰ ਜਜਬਾਤੀ ਡਾਇਰੀ' ਇਸ ਪੱਖ ਤੋਂ ਪੰਜਾਬੀ ਦੀ ਪਹਿਲੀ ਡਾਇਰੀ ਹੈ। ਪਾਸ਼ ਦੀ ਡਾਇਰੀ ਅਤੇ ਚਿੱਠੀਆਂ ਦੇ ਪ੍ਰਕਾਸ਼ਨ ਨਾਲ ਇਸ ਵਾਰਤਕ ਵਿਧਾ ਦੀਆਂ ਕੁਝ ਨਵੀਨ ਸੰਭਾਵਨਾਵਾਂ ਉਜਾਗਰ ਹੋਈਆਂ ਹਨ।

**ਅਭਿਆਸ ਚੌਥਾ**

ਪ੍ਰਸ਼ਨ 1. 'ਵਾਰਤਕ' ਸ਼ਬਦ ਦੇ ਅਰਥਾਂ ਨੂੰ ਸਪਸ਼ਟ ਕਰੋ।

ਉੱਤਰ ..........................................................................................

..........................................................................................

..........................................................................................

..........................................................................................

ਪ੍ਰਸ਼ਨ 2. ਆਧੁਨਿਕ ਪੰਜਾਬੀ ਵਾਰਤਕ ਦੇ ਪ੍ਰਮੁੱਖ ਰੂਪਾਕਾਰਾਂ ਦੇ ਨਾਂ ਲਿਖੋ।

ਉੱਤਰ ..........................................................................................

..........................................................................................

..........................................................................................

..........................................................................................

ਪ੍ਰਸ਼ਨ 3. ਜੀਵਨੀ ਤੇ ਸਵੈ-ਜੀਵਨੀ ਸਾਹਿਤ ਵਿਚਲੇ ਅੰਤਰ ਨੂੰ ਸਪਸ਼ਟ ਕਰੋ।

ਉੱਤਰ ...........................................................................................................

...........................................................................................................

...........................................................................................................

...........................................................................................................

ਪ੍ਰਸ਼ਨ 4. ਪੰਜਾਬੀ ਸਫ਼ਰਨਾਮਾ ਸਾਹਿਤ ਬਾਰੇ ਸੰਖੇਪ ਟਿੱਪਣੀ ਲਿਖੋ।

ਉੱਤਰ ...........................................................................................................

...........................................................................................................

...........................................................................................................

...........................................................................................................

## ਪੁਸਤਕ ਸੂਚੀ


1. ਰਜਿੰਦਰਪਾਲ ਸਿੰਘ ਬਰਾੜ, ਆਧੁਨਿਕ ਪੰਜਾਬੀ ਕਵਿਤਾ ਦਾ ਇਤਿਹਾਸ, ਪੰਜਾਬੀ ਅਕੈਡਮੀ ਦਿੱਲੀ 2006
2. ਬਲਦੇਵ ਸਿੰਘ ਧਾਲੀਵਾਲ, ਆਧੁਨਿਕ ਪੰਜਾਬੀ ਕਹਾਣੀ ਦਾ ਇਤਿਹਾਸ, ਪੰਜਾਬੀ ਅਕੈਡਮੀ ਦਿੱਲੀ 2006
3. ਸਤੀਸ਼ ਕੁਮਾਰ ਵਰਮਾ, ਆਧੁਨਿਕ ਪੰਜਾਬੀ ਨਾਟਕ ਦਾ ਇਤਿਹਾਸ, ਪੰਜਾਬੀ ਅਕੈਡਮੀ ਦਿੱਲੀ 2006
4. ਸਤਿੰਦਰ ਸਿੰਘ, ਆਧੁਨਿਕ ਪੰਜਾਬੀ ਵਾਰਤਕ ਦਾ ਇਤਿਹਾਸ, ਪੰਜਾਬੀ ਅਕੈਡਮੀ ਦਿੱਲੀ 2006
5. ਜੀਤ ਸਿੰਘ ਸ਼ੀਤਲ, ਪੰਜਾਬੀ ਸਾਹਿਤ ਦਾ ਆਲੋਚਨਾਤਮਕ ਇਤਿਹਾਸ, ਪੈਪਸੂ ਬੁਕ ਡਿੱਪੂ, 1976.
6. ਕਿਰਪਾਲ ਸਿੰਘ ਕਸੇਲ, ਗੋਬਿੰਦ ਸਿੰਘ, ਪਰਮਿੰਦਰ ਸਿੰਘ, ਪੰਜਾਬੀ ਸਾਹਿਤ ਦੀ ਉਤਪਤੀ ਤੇ ਵਿਕਾਸ, ਲਾਹੌਰ ਬੁੱਕ ਸ਼ਾਪ, ਲੁਧਿਆਣਾ,1974.
7. ਡਾ. ਜਸਵਿੰਦਰ ਸਿੰਘ ਢੀਂਡਸਾ, ਮਾਨ ਸਿੰਘ, ਪੰਜਾਬੀ ਸਾਹਿਤ ਦਾ ਇਤਿਹਾਸ (ਆਧੁਨਿਕ ਕਾਲ 1901-1995), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1998.
8. ਪਰਮਿੰਦਰ ਸਿੰਘ, ਪੰਜਾਬੀ ਸਾਹਿਤ ਦਾ ਇਤਿਹਾਸ (ਅਦਿ ਕਾਲ ਤੋਂ 1700 ਈ. ਤੱਕ), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1999.


ignou THE PEOPLE'S UNIVERSITY

# 7 ਮੱਧਕਾਲੀ ਪੰਜਾਬੀ ਕਾਵਿ

## ਪਾਠ ਦੀ ਰੂਪ ਰੇਖਾ


7.0 ਮਨੋਰਥ

7.1 ਭੂਮਿਕਾ

7.2 ਗੁਰਮਤਿ ਕਾਵਿ ਧਾਰਾ: ਜਾਣ ਪਛਾਣ

 7.2.1 ਗੁਰੂ ਨਾਨਕ ਦੇਵ ਜੀ ਦੀ ਬਾਣੀ ਦਾ ਇਕ ਅੰਸ਼

 7.2.2 ਗੁਰੂ ਅਰਜਨ ਦੇਵ ਜੀ ਦੀ ਬਾਣੀ ਦਾ ਇਕ ਅੰਸ਼

7.3 ਸੂਫ਼ੀ ਕਾਵਿ ਧਾਰਾ: ਜਾਣ ਪਛਾਣ

 7.3.1 ਬਾਬਾ ਫ਼ਰੀਦ ਦੇ ਕੁਝ ਸਲੋਕ

 7.3.2 ਬੁਲ੍ਹੇ ਸ਼ਾਹ ਦੀ ਕਾਫ਼ੀ ਦਾ ਇਕ ਅੰਸ਼

7.4 ਕਿੱਸਾ ਕਾਵਿ ਧਾਰਾ: ਜਾਣ ਪਛਾਣ

 7.4.1 ਵਾਰਸ ਸ਼ਾਹ ਦੇ ਕਿੱਸੇ ਦਾ ਇਕ ਅੰਸ਼

 7.4.2 ਕਾਦਰਯਾਰ ਦੇ ਕਿੱਸੇ ਦਾ ਇਕ ਅੰਸ਼

7.5 ਬੀਰ ਕਾਵਿ ਧਾਰਾ: ਜਾਣ ਪਛਾਣ

 7.5.1 ਗੁਰੂ ਗੋਬਿੰਦ ਸਿੰਘ ਜੀ ਦੁਆਰਾ ਰਚਿਤ ਚੰਡੀ ਦੀ ਵਾਰ ਦਾ ਇਕ ਅੰਸ਼

 7.5.2 ਸ਼ਾਹ ਮੁਹੰਮਦ ਦੇ ਜੰਗਨਾਮੇ ਦਾ ਇਕ ਅੰਸ਼

7.6 ਸਾਰ


## 7.0 ਮਨੋਰਥ

ਮੱਧਕਾਲੀ ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਪੰਜਾਬੀ ਕਵਿਤਾ ਆਪਣੇ ਅਧਿਆਤਮਕ ਅਤੇ ਰੁਮਾਂਟਿਕ ਪ੍ਰਭਾਵ ਕਾਰਨ ਵੱਧ ਮਹੱਤਵ ਰੱਖਦੀ ਹੈ। ਪੰਜਾਬੀ ਸਾਹਿਤ ਦੇ ਪਾਠਕ ਲਈ ਇਸ ਕਾਲ ਦੀ ਕਵਿਤਾ ਬਾਰੇ ਜਾਣਨਾ ਬਹੁਤ ਮਹੱਤਵਪੂਰਨ ਹੈ। ਇਹ ਉਹ ਸਮਾਂ ਹੈ ਜਦੋਂ ਗ਼ਜ਼ਨਵੀ ਆਪਣਾ ਸ਼ਾਸਨ ਪੰਜਾਬ ਵਿਚ ਸਥਾਪਤ ਕਰ ਚੁਕਿਆ ਸੀ ਤੇ ਦੋ ਤਰ੍ਹਾਂ ਦੇ ਸੱਭਿਆਚਾਰ ਇਕ ਸਾਮੀ ਤੇ ਦੂਜਾ ਆਰਿਆਈ ਆਪਸ ਵਿਚ ਨਵੀਂ ਤਰ੍ਹਾਂ ਦੀ ਸਾਂਝ ਪਾ ਰਹੇ ਸਨ, ਜਿਸ ਵਿਚੋਂ ਇਹ ਵਿਲੱਖਣ ਕਿਸਮ ਦੀ ਕਵਿਤਾ ਜਨਮ ਲੈਂਦੀ ਹੈ। ਇਸ ਪਾਠ ਰਾਹੀਂ ਮੱਧਕਾਲੀ ਪੰਜਾਬੀ ਸਾਹਿਤ ਦੀਆਂ ਪ੍ਰਮੁੱਖ ਚਾਰ ਧਾਰਾਵਾਂ ਨਾਲ ਸੰਬੰਧਿਤ ਰਚਿਤ ਸਾਹਿਤ ਬਾਰੇ ਸੰਖੇਪ ਜਾਣ ਪਛਾਣ ਕਰਵਾਉਣਾ ਹੀ ਸਾਡਾ ਮਨੋਰਥ ਹੈ।

## 7.1 ਭੂਮਿਕਾ

ਪੰਜਾਬੀ ਸਾਹਿਤ ਦੇ ਇਤਿਹਾਸ ਵਿੱਚ ਮੱਧਕਾਲ ਮੁਸਲਮਾਨ ਸ਼ਾਸਕਾਂ ਦੇ ਹਮਲਿਆਂ ਦੁਆਰਾ ਪ੍ਰਵੇਸ਼ ਨਾਲ ਆਰੰਭ ਹੁੰਦਾ ਹੈ। ਇਸ ਕਾਲ ਦੀ ਸਮਾਜਿਕ ਬਣਤਰ ਜਾਗੀਰਦਾਰੀ ਵਿਵਸਥਾ ਵਾਲੀ ਸੀ। ਇਹ ਕਾਲ ਸਾਹਿਤ ਸਿਰਜਣਾ ਅਤੇ ਭਾਸ਼ਾ ਦੇ ਵਿਕਾਸ ਪੱਖੋਂ ਸਭ ਤੋਂ ਵੱਧ ਵਿਸ਼ੇਸ਼ਤਾ ਅਤੇ ਮਹਾਨਤਾ ਰੱਖਦਾ ਹੈ। ਇਸ ਲਈ ਇਸ ਕਾਲ ਨੂੰ ਪੰਜਾਬੀ ਸਾਹਿਤ ਦੇ ਇਤਿਹਾਸ ਦਾ ਸੁਨਹਿਰਾ ਕਾਲ ਕਿਹਾ ਜਾਂਦਾ ਹੈ। ਮੱਧਕਾਲ ਨੂੰ ਪੰਜਾਬੀ ਵਿਦਵਾਨਾਂ ਦੁਆਰਾ ਤਿੰਨ ਭਾਗਾਂ ਵਿੱਚ ਵੰਡ ਕੇ ਦੇਖਿਆ ਗਿਆ ਹੈ। ਪਹਿਲਾ ਭਾਗ ਮੁਗ਼ਲਾਂ ਦੇ ਆਉਣ ਤੋਂ ਪਹਿਲਾਂ ਦਾ ਸਮਾਂ ਹੈ ਜੋ ਲਗਭਗ 10ਵੀਂ ਸਦੀ ਦੇ ਪਿਛਲੇ ਅੱਧ ਤੋਂ 16ਵੀਂ ਸਦੀ ਦੇ ਆਰੰਭ ਤੱਕ ਦਾ ਹੈ। ਇਹ ਜੁਗ ਗਰਦੀ ਤੇ ਰਾਜਸੀ ਗੜਬੜ ਦਾ ਕਾਲ ਸੀ। ਦੂਜਾ ਭਾਗ ਮੁਗ਼ਲਾਂ ਦੇ ਰਾਜਕਾਲ ਦਾ ਹੈ। ਇਸ ਦਾ ਸਮਾਂ ਲਗਭਗ 16ਵੀਂ ਸਦੀ ਦੇ ਆਰੰਭ ਤੋਂ 18ਵੀਂ ਸਦੀ ਤੱਕ ਦਾ ਮੰਨਿਆ ਗਿਆ ਹੈ। ਇਸ ਸਮੇਂ ਤੱਕ ਰਾਜਸੀ ਉਥਲ ਪੁਥਲ ਦਾ ਦੌਰ ਖ਼ਤਮ ਹੋ ਗਿਆ ਸੀ। ਇਸ ਕਾਲ ਵਿੱਚ ਸਾਮੰਤੀ ਕਦਰਾਂ ਕੀਮਤਾਂ ਦਾ ਵਿਕਾਸ ਹੋਇਆ ਤੇ ਸਾਧਾਰਨ ਮਨੁੱਖ ਦੀ ਦਿਸ਼ਾ ਵਿੱਚ ਨਿਘਾਰ ਆਇਆ। ਮੱਧਕਾਲ ਦਾ ਤੀਜਾ ਭਾਗ 18ਵੀਂ ਸਦੀ ਦੇ ਮੁੱਢ ਤੋਂ 19ਵੀਂ ਸਦੀ ਤੱਕ ਫੈਲਿਆ ਹੋਇਆ ਹੈ। ਇਹ ਸਮਾਂ ਮੁਗਲ ਸ਼ਾਸਨ ਦੀਆਂ ਢਹਿੰਦੀਆਂ ਕਲਾਵਾਂ ਤੇ ਪੰਜਾਬ ਅੰਦਰ ਬਦਅਮਨੀ ਦਾ ਸਮਾਂ ਸੀ। ਇਸ ਕਾਲ ਦੇ ਲੰਮੇ ਅੰਤਰਾਲ ਵਿੱਚ ਮੁੱਖ ਤੌਰ 'ਤੇ ਚਾਰ ਤਰ੍ਹਾਂ ਦੀਆਂ ਸਾਹਿਤਕ ਧਾਰਾਵਾਂ ਦਾ ਵਿਕਾਸ ਹੋਇਆ,ਜਿਵੇਂ ਗੁਰਮਤਿ ਕਾਵਿ ਧਾਰਾ, ਸੂਫ਼ੀ ਕਾਵਿ ਧਾਰਾ, ਕਿੱਸਾ ਕਾਵਿ ਧਾਰਾ ਤੇ ਬੀਰ ਕਾਵਿ ਧਾਰਾ ਵਿਕਸਿਤ ਹੋਈ।

## 7.2 ਗੁਰਮਤਿ ਕਾਵਿ ਧਾਰਾ: ਜਾਣ ਪਛਾਣ

ਇਨ੍ਹਾਂ ਵਿੱਚੋਂ ਪ੍ਰਮੁੱਖ ਗੁਰਮਤਿ ਕਾਵਿ ਧਾਰਾ ਹੈ। ਇਸ ਕਾਵਿ ਧਾਰਾ ਨੂੰ ਇਸ ਕਾਲ ਦੀ ਸ੍ਰੇਸ਼ਠ ਕਾਵਿ ਧਾਰਾ ਕਹਿਣਾ ਅਤਿਕਥਨੀ ਨਹੀਂ ਹੋਵੇਗਾ ਕਿਉਂਕਿ ਇਸ ਕਾਲ ਵਿੱਚ ਗੁਰੂਆਂ ਦੀ ਬਾਣੀ ਰਾਹੀਂ ਚਲਾਇਆ ਸਿੱਖ ਮਤ ਹੀ ਭਗਤੀ ਲਹਿਰ ਦਾ ਸਿਖਰ ਕਿਹਾ ਗਿਆ ਹੈ। ਦਸਾਂ ਗੁਰੂਆਂ ਨੇ ਲਗਭਗ ਦੋ ਸਦੀਆਂ ਤੱਕ ਆਪਣੇ ਸਾਹਿਤ ਤੇ ਸਮਾਜਿਕ ਮੇਲ-ਜੋਲ ਦੁਆਰਾ ਲੋਕਾਂ ਦੀ ਆਤਮਾ ਨੂੰ ਟੁੰਬਿਆ ਤੇ ਇਨ੍ਹਾਂ ਤੋਂ ਸਮਾਜਕ ਤੇ ਅਧਿਆਤਮਕ ਸਿੱਖਿਆ ਲੈ ਕੇ ਆਮ ਲੋਕਾਂ ਨੇ ਹੀ ਰਾਜਸੀ ਤੌਰ 'ਤੇ ਸ਼ਾਹੀ ਜਬਰ ਤੇ ਅਨਿਆਂ ਦਾ ਸਾਹਮਣਾ ਕੀਤਾ। ਇਸ

ਲਈ ਕਾਵਿ ਧਾਰਾ ਦੇ ਅੰਤਰਗਤ ਲਿਖੇ ਸਾਹਿਤ ਦੀ ਸਮਾਜਕ ਮਹੱਤਤਾ ਬਹੁਤ ਅਧਿਕ ਹੈ। ਬਾਣੀ ਰਚਨਾਕਾਰਾਂ ਨੇ ਕੇਵਲ ਧਾਰਮਿਕ ਤੇ ਅਧਿਆਤਮਕ ਬੰਦਗੀ ਦਾ ਹੀ ਪ੍ਰਚਾਰ ਨਹੀਂ ਕੀਤਾ ਬਲਕਿ ਚੇਤੰਨ ਸਾਹਿਤਕਾਰਾਂ ਦੀ ਤਰ੍ਹਾਂ ਸਾਹਿਤ ਦੀ ਮਹਾਨਤਾ ਨੂੰ ਵੀ ਸਥਾਪਿਤ ਕੀਤਾ। ਮਹਾਨ ਕਲਾਕਾਰਾਂ ਵਾਂਗ ਉਨ੍ਹਾਂ ਨੇ ਭਾਸ਼ਾ ਅਤੇ ਸਾਹਿਤ ਨੂੰ ਕੌਮ ਦੀ ਉਸਾਰੀ ਲਈ ਜ਼ਰੂਰੀ ਅੰਗ ਸਮਝਦੇ ਹੋਏ ਸਾਹਿਤ ਸਿਰਜਣਾ ਕੀਤੀ। ਇਸ ਸਾਹਿਤ ਦਾ ਦਾਰਸ਼ਨਿਕ ਮਹੱਤਵ ਬਹੁਤ ਜ਼ਿਆਦਾ ਹੈ ਕਿਉਂਕਿ ਇਸ ਵਿੱਚ ਹੁਣ ਤੱਕ ਦੇ ਦਰਸ਼ਨ ਦਾ ਨਿਚੋੜ ਕੱਢ ਕੇ ਉਸ ਸਮੇਂ ਦੇ ਨਵੇਂ ਹਾਲਾਤ ਅਨੁਸਾਰ ਸਫ਼ਲ ਜੀਵਨ ਮਾਰਗ ਵਿੱਚ ਢਲ ਕੇ ਚੱਲਣ ਦੀ ਬੌਧਿਕ ਵਿਆਖਿਆ ਕੀਤੀ ਗਈ ਹੈ। ਰੂਪਕ ਪੱਖ ਤੋਂ ਵੀ ਗੁਰਮਤਿ ਸਾਹਿਤ ਦੀ ਪੰਜਾਬੀ ਸਾਹਿਤ ਨੂੰ ਬਹੁਤ ਵੱਡੀ ਦੇਣ ਹੈ। ਗੁਰੂ ਕਵੀਆਂ ਵਿੱਚੋਂ ਸੱਤ ਗੁਰੂ ਸਹਿਬਾਨ ਨੇ ਬਾਣੀ ਰਚਨਾ ਕੀਤੀ ਜਿਨ੍ਹਾਂ ਵਿੱਚੋਂ ਗੁਰੂ ਨਾਨਕ, ਗੁਰੂ ਅੰਗਦ, ਗੁਰੂ ਅਮਰਦਾਸ, ਗੁਰੂ ਰਾਮਦਾਸ, ਗੁਰੂ ਅਰਜਨ ਦੇਵ, ਗੁਰੂ ਤੇਗ ਬਹਾਦਰ ਤੇ ਗੁਰੂ ਗੋਬਿੰਦ ਸਿੰਘ (ਇੱਕ ਸਲੋਕ) ਦੀ ਬਾਣੀ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੈ। ਗੁਰੂ ਗੋਬਿੰਦ ਸਿੰਘ ਜੀ ਦੀ ਜ਼ਿਆਦਾਤਰ ਰਚਨਾ ਦਸਮ ਗ੍ਰੰਥ ਵਿੱਚ ਦਰਜ ਹੈ। ਗੁਰੂ ਅਰਜਨ ਦੇਵ ਜੀ ਦੀ 1604ਈ. ਵਿੱਚ ਆਦਿ ਗ੍ਰੰਥ ਦੀ ਸੰਪਾਦਨਾ ਇਸ ਕਾਲ ਦੀ ਅਦੁੱਤੀ ਪ੍ਰਾਪਤੀ ਹੈ। ਇਸ ਗ੍ਰੰਥ ਵਿੱਚ 500 ਸਾਲਾਂ ਦੇ ਅਧਿਆਤਮਿਕ ਸਾਹਿਤ ਨੂੰ ਸੰਭਾਲਿਆ ਗਿਆ ਹੈ। ਇਸ ਤੋਂ ਇਲਾਵਾ ਗੁਰੂ ਘਰ ਨਾਲ ਜੁੜੇ ਸਾਹਿਤਕਾਰ ਵੀ ਇਸੇ ਕਾਵਿ ਧਾਰਾ ਨਾਲ ਜੁੜਕੇ ਲਿਖਦੇ ਰਹੇ ਹਨ, ਜਿਨ੍ਹਾਂ ਵਿੱਚੋਂ ਪ੍ਰਮੁੱਖ ਨਾਂ ਭਾਈ ਗੁਰਦਾਸ ਜੀ ਦਾ ਆਉਂਦਾ ਹੈ। ਇਨ੍ਹਾਂ ਦੀ ਰਚਨਾ ਭਾਵੇਂ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਨਹੀਂ, ਸਿੱਖ ਸਿਧਾਂਤਾਂ ਦੀ ਵਿਆਖਿਆ ਵਜੋਂ ਇਨ੍ਹਾਂ ਨੂੰ ਮਹਾਂਕਵੀ ਦੀਆਂ ਵਿਸ਼ੇਸ਼ਤਾਵਾਂ ਵਾਲਾ ਵੀ ਆਖਿਆ ਜਾ ਸਕਦਾ ਹੈ।

ਗੁਰਮਤਿ ਕਾਵਿ ਧਾਰਾ ਤਹਿਤ ਮਿਲੀ ਬਾਣੀ ਰਾਹੀਂ ਅਧਿਆਤਮਕ ਚੇਤੰਨਤਾ ਦੇ ਸਮਾਜ ਉੱਤੇ ਪਏ ਪ੍ਰਭਾਵ ਅਤੇ ਸਾਹਿਤਕ ਨਵੀਨਤਾ ਦਾ ਗਿਆਨ ਹੁੰਦਾ ਹੈ। ਇਸ ਕਾਵਿ ਧਾਰਾ ਨੇ ਆਮ ਲੋਕਾਂ ਦੀ ਸੁਹਜ ਤ੍ਰਿਪਤੀ ਹੀ ਨਹੀਂ ਕੀਤੀ ਬਲਕਿ ਉਹਨਾਂ ਨੂੰ ਨਵੇਂ ਸਿਰੇ ਤੋਂ ਘੜਿਆ। ਇਸ ਕਾਵਿ ਧਾਰਾ ਵਿੱਚ ਸਾਰੀਆਂ ਵਿਸ਼ੇਸ਼ਤਾਵਾਂ ਮੌਜੂਦ ਹਨ। ਵਿਸ਼ੇ ਪੱਖੋਂ ਇਸ ਵਿੱਚ ਰਹੱਸ ਤੇ ਰੁਮਾਂਸ ਦੇ ਨਾਲ ਦਾਰਸ਼ਨਿਕ ਗੰਭੀਰਤਾ ਤੇ ਬੌਧਿਕਤਾ ਮੌਜੂਦ ਹੈ। ਇਹ ਭਗਤ ਕਵੀ ਅਤੇ ਰਾਗ ਸ਼ੈਲੀ ਦੇ ਚੰਗੀ ਤਰਾਂ ਜਾਣਕਾਰ ਸਨ ਤੇ ਸਮਾਜਿਕ ਆਗੂ ਵਾਂਗ ਪੈਗੰਬਰੀ ਗੁਣਾਂ ਵਾਲੇ ਸਨ। ਲੋਕ ਭਾਸ਼ਾ ਤੇ ਲੋਕ ਕਾਵਿ ਰੂਪਾਂ ਵਿੱਚ ਰਚਨਾ ਕਰਕੇ ਆਮ ਮਨੁੱਖਾਂ ਨਾਲ ਸਾਂਝ ਸਥਾਪਿਤ ਕਰਕੇ ਉਨ੍ਹਾਂ ਦੇ ਆਚਰਣ ਨੂੰ ਅਧਿਆਤਮਕ ਉੱਚਤਾ ਬਖਸ਼ੀ ਜਿਸ ਵਿੱਚ ਪ੍ਰਮਾਤਮਾ ਦੀ ਟੇਕ ਦੀ ਸ਼ਕਤੀ ਸਥਾਪਤ ਕੀਤੀ ਜੋ ਦੁਨੀਆਂਦਾਰ ਹਾਕਮਾਂ ਕੋਲ ਨਹੀਂ ਸੀ। ਇਸ ਤੋਂ ਇਲਾਵਾ ਇਸ ਕਾਵਿ ਧਾਰਾ ਦਾ ਮੰਤਵ ਆਮ ਲੋਕਾਂ ਨੂੰ ਤੁੱਛ ਤੇ ਨੀਚ ਵਿਚਾਰਾਂ ਤੋਂ ਉੱਪਰ ਉਠਾ ਕੇ ਆਤਮਕ ਬਰਾਬਰੀ ਦੇ ਭਾਵ ਮੰਡਲ ਤੱਕ ਲਿਆਉਣਾ ਵੀ ਰਿਹਾ ਹੈ। ਜਿਸ ਦੀਆਂ ਜੜ੍ਹਾਂ ਗਿਆਨ/ਵਿਵਹਾਰ ਅਤੇ ਸਮਾਜ ਸੇਵਾ ਦੇ ਕਰਮ ਖੇਤਰ ਵਿੱਚ ਹਨ।

### 7.2.1 ਗੁਰੂ ਨਾਨਕ ਦੇਵ ਜੀ ਦੀ ਬਾਣੀ ਦਾ ਇਕ ਅੰਸ਼

ਗੁਰੂ ਨਾਨਕ ਦੇਵ ਜੀ ਦੇ ਬਾਣੀ ਵਿੱਚੋਂ ਸਲੋਕ

**ਸਉ ਮਣੀ ਹਸਤੀ ਘਿਉ ਗੁੜ ਖਾਵੈ ਪੰਜਿ ਸੈ ਦਾਣਾ ਖਾਇ॥**
**ਡਕੈ ਫੂਕੈ ਖੇਹ ਉਡਾਵੈ ਸਾਹਿ ਗਇਐ ਪਛੁਤਾਇ॥**
**ਅੰਧੀ ਫੂਕਿ ਮੁਈ ਦੇਵਾਨੀ॥**
**ਖਸਮ ਮਿਟੀ ਫਿਰੀ ਭਾਨੀ॥**
**ਅਧੁ ਗੁਲਾ ਚਿੜੀ ਕਾ ਚੁਗਣੁ ਗੈਣਿ ਚੜੀ ਬਿਲਲਾਇ॥**
**ਖਸਮੈ ਭਾਵੈ ਓਹਾ ਚੰਗੀ ਜਿ ਕਰੇ ਖੁਦਾਇ ਖੁਦਾਇ॥** (ਮਲ੍ਹਾਰ ਦੀ ਵਾਰ)

ਔਖੇ ਸ਼ਬਦਾਂ ਦੇ ਅਰਥ:-

| | |
|---|---|
| ਸਉ ਮਣ | : ਇੱਕ ਮਣ = ਚਾਲੀ ਕਿਲੋ ਤੇ ਸੌ ਮਣ = 40×100=4000 ਕਿਲੋ |
| ਪੰਜ ਸੈ | : ਵਿਭਿੰਨ ਕਿਸਮ ਦਾ |
| ਹਸਤੀ | : ਹਾਥੀ |
| ਡਕੈ | : ਡਕਾਰਦਾ ਹੈ |
| ਫੂਕੈ | : ਫੁੰਕਾਰਦਾ ਹੈ |
| ਖੇਹ | : ਮਿੱਟੀ |
| ਸਾਹਿ ਗਇਐ | : ਸਾਹ ਨਿਕਲਦਾ ਹੈ |
| ਅੰਧੀ | : ਅੰਨ੍ਹੀ ਦੁਨੀਆਂ |
| ਫੂਕਿ | : ਹੰਕਾਰ ਵਿੱਚ |
| ਮੂਈ | : ਮਰੀ, ਮ੍ਰਿਤ ਹੋਈ, ਫਿਦਾ ਹੋਈ |
| ਦੇਵਾਨੀ | : ਪਾਗਲ, ਜਨੂੰਨੀ |
| ਖਸਮ | : ਪਰਮਾਤਮਾ ਰੂਪੀ ਪਤੀ ਜਾਂ ਮਾਲਕ |
| ਭਾਨੀ | : ਪਸੰਦ ਆਏਗੀ |
| ਅੱਧ ਗੁਲਾ | : ਇੱਕ ਅੱਧ ਦਾਣਾ, ਗੁੱਲਾ, ਮੱਕੀ ਆਦਿ ਦਾ ਉਹ ਨਰਮ ਗੋਲਾ ਜਿਸ ਉੱਪਰ ਦਾਣੇ ਲੱਗੇ ਹੁੰਦੇ ਹਨ |
| ਗੈਣਿ | : ਆਕਾਸ਼ ਵਿੱਚ |
| ਬਿਲਲਾਇ | : ਵਿਰਲਾਪ ਕਰਦੀ ਹੈ |
| ਭਾਵੈ | : ਪਸੰਦ ਕਰਦਾ ਹੈ |

ਤੁਕਵਾਰ ਅਰਥ:-

1. ਹਾਥੀ ਸੌ ਮਣ ਘਿਉ ਅਤੇ ਗੁੜ ਖਾਂਦਾ ਹੈ ਤੇ ਵਿਭਿੰਨ ਤਰ੍ਹਾਂ ਦਾ ਅਨਾਜ ਖਾਂਦਾ ਹੈ।
2. ਉਹ ਡਕਾਰਦਾ ਹੈ, ਫੁੰਕਾਰਦਾ ਹੈ, ਮਿੱਟੀ ਉਡਾਉਂਦਾ ਹੈ ਪਰ ਸਾਹ ਨਿਕਲਦਿਆਂ ਹੀ ਸਭ ਖਾਧਾ ਪੀਤਾ ਬੇਕਾਰ ਹੋ ਜਾਂਦਾ ਹੈ।
3. ਦੁਨੀਆਂ ਸੰਸਾਰਿਕ ਪਦਾਰਥਾਂ ਦੇ ਇਕੱਠੇ ਹੋ ਜਾਣ ਦੇ ਹੰਕਾਰ ਵਿੱਚ ਅੰਨ੍ਹੀ ਅਤੇ ਪਾਗਲ ਹੋਈ ਪਈ ਹੈ।
4. ਜੇਕਰ ਉਹ ਹੰਕਾਰ ਨੂੰ ਮਿਟਾ ਲਵੇ ਤਾਂ ਉਹ ਪਰਮਾਤਮਾ ਰੂਪੀ ਮਾਲਕ ਨੂੰ ਚੰਗੀ ਲੱਗ ਸਕਦੀ ਹੈ।
5. ਚਿੜੀ ਇੱਕ ਅੱਧ ਦਾਣਾ ਚੋਗਾ ਚੁਗ ਕੇ ਅਸਮਾਨ ਵਿੱਚ ਉੱਡਦੀ ਹੈ ਤੇ ਚਹਿਚਹਾਉਂਦੀ ਹੈ।
6. ਉਹ ਮਾਲਕ ਪਰਮਾਤਮਾ ਨੂੰ ਚੰਗੀ ਲੱਗ ਸਕਦੀ ਹੈ ਕਿਉਂਕਿ ਉਹ ਹਾਥੀ ਨਾਲੋਂ ਚੰਗੀ ਹੋਵੇਗੀ ਜੇ ਉਹ ਖੁਦਾ ਦਾ ਨਾਮ ਚੇਤੇ ਰੱਖੇਗੀ।

**ਵਿਆਖਿਆ:-**

ਹਾਥੀ ਸੌ ਮਣ ਘਿਉ ਅਤੇ ਗੁੜ ਖਾਣ ਦੇ ਨਾਲ ਨਾਲ ਵਿਭਿੰਨ ਕਿਸਮ ਦਾ ਅਨਾਜ ਵੀ ਖਾ ਜਾਂਦਾ ਹੈ। ਏਨਾ ਉਪਭੋਗ ਕਰਨ ਦੇ ਸਮਰੱਥ ਹੋਣ ਦੇ ਕਾਰਨ ਉਸ ਵਿੱਚ ਹੰਕਾਰ ਪੈਦਾ ਹੁੰਦਾ ਹੈ। ਉਹ ਖਾ ਪੀ ਕੇ ਡਕਾਰਦਾ, ਫੁੰਕਾਰਦਾ ਅਤੇ ਆਪਣੀ ਸੁੰਢ ਨਾਲ ਮਿੱਟੀ ਉਡਾ ਕੇ ਆਪਣੀ ਤਾਕਤ ਦਾ ਮੁਜ਼ਾਹਰਾ ਕਰਦਾ ਹੈ। ਉਹ ਆਪਣੇ ਹੰਕਾਰ ਦੇ ਪ੍ਰਦਰਸ਼ਨ ਨਾਲ ਆਪਣੇ ਆਲੇ- ਦੁਆਲੇ ਨੂੰ ਭੈਅ ਭੀਤ ਕਰਨਾ ਚਾਹੁੰਦਾ ਹੈ, ਪਰ ਜਿਉਂ ਹੀ ਉਸਦੀ ਉਮਰ ਮੁੱਕਦੀ ਹੈ, ਉਸਦੇ ਸ਼ਰੀਰ ਵਿੱਚੋਂ ਜਾਨ ਨਿਕਲ ਜਾਂਦੀ ਹੈ ਤਾਂ ਇਸ ਹੰਕਾਰ ਦਾ ਉਸਨੂੰ ਕੋਈ ਲਾਭ ਨਹੀਂ ਪਹੁੰਚਦਾ ਬਲਕਿ ਸਭ ਬੇਕਾਰ ਹੀ ਚਲਿਆ ਜਾਂਦਾ ਹੈ। ਇਸੇ ਤਰਾਂ ਸਾਰੀ ਲੋਕਾਈ ਦੁਨਿਆਵੀ ਵਸਤਾਂ ਦੇ ਇਕੱਠੇ ਹੋ ਜਾਣ ਦੇ ਹੰਕਾਰ ਵਿੱਚ ਹੀ ਮਸਤ ਹੋਈ ਫਿਰਦੀ ਹੈ, ਚੀਜ਼ਾਂ ਦੇ ਮੋਹ ਵਿੱਚ ਹੀ ਮਰੀ ਪਈ ਹੈ ਪਰ ਪਰਮਾਤਮਾ ਇਨ੍ਹਾਂ ਜੀਵਾਂ ਨੂੰ ਉਦੋਂ ਹੀ ਸਵੀਕਾਰ ਕਰੇਗਾ ਜਦੋਂ ਉਹ ਇਸ ਦੁਨਿਆਵੀ ਮਾਇਆ ਪ੍ਰਤੀ ਆਪਣੇ ਮੋਹ ਨੂੰ ਤਿਆਗ ਕੇ ਪ੍ਰਭੂ ਵਾਲੇ ਰਸਤੇ ਵੱਲ ਲੱਗ ਕੇ ਸਬਰ ਸੰਤੋਖ ਦੀ ਜ਼ਿੰਦਗੀ ਜਿਉਣਗੇ। ਇੱਕ ਹੰਕਾਰੇ ਹੋਏ ਹਾਥੀ ਅਤੇ ਦੁਨਿਆਵੀ ਮਨੁੱਖਾਂ ਦੀ ਆਪਸ ਵਿੱਚ ਸਾਂਝ ਦਿਖਾ ਕੇ ਮਨੁੱਖ ਨੂੰ ਝੰਜੋੜਨ ਦੀ ਕੋਸ਼ਿਸ਼ ਕੀਤੀ ਗਈ ਹੈ। ਗੁਰੂ ਜੀ ਨੇ ਇੱਕ ਚਿੜੀ ਦੀ ਮਿਸਾਲ ਵੀ ਦਿੱਤੀ ਹੈ ਕਿ ਘੱਟ ਖਾ ਕੇ ਭਾਵ ਸਬਰ ਸੰਤੋਖ ਵਿਚ ਰਹਿ ਕੇ ਵੀ ਪਰਮਾਤਮਾ ਦੀ ਉਸਤਤ ਰਾਹੀਂ ਇਸ ਦੁਨੀਆਂ ਵਿਚਲੇ ਦੁੱਖਾਂ ਤੋਂ ਬਚਿਆ ਜਾ ਸਕਦਾ ਹੈ। ਗੁਰੂ ਜੀ ਨੇ ਹਾਥੀ ਦੇ ਮੁਕਾਬਲੇ ਚਿੜੀ ਦੀ ਵਡਿਆਈ ਕੀਤੀ ਹੈ ਕਿ ਉਹ ਥੋੜਾ ਜਿਹਾ ਖਾ ਕੇ ਵੀ ਖੁਸ਼ ਰਹਿੰਦੀ ਹੈ ਤੇ ਪ੍ਰਭੂ ਦਾ ਨਾਮ ਜਪਦੀ ਹੈ। ਅਜਿਹੇ ਵਰਤਾਰੇ ਕਾਰਨ ਚਿੜੀ ਹਾਥੀ ਨਾਲੋਂ ਕਿਤੇ ਜ਼ਿਆਦਾ ਚੰਗੀ, ਖੁਸ਼ ਅਤੇ ਪ੍ਰਭੂ ਨੂੰ ਪਿਆਰੀ ਹੈ। ਗੁਰੂ ਜੀ ਨੇ ਮਨੁੱਖ ਨੂੰ ਅਜਿਹੇ ਜੀਵਾਂ ਤੋਂ ਪ੍ਰੇਰਨਾ ਲੈ ਕੇ ਮੋਹ ਮਾਇਆ ਤੋਂ ਆਜ਼ਾਦ ਹੋਣ ਦੀ ਗੱਲ ਕੀਤੀ ਹੈ।

### 7.2.2 ਗੁਰੂ ਅਰਜਨ ਦੇਵ ਜੀ ਦੀ ਬਾਣੀ ਦਾ ਇਕ ਅੰਸ਼

ਗੁਰੂ ਅਰਜਨ ਦੇਵ ਜੀ ਦੀ ਬਾਣੀ "ਅਸ਼ਟਪਦੀ ਰਾਗ ਸੋਰਠਿ" ਵਿੱਚੋਂ ਕਾਵਿ ਟੋਟਾ:-

**ਪਾਠ ਪੜਿਓ ਅਰੁ ਬੇਦੁ ਬੀਚਾਰਿਓ ਨਿਵਲਿ ਭੁਇਅੰਗਮ ਸਾਧੇ॥**
**ਪੰਚ ਜਨਾ ਸਿਉ ਸੰਗ ਨਾ ਛੁਟਕਿਓ ਅਧਿਕ ਅਹੰਬੁਧਿ ਬਾਧੇ॥**
**ਪਿਆਰੇ ਇਨਬਿਧਿ ਮਿਲਣੁ ਨ ਜਾਈ ਮੈਂ ਕੀਏ ਕਰਮ ਅਨੇਕਾ॥**
**ਹਾਰਿ ਪਰਿਓ ਸੁਆਮੀ ਕੈ ਦੁਆਰੈ ਦੀਜੈ ਬੁਧਿ ਬਿਬੇਕਾ॥**

ਔਖੇ ਸ਼ਬਦਾਂ ਦੇ ਅਰਥ:-

ਨਿਵਲਿ : ਇੱਕ ਯੋਗ ਕਿਰਿਆ, ਜਿਸ ਦਾ ਤਰੀਕਾ ਇਹ ਹੈ- ਦੋਵੇਂ ਮੋਢੇ ਨੀਵੇਂ ਕਰਕੇ ਪਿੱਠ ਦਾ ਵਲ ਕੱਢ ਕੇ ਸਿੱਧਾ ਬੈਠਣਾ ਅਤੇ ਪ੍ਰਾਣਾਂ ਦੇ ਬਲ ਨਾਲ ਪੇਟ ਨੂੰ ਸੱਜੇ, ਖੱਬੇ, ਉੱਪਰ,ਹੇਠਾਂ ਇਸ ਤਰਾਂ ਚਲਾਉਣਾ ਜਿਵੇਂ ਮਟਕੇ ਵਿੱਚ ਮਧਾਣੀ ਨਾਲ ਦਹੀਂ ਫੇਰੀਦਾ ਹੈ।
ਭੁਇਅੰਗਮ : ਜੋਗੀਆਂ ਦੀ ਕਲਪਿਤ ਇੱਕ ਨਾੜੀ, ਕੁੰਡਲਨੀ, ਭੁਜੰਗਮਾ ਨਾੜੀ
ਪੰਚ ਜਨਾ : ਪੰਜ ਵਿਕਾਰਾਂ( ਕਾਮ,ਕ੍ਰੋਧ, ਲੋਭ, ਮੋਹ, ਹੰਕਾਰ)
ਅਹੰਬੁਧਿ : ਅਭਿਮਾਨੀ ਬੁੱਧੀ
ਬਾਧੇ : ਬੱਝ ਗਏ/ਬੰਨ੍ਹੇ ਗਏ
ਇਨਬਿਨ : ਇਸ ਤਰੀਕੇ ਨਾਲ
ਪਰਿਓ : ਚਰਨਾਂ ਵਿੱਚ ਡਿੱਗਿਆ
ਬਿਬੇਕਾ : ਵਿਚਾਰਸ਼ੀਲਤਾ

ਤੁਕਵਾਰ ਅਰਥ:-

1. ਮਨੁੱਖ ਵੇਦਾਂ ਦੇ ਪਾਠ ਪੜ੍ਹਦਾ ਹੈ, ਵਿਚਾਰਦਾ ਹੈ, ਨਿਵਲੀਕਰਮ ਕਰਦਾ ਹੈ ਤੇ ਕੁੰਡਲਨੀ ਨਾੜੀ ਰਾਹੀਂ ਪ੍ਰਾਣ ਕਾਬੂ ਕਰਦਾ ਹੈ।
2. ਮਨੁੱਖ ਆਪਣੇ ਅੰਦਰਲੇ ਪੰਜ ਵਿਕਾਰਾਂ ਨਾਲੋਂ ਟੁੱਟ ਨਹੀਂ ਸਕਦਾ ਬਲਕਿ ਹੋਰ ਵੀ ਅਧਿਕ ਅਹੰਕਾਰ ਵਿੱਚ ਬੱਝ ਜਾਂਦਾ ਹੈ।
3. ਹੇ ਮਨੁੱਖ, ਅਜਿਹੇ ਤਰੀਕਿਆਂ ਰਾਹੀਂ ਪਰਮਾਤਮਾ ਨਾਲ ਜੁੜਨਾ ਸੰਭਵ ਨਹੀਂ ਚਾਹੇ ਅਨੇਕ ਧਾਰਮਿਕ ਕਰਮ ਕਰੋ।
4. ਉਹ ਹਾਰ ਕੇ ਮਾਲਕ ਪਰਮਾਤਮਾ ਦੀ ਸ਼ਰਣ ਵਿੱਚ ਡਿੱਗ ਪਏ ਹਨ ਤਾਂ ਜੋ ਪਰਮਾਤਮਾ ਤੋਂ ਚੰਗਿਆਈ ਤੇ ਬੁਰਿਆਈ ਪਰਖਣ ਦੀ ਬੁੱਧੀ ਪ੍ਰਾਪਤ ਹੋ ਸਕੇ।

**ਵਿਆਖਿਆ:-**

ਕੋਈ ਮਨੁੱਖ ਵੇਦਾਂ ਨੂੰ ਪੜ੍ਹਦਾ ਵਿਚਾਰਦਾ ਹੈ, ਕੋਈ ਨਿਵਲੀ ਕਰਮ ਕਰਦਾ ਹੈ ਅਤੇ ਯੋਗ ਸਾਧਨਾ ਰਾਹੀਂ ਕੁੰਡਲਨੀ ਨਾੜੀ ਨੂੰ ਵੱਸ ਵਿੱਚ

ਕਰਦਾ ਹੈ। ਇਸ ਤਰ੍ਹਾਂ ਯੋਗ ਅਭਿਆਸ ਨਾਲ ਆਪਣੇ ਤਨ ਅਤੇ ਮਨ ਨੂੰ ਕਾਬੂ ਕਰਨ ਦਾ ਉੱਦਮ ਕਰਦਾ ਹੈ। ਪਰ ਅਜਿਹਾ ਕਰਨ ਨਾਲ ਮਨੁੱਖ ਦਾ ਸੰਬੰਧ ਪੰਜਾਂ ਵਿਕਾਰਾਂ ਤੋਂ ਟੁੱਟਦਾ ਨਹੀਂ ਬਲਕਿ ਉਸਦੇ ਮਨ ਅੰਦਰ ਹੰਕਾਰ ਆਦਿ ਹੋਰ ਜ਼ਿਆਦਾ ਵੱਧ ਜਾਂਦਾ ਹੈ। ਇਹ ਸਾਰੇ ਧਾਰਮਿਕ ਕਰਮ ਕਦੇ ਵੀ ਮਨੁੱਖ ਨੂੰ ਪਰਮਾਤਮਾ ਨਾਲ ਨਹੀਂ ਜੋੜਦੇ। ਗੁਰੂ ਜੀ ਨੇ ਅਨੁਭਵ ਕੀਤਾ ਹੈ ਕਿ ਅਜਿਹੇ ਅਨੇਕ ਕਰਮ ਸਾਨੂੰ ਚੰਗਿਆਈ ਤੋਂ ਦੂਰ ਲੈ ਜਾਂਦੇ ਹਨ। ਅੰਤ ਵਿੱਚ ਹਾਰ ਕੇ ਪਰਮਾਤਮਾ ਦੀ ਸ਼ਰਨ ਵਿੱਚ ਆ ਕੇ ਹੀ ਸਹੀ ਗਿਆਨ ਦੀ ਪ੍ਰਾਪਤੀ ਹੁੰਦੀ ਹੈ, ਜਿਸ ਨਾਲ ਮਨੁੱਖ ਪਰਮਾਤਮਾ ਨੂੰ ਪਾਉਣ ਦਾ ਸਹੀ ਰਸਤਾ ਖੋਜ ਲੈਂਦਾ ਹੈ ਕਿਉਂਕਿ ਪਰਮਾਤਮਾ ਦੀ ਬਖਸ਼ਿਸ਼ ਨਾਲ ਵਿਵੇਕਸ਼ੀਲ ਬੁੱਧੀ ਹੀ ਸਹੀ ਗ਼ਲਤ ਬਾਰੇ ਦੱਸਦੀ ਹੈ।

**ਅਭਿਆਸ ਪਹਿਲਾ**

ਪ੍ਰਸ਼ਨ 1. ਇਸ ਸਲੋਕ ਵਿੱਚ ਹਾਥੀ ਤੇ ਚਿੜੀ ਵਿੱਚ ਕੀ ਅੰਤਰ ਦਰਸਾਇਆ ਗਿਆ ਹੈ ?

ਉੱਤਰ ..................................................................................................................................................

..................................................................................................................................................

..................................................................................................................................................

..................................................................................................................................................

ਪ੍ਰਸ਼ਨ 2. ਹੰਕਾਰ ਤੋਂ ਬਚਣ ਲਈ ਮਨੁੱਖ ਨੂੰ ਕੀ ਕਰਨਾ ਚਾਹੀਦਾ ਹੈ ?

ਉੱਤਰ ..................................................................................................................................................

..................................................................................................................................................

..................................................................................................................................................

..................................................................................................................................................

ਪ੍ਰਸ਼ਨ 3. ਦੁਨੀਆਂ ਕਿਸ ਚੀਜ਼ ਲਈ ਅੰਨ੍ਹੀ ਤੇ ਦੀਵਾਨੀ ਹੋਈ ਫਿਰਦੀ ਹੈ ?

ਉੱਤਰ ..................................................................................................................................................

..................................................................................................................................................

..................................................................................................................................................

..................................................................................................................................................

ਪ੍ਰਸ਼ਨ 4. ਪੰਜ ਵਿਕਾਰਾਂ ਤੋਂ ਮੁਕਤੀ ਪਾਉਣ ਲਈ ਮਨੁੱਖ ਕਿਹੜੇ-ਕਿਹੜੇ ਧਾਰਮਿਕ ਕਰਮ ਕਰਦਾ ਹੈ?

ਉੱਤਰ ..................................................................................................................................................

..................................................................................................................................................

..................................................................................................................................................

..................................................................................................................................................

ਪ੍ਰਸ਼ਨ 5. ਪੰਜ ਵਿਕਾਰ ਕਿਹੜੇ ਹਨ?

ਉੱਤਰ ..................................................................................................................................................

..................................................................................................................................................

..................................................................................................................................................

..................................................................................................................................................

ਪ੍ਰਸ਼ਨ 6. ਵਿਕਾਰਾਂ ਤੋਂ ਮੁਕਤ ਹੋਣ ਲਈ ਕੀ ਕਰਨਾ ਚਾਹੀਦਾ ਹੈ?

ਉੱਤਰ ..................................................................................................................................................

..................................................................................................................................................

..................................................................................................................................................

..................................................................................................................................................

## 7.3 ਸੂਫ਼ੀ ਕਾਵਿ ਧਾਰਾ: ਜਾਣ ਪਛਾਣ

ਮੱਧਕਾਲ ਵਿਚਲੀ ਸੂਫ਼ੀ ਕਾਵਿ ਧਾਰਾ ਪੰਜਾਬੀ ਸਾਹਿਤ ਵਿੱਚ ਬਹੁਤ ਮਹੱਤਵ ਰੱਖਦੀ ਹੈ। ਪੂਰਵ ਮੁਗ਼ਲ ਕਾਲ ਤੋਂ ਮੁਗ਼ਲ ਕਾਲ ਤੱਕ ਦਾ ਸਮਾਂ ਸੂਫ਼ੀ ਕਾਵਿ ਧਾਰਾ ਦੇ ਵਿਕਾਸ ਦਾ ਸਮਾਂ ਸੀ। ਅਸਲ ਵਿੱਚ ਮੁਸਲਮਾਨਾਂ ਦੇ ਪੰਜਾਬ ਵਿੱਚ ਪ੍ਰਵੇਸ਼ ਦੇ ਨਾਲ ਹੀ ਸੂਫ਼ੀਮਤ ਨੇ ਵੀ ਪੰਜਾਬ ਵਿੱਚ ਪ੍ਰਵੇਸ਼ ਕੀਤਾ। ਬਾਰ੍ਹਵੀ ਸਦੀ ਤੱਕ ਇੱਥੇ ਸੂਫ਼ੀਆਂ ਦੇ ਕਈ ਅੱਡੇ ਸਥਾਪਿਤ ਹੋ ਚੁੱਕੇ ਸਨ। ਜਿਵੇਂ ਪਾਕਪਟਨ, ਲਾਹੌਰ, ਮੁਲਤਾਨ, ਕਸੂਰ, ਉੱਚ ਸ਼ਰੀਫ, ਪਾਨੀਪਤ, ਹਿਸਾਰ ਅਤੇ ਹਾਂਸੀ ਆਦਿ ਇਨ੍ਹਾਂ ਦੇ ਵੱਡੇ ਗੜ੍ਹ ਸਨ। ਦਾਤਾ ਗੰਜ ਬਖ਼ਸ਼,ਬਾਬਾ ਫ਼ਰੀਦ ਤੇ ਸ਼ਰਫ਼ ਦੀਨ ਬੂ ਅਲੀ ਕਲੰਦਰ ਇਸ ਕਾਲ ਦੇ ਉੱਘੇ ਸੂਫੀ ਕਵੀ ਹੋਏ ਹਨ। ਸੂਫੀਮਤ ਦਾ ਜਨਮ ਕੇਂਦਰ ਅਰਬ ਦੀ ਧਰਤੀ ਹੈ। ਡਾ. ਲਾਜਵੰਤੀ ਰਾਮਾਕ੍ਰਿਸ਼ਨਾ ਅਨੁਸਾਰ,"ਸੂਫ਼ੀਮਤ ਹਿੰਦੂ ਭਗਤੀ ਮਤ ਅਤੇ ਵੇਦਾਂਤ ਦੀ ਮੁਸਲਮਾਨੀ ਸੂਰਤ ਹੈ।"ਇਸ ਤੋਂ ਇਲਾਵਾ ਇਨ੍ਹਾਂ ਦਾ ਇਹ ਵੀ ਮੰਨਣਾ ਹੈ ਕਿ "ਪੰਜਾਬ ਦਾ ਸੂਫ਼ੀਮਤ ਵੀ ਉਸੇ ਵੱਡੀ ਸੂਫ਼ੀ ਲਹਿਰ ਦੀ ਸ਼ਾਖਾ ਹੈ, ਜੋ ਦੂਜੀ ਸਦੀ ਹਿਜਰੀ ਅਰਥਾਤ 9ਵੀਂ ਸਦੀ ਈਸਵੀ ਵਿੱਚ ਅਰਬ ਵਿੱਚ ਪੈਦਾ ਹੋਈ। "ਅਰਬ ਦੇ ਸੂਫ਼ੀ ,ਪਰਮਾਤਮਾ ਬਾਰੇ ਇਸਲਾਮਕ ਧਾਰਨਾਵਾਂ ਦੇ ਹੀ ਅਨੁਯਾਈ ਸਨ। ਇਸ ਲਈ ਅਰਬੀ ਸਕੂਲ ਦੇ ਮੁੱਢਲੇ ਸੂਫੀ ਤੌਬਾ, ਪਰਹੇਜ਼, ਤੇ ਸ਼ਰ੍ਹਾ ਦੇ ਬਹੁਤ ਪਾਬੰਧ ਸਨ। ਉਹ ਗੁਨਾਹਾਂ ਤੋਂ ਬਚਣ ਦੀ ਕੋਸ਼ਿਸ਼ ਵਿੱਚ ਤਿਆਗੀ ਬਣ ਗਏ ਸਨ। ਇਨ੍ਹਾਂ ਦਾ ਸਭ ਤੋਂ ਵੱਡਾ ਅਸੂਲ ਰੱਬ ਦੀ ਰਜ਼ਾ ਵਿੱਚ ਰਹਿਣਾ, ਪਵਿੱਤਰਤਾ, ਤਿਆਗ ਤੇ ਨਫ਼ਸ ਉੱਤੇ ਕਾਬੂ ਕਰਨਾ ਰਿਹਾ ਹੈ। ਇਸਲਾਮ ਜਦੋਂ ਫੈਲਦਾ ਹੋਇਆ ਈਰਾਨ ਤੱਕ ਪਹੁੰਚਿਆ ਤਾਂ ਆਰੀਅਨ ਪ੍ਰਭਾਵਾਂ ਨੇ ਈਰਾਨ ਵਿੱਚ ਸੂਫ਼ੀਮਤ ਦਾ ਮੁਹਾਂਦਰਾ ਬਦਲ ਦਿੱਤਾ। ਬੁੱਧ-ਮਤ, ਵੇਦਾਂਤ, ਨਵ ਅਫ਼ਲਾਤੂਨੀ ਵਿਚਾਰਾਂ, ਈਸਾਈ ਵਿਚਾਰਧਾਰਾ ਤੇ ਹੋਰ ਭਾਰਤੀ ਮੱਤਾਂ ਨੇ ਸੂਫ਼ੀਮਤ ਨੂੰ ਕਾਫ਼ੀ ਬਦਲ ਦਿੱਤਾ। ਈਰਾਨ ਦਾ ਸੂਫ਼ੀਮਤ ਤਿਆਗਵਾਦੀ ਦੀ ਥਾਂ ਰਹੱਸਵਾਦ ਅਤੇ ਪ੍ਰੇਮ ਭਗਤੀ ਮਾਰਗ ਨੂੰ ਵਧੇਰੇ ਮਾਨਤਾ ਦਿੰਦਾ ਹੈ। ਪਰਮਾਤਮਾ ਦੀ ਇੱਕੋ- ਇੱਕ ਸਰਵਉੱਚ ਤੇ ਵਿਸ਼ੇਸ਼ ਹੋਂਦ ਦੀ ਥਾਂ ਈਰਾਨੀ ਸੂਫ਼ੀਮਤ ਨੇ ਪਰਮਾਤਮਾ ਨੂੰ ਹਾਜ਼ਰ-ਨਾਜ਼ਰ ਤੇ ਸਰਵ ਵਿਆਪਕ ਮੰਨਿਆ। ਇਨ੍ਹਾਂ ਵਿੱਚ ਸ਼ਰ੍ਹਾ ਦੀ ਪਾਬੰਦੀ ਉਸ ਤਰ੍ਹਾਂ ਦੀ ਨਹੀਂ ਜਿਸ ਤਰ੍ਹਾਂ ਦੀ ਅਰਬ ਵਿਚਲੇ ਸੂਫ਼ੀਆਂ ਵਿੱਚ ਰਹੀ। ਪੰਜਾਬ ਵਿੱਚ ਮੁਸਲਮਾਨੀ ਰਾਜ ਦੇ ਪਹਿਲੇ ਦੌਰਾਂ ਵਿੱਚ ਹੀ ਇਸ ਮੱਤ ਨੇ ਇੱਥੋਂ ਦੇ ਸੱਭਿਆਚਾਰਕ ਅਤੇ ਧਾਰਮਿਕ ਜੀਵਨ ਉੱਤੇ ਬਹੁਤ ਪ੍ਰਭਾਵ ਪਾਇਆ। ਸੂਫ਼ੀ ਕਵੀਆਂ ਨੇ ਜਨ ਭਾਸ਼ਾ,ਲੋਕ ਛੰਦਾਂ, ਲੋਕ ਕਾਵਿ-ਰੂਪਾਂ,ਠੇਠ ਸ਼ਬਦਾਵਲੀ ਵਿੱਚ ਰਚਨਾਵਾਂ ਕੀਤੀਆਂ। ਇਨ੍ਹਾਂ ਦੀਆਂ ਕਵਿਤਾਵਾਂ ਵਿੱਚ ਮਾਨਵ ਕਲਿਆਣ, ਵਿਸ਼ਵ ਪਿਆਰ, ਭਾਈਚਾਰਕ ਸਾਂਝ ਤੇ ਸਦਾਚਾਰ ਵਰਗੇ ਉੱਚੇ-ਸੁੱਚੇ ਭਾਵਾਂ ਨੂੰ ਪ੍ਰਗਟਾਇਆ। ਇਸ ਤਰ੍ਹਾਂ ਪੰਜਾਬੀ ਭਾਸ਼ਾ ਨੂੰ ਲੋਕ ਪ੍ਰਿਅ ਬਣਾ ਦਿੱਤਾ। ਸੂਫੀਆਂ ਦਾ ਸਭ ਤੋਂ ਵੱਡਾ ਆਦਰਸ਼ ਰੱਬ ਦੀ ਪ੍ਰਾਪਤੀ ਤੇ ਉਸ ਨਾਲ ਇਕਮਿਕਤਾ ਲਈ ਪ੍ਰੇਮ ਤੇ ਇਸ਼ਕ ਦਾ ਰਾਹ ਹੀ ਸਹੀ ਮੰਨਿਆ। ਉਹ ਰੱਬ ਨੂੰ ਮਾਸ਼ੂਕ ਸਮਝ ਕੇ ਵੀ ਗੱਲ ਕਰਦੇ ਹਨ ਤੇ ਪਤੀ ਦੇ ਰੂਪ ਵਿੱਚ ਵੀ। ਰੱਬ ਦੀ ਪ੍ਰਾਪਤੀ ਲਈ ਉਹਨਾਂ ਨੇ ਸੱਤ ਮੰਜ਼ਿਲਾਂ ਦਾ ਜਿਕਰ ਕੀਤਾ ਹੈ। ਰੱਬ ਦੀ ਪ੍ਰਾਪਤੀ ਲਈ ਮੁਰਸ਼ਦ ਦੀ ਮੱਦਦ ਤੇ ਰੱਬ ਦੀ ਮਿਹਰ ਦੀ ਸਦਾ ਕਾਮਨਾ ਕਰਦੇ ਹਨ। ਉਸ ਪ੍ਰਮਾਤਮਾ ਕੋਲੋਂ ਕਰਾਮਾਤਾਂ ਦੀ ਆਸ ਰੱਖੀ ਜਾਂਦੀ ਹੈ। ਸੂਫ਼ੀਮਤ ਪੰਜਾਬ ਵਿੱਚ ਪ੍ਰਮੁੱਖ ਚਾਰ ਸੰਪਰਦਾਵਾਂ ਵਿੱਚ ਪ੍ਰਸਿੱਧ ਹੋਇਆ। ਇਹਨਾਂ ਦੁਆਰਾ ਇਸਲਾਮਕ ਵਿਚਾਰਾਂ ਜਿਵੇਂ ਦੋਜ਼ਖ਼, ਕਿਆਮਤ ਆਦਿ ਦੇ ਨਾਲ-ਨਾਲ ਹਿੰਦੂਮਤ ਦੇ ਆਵਾਗਮਣ, ਮੋਕਸ਼ ਤੇ ਪ੍ਰੀਤ ਕਥਾਵਾਂ ਦਾ ਵੀ ਜ਼ਿਕਰ ਕੀਤਾ ਗਿਆ। ਸੂਫ਼ੀ ਕਵੀਆਂ ਨੇ ਆਪਣੀ ਵਿਚਾਰਧਾਰਾ ਨੂੰ ਵੱਖ-ਵੱਖ ਕਾਵਿ ਰੂਪਾਂ ਜਿਵੇਂ ਕਾਫੀ, ਸੀਹਰਫੀ, ਬੈਂਤ, ਬਾਰਾਂਮਾਹ, ਅਠਵਾਰਾ, ਦੋਹਾ, ਡਿਉਢ, ਸ਼ਬਦ ਆਦਿ ਰਾਹੀਂ ਪੇਸ਼ ਕੀਤਾ। ਸੂਫ਼ੀ ਕਵੀਆਂ ਨੇ ਦੁਨਿਆਵੀ ਚੌਗਿਰਦੇ ਵਿੱਚੋਂ ਚਿੰਨ੍ਹ ਲੈ ਕੇ ਬੌਧਿਕ ਤੇ ਰਹੱਸਮਈ ਰੂਪਾਂ ਵਿੱਚ ਅਧਿਆਤਮਵਾਦ ਨੂੰ ਨਿਖਾਰਿਆ। ਇਹ ਚਿੰਨ੍ਹ ਹਨ ਚਰਖਾ, ਬੇੜੀ, ਦਾਜ, ਤ੍ਰਿੰਝਣ, ਪੱਤਣ, ਰੁੱਖ, ਪਰਬਤ, ਗੁੜ,ਕਪਾਹ ਆਦਿ। ਪ੍ਰਮੁੱਖ ਸੂਫ਼ੀ ਕਵੀਆਂ ਦੇ ਨਾਂ ਵਰਣਨਯੋਗ ਹਨ, ਮੋਢੀ ਸੂਫ਼ੀ ਕਵੀ ਬਾਬਾ ਫ਼ਰੀਦ ਹਨ, ਫਿਰ ਲਗਭਗ 300 ਸਾਲਾਂ ਬਾਅਦ ਸ਼ਾਹ ਹੁਸੈਨ,ਸੁਲਤਾਨ ਬਾਹੂ, ਸ਼ਾਹ ਸ਼ਰਫ, ਬੁੱਲ੍ਹੇ ਸ਼ਾਹ, ਅਲੀ ਹੈਦਰ, ਫ਼ਰਦ ਫ਼ਕੀਰ, ਆਦਿ ਸੂਫ਼ੀ ਕਵੀ ਹੋਏ ਹਨ। ਇਨ੍ਹਾਂ ਨੇ ਪੰਜਾਬੀ ਸੱਭਿਆਚਾਰ, ਸਮਾਜ ਅਤੇ ਸਾਹਿਤ ਉੱਤੇ ਬੜਾ ਪ੍ਰਭਾਵ ਪਾਇਆ। ਇਨ੍ਹਾਂ ਦੀ ਕਵਿਤਾ ਵਿਚਲੇ ਮਾਨਵਵਾਦੀ ਮੰਤਵ ਕਾਰਨ ਇਹ ਮੱਤ ਕਾਫੀ ਆਦਰ ਤੇ ਵਡਿਆਈ ਯੋਗ ਹੈ।

### 7.3.1 ਬਾਬਾ ਫ਼ਰੀਦ ਦੇ ਕੁਝ ਸਲੋਕ

1. ਫਰੀਦਾ ਖਾਕੁ ਨ ਨਿੰਦੀਐ ਖਾਕੂ ਜੇਡੁ ਨ ਕੋਇ॥
   ਜੀਵਦਿਆਂ ਪੈਰਾਂ ਤਲੈ ਮੁਇਆ ਉਪਰਿ ਹੋਇ॥17
2. ਰੁਖੀ ਸੁਖੀ ਖਾਇ ਕੈ ਠੰਡਾ ਪਾਣੀ ਪੀਉ । ।
   ਫਰੀਦਾ ਦੇਖਿ ਪਰਾਈ ਚੋਪੜੀ ਨ ਤਰਸਾਏ ਜੀਉ॥29
3. ਬੁਢਾ ਹੋਆ ਸੇਖ ਫਰੀਦੁ ਕੰਬਣਿ ਲਗੀ ਦੇਹ॥
   ਜੇ ਸਉ ਵਰਿਆ ਜੀਵਣਾ ਭੀ ਤਨੁ ਹੋਸੀ ਖੇਹ॥41
4. ਫਰੀਦਾ ਕਾਲੇ ਮੈਡੇ ਕੱਪੜੇ ਕਾਲਾ ਮੈਡਾ ਵੇਸੁ॥
   ਗੁਨਹੀ ਭਰਿਆ ਮੈ ਫਿਰਾ ਲੋਕੁ ਕਹੈ ਦਰਵੇਸੁ॥61
5. ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ॥
   ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ॥78

ਔਖੇ ਸ਼ਬਦਾਂ ਦੇ ਅਰਥ:-

| | |
|---|---|
| ਖਾਕ | : ਮਿੱਟੀ |
| ਖੇਹ | : ਮਿੱਟੀ |
| ਜੇਡ | : ਜਿੰਨਾ ਵੱਡਾ |
| ਮੈਡੇ | : ਮੇਰ |

| | |
|---|---|
| ਤਲੈ | : ਪੈਰਾਂ ਦੇ ਥੱਲੇ |
| ਮੈਡਾ | : ਮੇਰਾ |
| ਤਰਸਾਏ | : ਇੱਛਾ ਕਰਨੀ |
| ਵੇਸ | : ਪਹਿਰਾਵਾ |
| ਜੀਉ | : ਜੀਅ, ਮਨ |
| ਗੁਨਹੀ | : ਗੁਨਾਹਾਂ ਨਾਲ |
| ਦੇਹ | : ਸਰੀਰ |
| ਦਰਵੇਸ | : ਰੱਬ ਤੱਕ ਪਹੁੰਚਿਆ ਹੋਇਆ ਫਕੀਰ |
| ਸਉ | : ਸੌ, ਸੈਂਕੜ |
| ਹਢਾਇ | : ਧਾਰਨਾ, ਰੱਖਣਾ |
| ਵਰਿਆ | : ਸਾਲ |
| ਪਲੈ | : ਦਾਮਨ ਵਿੱਚ, ਲੜ ਵਿੱਚ |
| ਭੀ | : ਵੀ |
| ਪਾਇ | : ਪ੍ਰਾਪਤ, ਹਾਸਿਲ ਰਹਿਣਾ |
| ਹੋਸੀ | : ਹੋਵੇਗਾ |

**ਸਲੋਕ** (1) ਤੁਕਵਾਰ ਅਰਥ: ਫਰੀਦ ਜੀ ਫਰਮਾਉਂਦੇ ਹਨ ਕਿ ਮਿੱਟੀ ਨੂੰ ਬੁਰਾ ਨਹੀਂ ਸਮਝਣਾ ਚਾਹੀਦਾ, ਕਿਉਂਕਿ ਉਸ ਜਿੰਨਾ ਵੱਡਾ ਹੋਰ ਕੋਈ ਨਹੀਂ।ਇਹ ਮਿੱਟੀ ਮਨੁੱਖ ਦੇ ਪੈਰਾਂ ਥੱਲੇ ਰਹਿੰਦੀ ਹੈ ਜਦੋਂ ਉਹ ਜਿਉਂਦਾ ਹੋਵੇ, ਪਰ ਜਦੋਂ ਉਹ ਮਰ ਜਾਂਦਾ ਹੈ ਤਾਂ ਇਹ ਮਿੱਟੀ ਉਸ ਦੇ ਉੱਪਰ ਪਾ ਦਿੱਤੀ ਜਾਂਦੀ ਹੈ।

**ਵਿਆਖਿਆ:-**

ਫਰੀਦ ਜੀ ਇਸ ਸਲੋਕ ਵਿੱਚ ਨਿਰਮਾਣਤਾ ਦਾ ਗੁਣ ਧਾਰਨ ਕਰਨ ਦੀ ਪ੍ਰੇਰਨਾ ਦਿੰਦੇ ਹਨ।ਜਿਸ ਮਿੱਟੀ ਤੋਂ ਮਨੁੱਖ ਜ਼ਿੰਦਗੀ ਭਰ ਬਚਣ ਦੇ ਆਹਰ ਵਿੱਚ ਰਹਿੰਦਾ ਹੈ ਕਿਉਂਕਿ ਉਹ ਮਿੱਟੀ ਤੋਂ ਨਫ਼ਰਤ ਕਰਦਾ ਹੈ,ਉਹ ਮਿੱਟੀ ਮਨੁੱਖ ਦੀ ਮੌਤ ਤੋਂ ਬਾਅਦ ਕਬਰ ਵਿੱਚ ਉਸ ਦੇ ਉੱਪਰ ਹੁੰਦੀ ਹੈ। ਇਸ ਤਰ੍ਹਾਂ ਮਿੱਟੀ ਨੂੰ ਨਿੰਦਣਾ ਨਹੀਂ ਚਾਹੀਦਾ। ਮਿੱਟੀ ਜਿੰਨੀ ਮਹਾਨ ਚੀਜ਼ ਹੋਰ ਕੋਈ ਨਹੀਂ ਹੈ। ਇਸ ਤਰਾਂ ਨਿਰਮਾਣ ਤੇ ਨਿਮਰ ਸੁਭਾਅ ਦੇ ਬਰਾਬਰ ਕੋਈ ਨਹੀਂ ਹੋ ਸਕਦਾ, ਅਜਿਹੇ ਸੁਭਾਅ ਦਾ ਮਾਲਕ ਮਨੁੱਖ ਹੀ ਮਹਾਨ ਹੁੰਦਾ ਹੈ।

**ਸਲੋਕ** (2) ਤੁਕਵਾਰ ਅਰਥ: ਮਨੁੱਖ ਨੂੰ ਰੁੱਖੀ- ਮਿੱਸੀ ਜਾਂ ਬਾਸੀ ਰੋਟੀ ਵੀ ਖੁਸ਼ੀ ਨਾਲ ਖਾ ਲੈਣੀ ਚਾਹੀਦੀ ਹੈ ਤੇ ਉਪਰੋਂ ਠੰਡਾ ਪਾਣੀ ਪੀ ਕੇ ਸਬਰ ਕਰ ਲੈਣਾ ਚਾਹੀਦਾ ਹੈ।ਫਰੀਦ ਜੀ ਫਰਮਾਉਂਦੇ ਹਨ ਕਿ ਕਦੇ ਵੀ ਬੇਗਾਨੀ ਚੋਪੜੀ ਹੋਈ ਰੋਟੀ ਨੂੰ ਦੇਖ ਕੇ ਆਪਣੇ ਮਨ ਵਿੱਚ ਉਸ ਲਈ ਇੱਛਾ ਨਹੀਂ ਕਰਨੀ ਚਾਹੀਦੀ।

**ਵਿਆਖਿਆ:-**

ਇਸ ਸਲੋਕ ਵਿੱਚ ਫਰੀਦ ਜੀ ਫਰਮਾਉਂਦੇ ਹਨ ਕਿ ਮਨੁੱਖ ਅੰਦਰ ਸਬਰ ਸੰਤੋਖ ਹਮੇਸ਼ਾ ਬਣਿਆ ਰਹਿਣਾ ਚਾਹੀਦਾ ਹੈ। ਉਸਨੂੰ ਆਪਣੀ ਕਮਾਈ ਹੋਈ ਘੱਟ ਤੋਂ ਘੱਟ ਵਸਤ ਨਾਲ ਹੀ ਸੰਤੁਸ਼ਟ ਰਹਿਣਾ ਚਾਹੀਦਾ ਹੈ। ਦੂਜੇ ਦੀ ਵੱਧ ਪ੍ਰਾਪਤੀ ਦੇਖ ਕੇ ਉਸ ਪ੍ਰਤੀ ਇੱਛਾ ਕਰਕੇ ਆਪਣੇ ਮਨ ਨੂੰ ਦੁਖੀ ਨਹੀਂ ਕਰਨਾ ਚਾਹੀਦਾ, ਬਲਕਿ ਆਪਣੀ ਪ੍ਰਾਪਤੀ ਵਿੱਚ ਹੀ ਖੁਸ਼ ਅਤੇ ਸੰਤੁਸ਼ਟ ਰਹਿਣਾ ਚਾਹੀਦਾ ਹੈ।

**ਸਲੋਕ** (3) ਤੁਕਵਾਰ ਅਰਥ: ਫਰੀਦ ਜੀ ਫਰਮਾਉਂਦੇ ਹਨ ਕਿ ਬੁੱਢਾ ਹੋਣ ਕਾਰਨ ਸ਼ਰੀਰ ਕੰਬਣ ਲੱਗ ਜਾਂਦਾ ਹੈ। ਜੇ ਸੌ ਸਾਲ ਤੱਕ ਦੀ ਜ਼ਿੰਦਗੀ ਵੀ ਹੋਵੇ ਤਾਂ ਵੀ ਮੌਤ ਅਟੱਲ ਹੈ ਤੇ ਸ਼ਰੀਰ ਨੇ ਮਿੱਟੀ ਹੋਣਾ ਹੀ ਹੈ।

**ਵਿਆਖਿਆ:-**

ਇਸ ਸਲੋਕ ਵਿੱਚ ਫਰੀਦ ਜੀ ਨੇ ਮੌਤ ਦੀ ਅਟੱਲਤਾ ਬਾਰੇ ਦੱਸਦਿਆਂ ਕਿਹਾ ਹੈ ਕਿ ਮਨੁੱਖ ਦਾ ਸ਼ਰੀਰ ਬੁੱਢਾ ਹੋਣ ਤੋਂ ਬਾਅਦ ਜ਼ਰਜ਼ਰਾ ਜਾਂਦਾ ਹੈ ਤੇ ਕੰਬਣ ਲੱਗਦਾ ਹੈ ਭਾਵ ਉਸ ਦਾ ਅੰਤ ਵੇਲਾ ਨੇੜੇ ਆ ਜਾਂਦਾ ਹੈ। ਭਾਵੇਂ ਉਸ ਸ਼ਰੀਰ ਨੇ ਸੌ ਸਾਲ ਦੀ ਉਮਰ ਵੀ ਭੋਗੀ ਹੋਵੇ, ਪਰ ਅੰਤ ਉਸਨੂੰ ਮਿੱਟੀ ਬਣਨਾ ਹੀ ਪਵੇਗਾ। ਇਸ ਸੱਚਾਈ ਤੋਂ ਕੋਈ ਵੀ ਸ਼ਰੀਰ ਬਚ ਨਹੀਂ ਸਕਦਾ। ਇਸ ਲਈ ਮਨੁੱਖ ਨੂੰ ਇਸ ਸੱਚ ਨੂੰ ਝੁਠਲਾਉਣਾ ਨਹੀਂ ਚਾਹੀਦਾ।

**ਸਲੋਕ** (4) ਤੁਕਵਾਰ ਅਰਥ: ਫਰੀਦ ਜੀ ਆਪਣੇ ਆਪ ਨੂੰ ਸੰਬੋਧਿਤ ਕਰਦੇ ਹੋਏ ਕਹਿੰਦੇ ਹਨ ਕਿ ਉਨ੍ਹਾਂ ਨੇ ਕਾਲੇ ਕੱਪੜੇ ਪਾਏ ਹੋਏ ਹਨ ਅਤੇ ਅਜਿਹਾ ਪਹਿਰਾਵਾ ਫਕੀਰ ਦਿਸਣ ਲਈ ਪਾਇਆ ਹੋਇਆ ਹੈ। ਪਰ ਉਹ ਅੰਦਰੋਂ ਗੁਨਾਹਾਂ ਨਾਲ ਭਰੇ ਹੋਏ ਹਨ, ਵਿਕਾਰਾਂ ਵਿੱਚ ਫਿਰ ਰਹੇ ਹਨ ਤੇ ਲੋਕ ਉਨ੍ਹਾਂ ਨੂੰ ਪਹਿਰਾਵੇ ਕਾਰਨ ਦਰਵੇਸ਼ ਫਕੀਰ ਸਮਝ ਰਹੇ ਹਨ।

**ਵਿਆਖਿਆ:-**

ਇਸ ਸਲੋਕ ਵਿੱਚ ਫਰੀਦ ਜੀ ਦੁਆਰਾ ਬਾਹਰੋਂ ਭੇਖੀ ਫਕੀਰ ਹੋਣ ਦੀ ਥਾਂ ਅੰਦਰੋਂ ਸੱਚਾ ਫਕੀਰ ਹੋਣ ਦੀ ਪ੍ਰੇਰਨਾ ਦਿੱਤੀ ਗਈ ਹੈ। ਉਹ ਆਪਣੇ -ਆਪ ਨੂੰ ਇੱਕ ਭੇਖੀ ਭਾਵ ਫਕੀਰੀ ਪਹਿਰਾਵੇ ਵਾਲਾ ਅਤੇ ਕੇਵਲ ਬਾਹਰੋਂ ਦਿਖਾਵੇ ਦਾ ਫਕੀਰ ਹੋਣਾ ਦੱਸਦੇ ਹੋਏ ਇਸ ਤਰ੍ਹਾਂ ਦੀ ਫਕੀਰੀ ਤੋਂ ਬਚਣ ਦੀ ਪ੍ਰੇਰਨਾ ਦਿੰਦੇ ਹਨ, ਕਿਉਂਕਿ ਬਾਹਰੀ ਭੇਖ ਨਾਲ ਕੋਈ ਫਕੀਰ ਦਰਵੇਸ਼ ਨਹੀਂ ਬਣ ਜਾਂਦਾ ਤੇ ਲੋਕਾਂ ਨੂੰ ਭਰਮ ਵਿੱਚ ਰੱਖਣ ਦਾ ਕੋਈ ਜ਼ਹਿਨੀ/ਆਤਮਿਕ ਲਾਭ ਨਹੀਂ ਹੈ।

**ਸਲੋਕ** (5) ਤੁਕਵਾਰ ਅਰਥ: ਫਰੀਦ ਜੀ ਫਰਮਾਉਂਦੇ ਹਨ ਕਿ ਜੇਕਰ ਕੋਈ ਬੁਰਾਈ ਕਰੇ ਤਾਂ ਉਸ ਉੱਤੇ ਕ੍ਰੋਧਿਤ ਨਾ ਹੋਵੋ, ਬਲਕਿ ਉਸ ਦਾ ਵੀ ਭਲਾ ਕਰੋ। ਅਜਿਹਾ ਕਰਨ ਨਾਲ ਵਿਕਾਰ ਸਰੀਰ ਨੂੰ ਰੋਗੀ ਨਹੀਂ ਬਣਾ ਸਕਣਗੇ ਤੇ ਚੰਗੀ ਸਿਹਤ ਹਾਸਲ ਰਹੇਗੀ।

**ਵਿਆਖਿਆ:-**

ਇਸ ਸਲੋਕ ਰਾਹੀਂ ਬਾਬਾ ਫਰੀਦ ਕ੍ਰੋਧ ਵਰਗੇ ਵਿਕਾਰ ਤੋਂ ਬਚਣ ਦੀ ਪ੍ਰੇਰਨਾ ਦਿੰਦੇ ਹਨ ਤੇ ਨਾਲ ਹੀ ਸਾਰੀ ਮਨੁੱਖਤਾ ਪ੍ਰਤੀ ਨਿਮਰਤਾ ਧਾਰਨ ਕਰਨ ਲਈ ਵੀ ਆਖਦੇ ਹਨ, ਕਿਉਂਕਿ ਉਨ੍ਹਾਂ ਅਨੁਸਾਰ ਵਿਕਾਰ ਸਰੀਰ ਨੂੰ ਰੋਗ-ਗ੍ਰਸਤ ਕਰ ਦਿੰਦੇ ਹਨ। ਇਨ੍ਹਾਂ ਰੋਗਾਂ ਤੋਂ ਬਚਣ ਲਈ ਵਿਕਾਰਾਂ ਤੋਂ ਦੂਰ ਰਹਿਣਾ ਚਾਹੀਦਾ ਹੈ ਤਾਂ ਹੀ ਸਾਨੂੰ ਸਭ ਕੁਝ ਚੰਗਾ ਪ੍ਰਾਪਤ ਹੋ ਸਕਦਾ ਹੈ। ਭਾਵ ਕ੍ਰੋਧ ਤੋਂ ਦੂਰ ਰਹਿ ਕੇ ਅਸੀਂ ਆਪਣੀ ਸਿਹਤ ਨੂੰ ਠੀਕ ਰੱਖ ਸਕਦੇ ਹਾਂ ਤੇ ਚੰਗੀ ਸਿਹਤ ਹੀ ਚੰਗੇ ਆਚਾਰ- ਵਿਚਾਰ ਨੂੰ ਕਾਇਮ ਰੱਖ ਸਕਦੀ ਹੈ।

## 7.3.2 ਬੁੱਲ੍ਹੇ ਸ਼ਾਹ ਦੀ ਕਾਫ਼ੀ ਦਾ ਇਕ ਅੰਸ਼

ਬੁੱਲੇ ਸ਼ਾਹ ਦੀ ਕਾਫੀ:-

ਤੋਬਾ ਨਾ ਕਰ ਯਾਰ ਕੈਸੀ ਤੋਬਾ ਹੈ,
ਨਿਤ ਪੜ੍ਹਦੇ ਇਸਤਿਗ਼ਫ਼ਾਰ, ਕੈਸੀ ਤੋਬਾ ਹੈ,
ਸਾਵੀਂ ਦੇ ਕੇ ਲਵੇਂ ਸਵਾਈ,
ਡਿਓਢਿਆਂ ਦੀ ਤੂੰ ਬਾਜ਼ੀ ਲਾਈ,
ਮੁਸਲਮਾਨੀ ਇਹ ਕਿੱਥੋਂ ਪਾਈ,
ਇਹ ਤੇਰਾ ਕਿਰਦਾਰ,
ਕੈਸੀ ਤੋਬਾ ਹੈ...।

ਔਖੇ ਸ਼ਬਦਾਂ ਦੇ ਅਰਥ:-

| | |
|---|---|
| ਤੋਬਾ | : ਕਿਸੇ ਮਾੜੇ ਕੰਮ ਨੂੰ ਮੁੜ ਨਾ ਦੁਹਰਾਉਣ ਦੀ ਪ੍ਰਤਿਗਿਆ ਕਰਨੀ, ਪਛਤਾਵਾ ਕਰਨਾ |
| ਇਸਤਿਗ਼ਫ਼ਾਰ | : ਤੋਬਾ ਕਰਨਾ, ਗੁਨਾਹਾਂ ਦੀ ਮੁਆਫ਼ੀ ਚਾਹੁਣਾ, ਬਖਸ਼ਸ਼। |
| ਸਾਵੀਂ | : ਸਮਤੋਲ, ਬਰਾਬਰ। |
| ਸਵਾਈ | : ਜ਼ਿਆਦਾ ਅਧਿਕ। |
| ਡਿਓਢਿਆਂ | : ਇੱਕ ਪੂਰਾ ਤੇ ਦੂਜਾ ਅੱਧ, ਡੇਢ, ਇੱਕ ਤੋਂ ਅੱਧਾ ਵੱਧ। |
| ਬਾਜ਼ੀ ਲਾਈ | : ਦਾਓ ਲਾਉਣਾ, ਆਪਣੀ ਵਾਰੀ ਦੀ ਖੇਡ ਖੇਡਣਾ ਤੇ ਦੂਜੇ ਦੀ ਖੇਡ ਉੱਤੇ ਨਿਗ੍ਹਾ ਰੱਖਣੀ। |
| ਕਿਰਦਾਰ | : ਚਰਿੱਤਰ, ਆਚਰਣ। |

ਤੁਕਵਾਰ ਅਰਥ:-

1. ਝੂਠੀ ਤੋਬਾ ਕਰਨ ਦਾ ਕੋਈ ਲਾਭ ਨਹੀਂ ਇਸ ਲਈ ਹੇ ਮਨੁੱਖ, ਤੋਬਾ ਨਾ ਕਰ।
2. ਜੇ ਰੋਜ਼ ਗੁਨਾਹ ਹੀ ਕਰਨੇ ਹਨ ਤਾਂ ਹਰ ਰੋਜ਼ ਹੀ ਇਸਤਿਗ਼ਫ਼ਾਰ ਪੜ੍ਹ ਕੇ ਮਾਫੀ ਮੰਗਣ ਦਾ ਕੋਈ ਫਾਇਦਾ ਨਹੀਂ।
3. ਤੂੰ ਜਿੰਨੀ ਚੀਜ਼ ਦਿੰਦਾ ਹੈਂ ਉਸ ਦੇ ਬਰਾਬਰ ਤੋਂ ਵੱਧ ਭਾਵ ਵਿਆਜ਼ ਸਮੇਤ ਵਾਪਸ ਲੈਂਦਾ ਹੈਂ।
4. ਬਲਕਿ ਡੇਢ ਗੁਣਾ ਵੱਧ ਲੈਣ ਦਾ ਮੌਕਾ ਲੱਭ ਰਿਹਾ ਹੈਂ।
5. ਹੇ ਮਨੁੱਖ ਤੂੰ ਇਸ ਤਰ੍ਹਾਂ ਦਾ ਗ਼ੈਰ ਮਨੁੱਖੀ ਧਰਮ ਕਿੱਥੋਂ ਅਪਣਾ ਲਿਆ ।
6. ਤੇਰਾ ਅਸਲ ਵਿੱਚ ਆਚਰਣ ਇਹ ਹੈ, ਜਿਸ ਵਿੱਚ ਬੇਗ਼ੈਰਤ ਹੋ ਗਿਆ ਹੈਂ।
7. ਸੋ ਅਜਿਹੀ ਤੋਬਾ ਜੋ ਹਰ ਰੋਜ਼ ਹੀ ਕੀਤੀ ਜਾਂਦੀ ਹੈ,ਉਸ ਦਾ ਕੋਈ ਲਾਭ ਨਹੀਂ ।

**ਵਿਆਖਿਆ:-**

ਇਸ ਕਾਫੀ ਵਿੱਚ ਬੁੱਲੇ ਸ਼ਾਹ ਨੇ ਫੋਕੇ ਧਾਰਮਿਕ ਕਰਮਕਾਡਾਂ ਉੱਤੇ ਵਿਅੰਗ ਕੀਤਾ ਹੈ ਤੇ ਧਾਰਮਿਕ ਆਗੂਆਂ ਦੇ ਭ੍ਰਿਸ਼ਟ ਆਚਰਣ ਨੂੰ ਵੀ ਬੇਪਰਦ ਕੀਤਾ ਹੈ। ਬੁੱਲ੍ਹੇ ਸ਼ਾਹ ਅਨੁਸਾਰ ਤੋਬਾ ਕਰਨਾ ਹਰ ਮੁਸਲਮਾਨ ਦਾ ਹੱਕ ਹੈ ਜਦੋਂ ਉਸ ਤੋਂ ਕੋਈ ਗੁਨਾਹ ਹੋ ਜਾਵੇ, ਪਰ ਫਿਰ ਮੁੜ ਕੇ ਇਸ ਗੁਨਾਹ ਨੂੰ ਦੁਹਰਾਉਣ ਤੋਂ ਮਨਾਹੀ ਹੈ। ਪਰ ਜਦੋਂ ਮੁਸਲਮਾਨ ਕੋਲ ਪਾਪਾਂ ਨੂੰ ਬਖਸ਼ਾਉਣ ਲਈ ਇਸਤਿਫਗਾਰ ਦੀ ਸਹੂਲਤ ਹੈ ਤਾਂ ਗੁਨਾਹਾਂ ਦੇ ਦੁਹਰਾਉ ਦੀ ਸੰਭਾਵਨਾ ਬਣੀ ਰਹਿੰਦੀ ਹੈ। ਪਰ ਬੁੱਲ੍ਹੇ ਸ਼ਾਹ ਅਜਿਹੀ ਫੋਕੀ ਤੋਬਾ ਤੋਂ ਤੋਬਾ ਕਰਨ ਦੀ ਗੱਲ ਆਖਦਾ ਹੈ, ਉਹ ਮਨੁੱਖ ਦੇ ਭ੍ਰਿਸ਼ਟ ਕਿਰਦਾਰ ਨੂੰ ਫਿਟਕਾਰਦਾ ਹੈ ਤੇ ਸੱਚਾ ਮਨੁੱਖ ਬਣਨ ਦੀ ਪ੍ਰੇਰਨਾ ਦਿੰਦਾ ਹੈ। ਜੇ ਹਰ ਰੋਜ਼ ਗੁਨਾਹ ਕਰਨੇ ਹਨ ਤਾਂ ਤੋਬਾ ਦਾ ਕੀ ਅਰਥ ਰਹਿ ਜਾਂਦਾ ਹੈ। ਮੁਸਲਮਾਨ ਧਰਮ ਵਿੱਚ ਵਿਆਜ਼ ਖਾਣ ਦੀ ਮਨਾਹੀ ਹੈ। ਪਰ ਉਹ ਉਸ ਤੋਂ ਡੇਢ ਗੁਣਾ ਵੱਧ ਉਗਰਾਹੁੰਦਾ ਹੈ। ਅਜਿਹੇ ਕਿਰਦਾਰ ਵਾਲਾ ਮਨੁੱਖ ਮੁਸਲਮਾਨ ਨਹੀਂ ਹੋ ਸਕਦਾ। ਮਨੁੱਖ ਨੂੰ ਅਜਿਹੇ ਕਿਰਦਾਰ ਤੋਂ ਤੋਬਾ ਕਰਨੀ ਚਾਹੀਦੀ ਹੈ।

**ਅਭਿਆਸ ਦੂਜਾ**

ਪ੍ਰਸ਼ਨ 1. ਬਾਬਾ ਫ਼ਰੀਦ ਜੀ ਦੇ ਸਲੋਕਾਂ ਵਿਚ ਕਿਸ ਤਰ੍ਹਾਂ ਦੀ ਫ਼ਕੀਰੀ ਹੋਣ ਬਾਰੇ ਕਿਹਾ ਗਿਆ ਹੈ?

ਉੱਤਰ ..................................................................................................

..................................................................................................

..................................................................................................

..................................................................................................

ਪ੍ਰਸ਼ਨ 2. ਮੌਤ ਬਾਰੇ ਬਾਬਾ ਫ਼ਰੀਦ ਜੀ ਦੇ ਕੀ ਵਿਚਾਰ ਹਨ?

ਉੱਤਰ ..................................................................................................

..................................................................................................

..................................................................................................

..................................................................................................

ਪ੍ਰਸ਼ਨ 3. ਕ੍ਰੋਧ ਤੋਂ ਬਚ ਕੇ ਰਹਿਣ ਵਿਚ ਸਾਡਾ ਕੀ ਫ਼ਾਇਦਾ ਹੈ?

ਉੱਤਰ ..................................................................................................

..................................................................................................

..................................................................................................

..................................................................................................

ਪ੍ਰਸ਼ਨ 4. ਬੁੱਲ੍ਹੇ ਸ਼ਾਹ ਕਿਸ ਤੋਬਾ ਤੋਂ ਤੋਬਾ ਕਰਨ ਲਈ ਆਖਦਾ ਹੈ?

ਉੱਤਰ ..................................................................................................

..................................................................................................

..................................................................................................

..................................................................................................

ਪ੍ਰਸ਼ਨ 5. ਵਿਆਜ਼ ਬਾਰੇ ਬੁੱਲ੍ਹੇ ਸ਼ਾਹ ਨੇ ਕਿਸ ਤਰ੍ਹਾਂ ਦੇ ਸੱਚ ਬਾਰੇ ਦੱਸਿਆ ਹੈ?

ਉੱਤਰ ..................................................................................................

..................................................................................................

..................................................................................................

..................................................................................................

ਪ੍ਰਸ਼ਨ 6. ਸੱਚੇ ਮੁਸਲਮਾਨ ਦੀ ਕੀ ਪਛਾਣ ਹੈ?

ਉੱਤਰ ..................................................................................................

..................................................................................................

..................................................................................................

..................................................................................................

## 7.4 ਕਿੱਸਾ ਕਾਵਿ ਧਾਰਾ: ਜਾਣ ਪਛਾਣ

ਮੱਧ ਕਾਲ ਵਿੱਚ ਛੰਦ- ਬੱਧ ਬਿਰਤਾਂਤਕ ਕਾਵਿ -ਧਾਰਾ ਦੋ ਰੂਪਾਂ ਵਿੱਚ ਵਿਕਸਿਤ ਹੋਈ, ਇੱਕ ਕਿੱਸਾ ਕਾਵਿ ਤੇ ਦੂਜਾ ਵੀਰ ਕਾਵਿ (ਵਾਰ ਤੇ ਜੰਗਨਾਮਾ)। ਕਿੱਸਾ ਅਰਬੀ ਦਾ ਸ਼ਬਦ ਹੈ ਜਿਸ ਦਾ ਅਰਥ ਹੈ ਕਥਾ, ਕਹਾਣੀ, ਆਖਿਆਨ। ਇਸ ਕਾਲ ਵਿੱਚ ਲੋਕ ਸਾਹਿਤ ਵਿੱਚ ਬਹੁਤ ਸਾਰੀਆਂ ਪ੍ਰੇਮ ਕਥਾਵਾਂ ਪ੍ਰਚਲਿਤ ਸਨ ਤੇ ਦੂਜਾ ਫਾਰਸੀ ਮਨਸਵੀ ਦਾ ਪ੍ਰਭਾਵ ਪੈਣਾ ਵੀ ਸ਼ੁਰੂ ਹੋ ਗਿਆ ਸੀ। ਇਸ ਦੇ ਪ੍ਰਭਾਵ

ਅਧੀਨ ਹੀ ਪੰਜਾਬੀ ਕਿੱਸਾ ਕਾਵਿ ਨੇ ਆਪਣਾ ਰੂਪ ਨਿਖਾਰਿਆ। ਲੋਕ ਕਥਾਵਾਂ ਨੂੰ ਕਵਿਤਾ ਰੂਪ ਵਿੱਚ ਛੰਦ ਬੱਧ ਕਰਕੇ ਪੇਸ਼ ਕਰਨ ਲਈ ਕਿੱਸਿਆਂ ਦੀ ਰਚਨਾ ਹੋਈ। ਮੁਗ਼ਲ ਕਾਲ ਵਿੱਚ ਅਧਿਕਤਰ ਪ੍ਰੇਮ ਕਹਾਣੀਆਂ ਨੂੰ ਹੀ ਕਿੱਸਿਆਂ ਦਾ ਵਿਸ਼ਾ ਬਣਾਇਆ ਗਿਆ ਹੈ। ਜਿਸ ਵਿੱਚ ਵਾਸ਼ਨਾਵਾਦੀ ਰੰਗ ਦੇ ਨਾਲ-ਨਾਲ ਪ੍ਰੇਮ ਦਾ ਆਦਰਸ਼ਿਕ ਰੂਪ ਵੀ ਮਿਲਦਾ ਹੈ, ਪਰ ਬਾਅਦ ਵਾਲੇ ਸਮੇਂ ਵਿੱਚ ਇਨ੍ਹਾਂ ਦੇ ਵਿਸ਼ੇ ਪ੍ਰੇਮ ਦੇ ਇਲਾਵਾ ਚੋਰਾਂ, ਡਾਕੂਆਂ ਅਤੇ ਬਾਗੀਆਂ ਨੂੰ ਵੀ ਬਣਾਇਆ ਗਿਆ। ਇਨ੍ਹਾਂ ਤੋਂ ਇਲਾਵਾ ਸਦਾਚਾਰਿਕ ਅਤੇ ਧਾਰਮਿਕ ਕਿੱਸੇ ਵੀ ਲਿਖੇ ਜਾਣ ਲੱਗੇ।

ਪ੍ਰੇਮ ਦੇ ਨਾਂ ਉੱਤੇ ਕੁਰਬਾਨੀਆਂ ਕਰਨ ਵਾਲੇ ਬਹੁਤ ਘੱਟ ਲੋਕ ਹੁੰਦੇ ਹਨ। ਜਿਸ ਕਾਰਨ ਪ੍ਰੇਮੀਆਂ ਦੇ ਜੀਵਨ ਬਿਰਤਾਂਤ ਸਾਧਾਰਨ ਮਨੁੱਖ ਦੇ ਜੀਵਨ ਬਿਰਤਾਂਤ ਨਾਲੋਂ ਵੱਧ ਅਦਭੁਤ ਤੇ ਰੋਮਾਂਚਿਤ ਹੁੰਦੇ ਹਨ। ਇਸੇ ਰੁਮਾਂਸ ਕਰਕੇ ਉਨ੍ਹਾਂ ਦੀ ਪ੍ਰਸਿੱਧੀ ਤੇ ਆਦਰ ਕੁੱਲ ਸੰਸਾਰ ਵਿੱਚ ਪ੍ਰਸਾਰਿਤ ਹੁੰਦਾ ਹੈ। ਪ੍ਰੇਮ ਪ੍ਰਸੰਗ ਵਾਲੇ ਕਿੱਸਿਆਂ ਵਿੱਚ ਪ੍ਰੇਮ ਨੂੰ ਕੇਵਲ ਸਰੀਰਕ ਤੌਰ 'ਤੇ ਹੀ ਨਹੀਂ ਬਲਕਿ ਆਤਮਕ ਅਤੇ ਆਦਰਸ਼ਕ ਤੌਰ ਤੇ ਵੀ ਪੇਸ਼ ਕੀਤਾ ਗਿਆ ਹੁੰਦਾ ਹੈ। ਇਨ੍ਹਾਂ ਵਿੱਚ ਕਈ ਦੈਵੀ ਅਤੇ ਪਰਾਸਰੀਰਕ ਸ਼ਕਤੀਆਂ ਦੇ ਪ੍ਰਭਾਵ ਵੀ ਦਰਜ ਹਨ। ਜਿਨ੍ਹਾਂ ਨਾਲ ਇਨ੍ਹਾਂ ਵਿਚਲਾ ਘਟਨਾਕ੍ਰਮ ਜ਼ਿਆਦਾ ਨਾਟਕੀ ਅਤੇ ਰੌਚਕ ਹੋ ਜਾਂਦਾ ਹੈ। ਕਿੱਸਾ ਮੱਧਕਾਲ ਵਿੱਚ ਸਭ ਤੋਂ ਅਧਿਕ ਵਿਕਸਿਤ ਹੁੰਦਾ ਹੈ, ਕਿਉਂਕਿ ਇਹ ਕਾਲ ਸਾਮੰਤਵਾਦ ਦੀਆਂ ਚੜ੍ਹਦੀਆਂ ਕਲਾਵਾਂ ਦਾ ਕਾਲ ਸੀ। ਜਿਸ ਵਿੱਚ ਕੇਵਲ ਸਾਹਿਤ ਨੂੰ ਹੀ ਨਹੀਂ ਬਲਕਿ ਹੋਰ ਦੂਜੀਆਂ ਲੋਕ ਕਲਾਵਾਂ ਨੂੰ ਵਿਕਸਿਤ ਹੋਣ ਦੇ ਬਹੁਤ ਜਿਆਦਾ ਮੌਕੇ ਮਿਲੇ। ਕਿਉਂ ਕਿ ਜਾਗੀਰਦਾਰੀ ਪ੍ਰਬੰਧ ਹੋਣ ਕਾਰਨ ਕਲਾਕਾਰਾਂ ਅਤੇ ਸਾਹਿਤਕਾਰਾਂ ਨੂੰ ਖੁਸ਼ ਹੋ ਕੇ ਵੱਡੇ-ਵੱਡੇ ਇਨਾਮ , ਸਨਮਾਨ ਦਿੱਤੇ ਜਾਂਦੇ ਸਨ ਜੋ ਕਲਾ ਦੇ ਪ੍ਰੋਤਸਾਹਨ ਲਈ ਚੰਗਾ ਚਿੰਨ੍ਹ ਸਨ। ਬਾਰਵੀਂ ਸਦੀ ਤੋਂ ਹੀ ਕਿੱਸਾ ਲਿਖੇ ਜਾਣ ਦੀ ਪਰੰਪਰਾ ਦੀ ਗਵਾਹੀ ਮਿਲਦੀ ਹੈ। ਪਰ ਦਮੋਦਰ ਦਾ ਰਚਿਆ ਕਿੱਸਾ "ਹੀਰ" ਹੀ ਪਹਿਲਾ ਪ੍ਰਾਪਤ ਕਿੱਸਾ ਹੈ ਜੋ ਕਿ ਸੋਲ੍ਹਵੀਂ ਸਦੀ ਦੇ ਪਿਛਲੇ ਅੱਧ ਵਿੱਚ ਹੋਇਆ। ਸਿੱਖ ਰਾਜ ਕਾਲ ਤੱਕ ਕਿੱਸਾ ਰਚਨਾ ਦੀ ਪਰੰਪਰਾ ਲਗਾਤਾਰ ਚੱਲਦੀ ਰਹੀ। ਅਨੇਕ ਕਵੀਆਂ ਨੇ ਵੱਖ-ਵੱਖ ਛੰਦਾਂ ਵਿੱਚ, ਕਾਵਿ ਰੂਪਾਂ ਵਿੱਚ ਵੱਖ-ਵੱਖ ਵਿਸ਼ਿਆਂ ਵਿੱਚ ਕਿੱਸਾ ਰਚਨਾਵਾਂ ਕੀਤੀਆਂ। ਕੁਝ ਕੁ ਪ੍ਰਸਿੱਧ ਕਿੱਸੇ ਹਨ-ਹੀਰ ਰਾਂਝਾ, ਸੋਹਣੀ ਮਹੀਂਵਾਲ,ਲੈਲਾ ਮਜਨੂੰ, ਸ਼ੀਰੀ ਫਰਹਾਦ, ਯੂਸਫ ਜੁਲੈਖਾਂ,ਸੱਸੀ ਪੁੰਨੂੰ, ਪੂਰਨ ਭਗਤ, ਰਾਜਾ ਰਸਾਲੂ, ਸ਼ਕੁੰਤਲਾ ਤੇ ਰਾਜਾ ਦੁਸ਼ਯੰਤ ਨਾਲ ਦਮਯੰਤੀ, ਰਾਧਾ ਕ੍ਰਿਸ਼ਨ ਆਦਿ। ਸਭ ਤੋਂ ਵੱਧ ਹੀਰ ਰਾਂਝੇ ਦੀ ਪ੍ਰੇਮ ਕਥਾ ਉੱਤੇ ਕਿੱਸਾ ਰਚਨਾ ਹੋਈ ਮਿਲਦੀ ਹੈ। ਪ੍ਰਸਿੱਧ ਕਿੱਸਾਕਾਰ ਦਮੋਦਰ, ਪੀਲੂ, ਹਾਫਿਜ਼ ਬਰਖੁਰਦਾਰ, ਮੁਕਬਲ, ਵਾਰਸ, ਹਾਸ਼ਮ, ਕਾਦਰਯਾਰ, ਫਜ਼ਲਸ਼ਾਹ, ਭਗਵਾਨ ਸਿੰਘ ਆਦਿ ਦੇ ਨਾਂ ਲਏ ਜਾ ਸਕਦੇ ਹਨ।

### 7.4.1 ਵਾਰਸ ਸ਼ਾਹ ਦੇ ਕਿੱਸੇ ਦਾ ਇਕ ਅੰਸ਼

ਵਾਰਸ ਸ਼ਾਹ ਦੇ ਕਿੱਸੇ "ਹੀਰ" ਵਿੱਚੋਂ ਕਾਵਿ ਟੁਕੜੀ:-

ਕੂਕੇ ਮਾਰ ਹੀ ਮਾਰ ਕੇ ਪਕੜ ਛਮਕਾਂ, ਪਰੀ ਆਦਮ ਤੇ ਕਹਿਰਵਾਨ ਹੋਈ।
ਰਾਂਝੇ ਉਠ ਕੇ ਆਖਿਆ "ਵਾਹ ਸੱਜਣ", ਹੀਰ ਹੱਸ ਕੇ ਤੇ ਮਿਹਰਬਾਨ ਹੋਈ।
ਕੱਛੇ ਵੰਝਲੀ ਕੰਨਾਂ ਦੇ ਵਿੱਚ ਵਾਲੇ, ਜੁਲਫ਼ ਮੁੱਖੜੇ ਤੇ ਪਰੇਸ਼ਾਨ ਹੋਈ।
ਸੂਰਤ ਯੂਸਫ਼ ਦੀ ਦੇਖ ਤੈਮੂਸ ਬੇਟੀ, ਸਣੇ ਮਾਲਕੇ ਬਹੁਤ ਹੈਰਾਨ ਹੋਈ।

ਔਖੇ ਸ਼ਬਦਾਂ ਦੇ ਅਰਥ:-

| | |
|---|---|
| ਕੂਕੇ | : ਉੱਚੀ ਆਵਾਜ਼ ਵਿੱਚ ਚੀਕਣਾ |
| ਛਮਕਾਂ | : ਚਾਬੁਕ, ਕੋੜਾ |
| ਆਦਮ | : ਮਨੁੱਖ |
| ਕਹਿਰਵਾਨ | : ਜ਼ਾਲਮ |
| ਕੱਛੇ | : ਕੱਛ ਵਿੱਚ, ਬਾਂਹ ਥੱਲੇ |
| ਵੰਝਲੀ | : ਬੰਸਰੀ |
| ਵਾਲੇ | : ਕੰਨਾਂ ਵਿੱਚ ਪਾਉਣ ਵਾਲਾ ਗਹਿਣਾ |
| ਜ਼ੁਲਫ | : ਵਾਲਾਂ ਦੀ ਲਟ |
| ਯੂਸਫ਼ | : ਯਕੂਬ ਦਾ ਪੁੱਤਰ ਤੇ ਇਬਰਾਹਿਮ ਦਾ ਪੜੋਤਾ ਸੀ, ਕੁਰਾਨ ਵਿੱਚ ਬਾਰ੍ਹਵੀਂ ਸੂਰਤ ਵਿੱਚ ਇਸਦੀ ਕਥਾ ਦਰਜ ਹੈ ਕਿ ਇਹ ਬਹੁਤ ਸੁੰਦਰ ਸੀ। ਬੁਰੇ ਹਾਲਾਤ ਵਿੱਚੋਂ ਲੰਘਦਾ ਹੋਇਆ ਯੂਸਫ਼ ਗੁਲਾਮਾਂ ਦੀ ਮੰਡੀ ਵਿੱਚ ਵੀ ਵਿਕਿਆ ਸੀ ਤੇ ਇਸ ਨੂੰ ਖਰੀਦਣ ਵਾਲੇ ਧਨੀ ਵਪਾਰੀ ਦੀ ਪਤਨੀ ਜੁਲੈਖਾਂ ਇਸ ਉੱਤੇ ਮੋਹਿਤ ਹੋ ਗਈ ਸੀ। |
| ਤੈਮੂਸ ਬੇਟੀ | : ਜ਼ੁਲੈਖਾਂ |
| ਮਾਲਕੇ | : ਪਤੀ, ਸਵਾਮੀ, ਮਾਲਕ |

ਤੁਕਵਾਰ ਅਰਥ:-

1. ਹੀਰ ਆਪਣੇ ਹੱਥ ਵਿੱਚ ਛਮਕ ਫੜ੍ਹ ਕੇ ਕੂਕਦੀ ਆ ਰਹੀ ਹੈ ਤੇ ਮਾਰੋ ਮਾਰ ਪੁਕਾਰ ਰਹੀ ਹੈ, ਇਉਂ ਲੱਗਦਾ ਹੈ ਜਿਵੇਂ ਖੂਬਸੂਰਤ ਪਰੀ ਅਸਮਾਨੋਂ ਉੱਤਰ ਕੇ ਧਰਤੀ ਉੱਪਰਲੇ ਮਨੁੱਖ ਉੱਤੇ ਜ਼ੁਲਮ ਢਾਹੁਣ ਲਈ ਤਿਆਰ ਹੈ।

2. ਸੁੱਤਾ ਪਿਆ ਰਾਂਝਾ ਅਵਾਜ਼ਾਂ ਦੇ ਸ਼ੋਰ ਨਾਲ ਉੱਠਦਾ ਹੈ ਤੇ ਸਾਹਮਣੇ ਖ਼ੂਬਸੂਰਤ ਹੀਰ ਨੂੰ ਵੇਖ ਕੇ ਤਾਰੀਫ਼ ਵਜੋਂ ਵਾਹ ਸੱਜਣ ਆਖਦਾ ਹੈ। ਜਿਸ ਉੱਤੇ ਹੀਰ ਫਿਦਾ ਹੋ ਜਾਂਦੀ ਹੈ ਤੇ ਸਾਰਾ ਗੁੱਸਾ ਭੁਲਾ ਦਿੰਦੀ ਹੈ।
3. ਨੌਜਵਾਨ ਰਾਂਝੇ ਦੀ ਕੱਛ ਵਿਚਲੀ ਬੰਸਰੀ, ਕੰਨਾਂ ਵਿਚਲੇ ਵਾਲ਼ੇ ਤੇ ਮੁੱਖੜੇ ਉੱਤੇ ਲਹਿਰਾ ਰਹੀ ਜ਼ੁਲਫ਼ ਹੈਰਾਨ ਰਹਿ ਗਏ।
4. ਰਾਂਝੇ ਦੀ ਸੂਰਤ ਯੂਸਫ ਵਾਂਗ ਸੋਹਣੀ ਹੋਣ ਕਾਰਨ ਹੀਰ ਉਸ ਉੱਤੇ ਉਸੇ ਤਰ੍ਹਾਂ ਮੋਹਿਤ ਹੋ ਗਈ ਜਿਵੇਂ ਕਦੇ ਜੁਲੈਖਾਂ ਆਪਣੇ ਪਤੀ ਸਮੇਤ ਗੁਲਾਮਾਂ ਦੀ ਮੰਡੀ ਵਿੱਚ ਯੂਸਫ਼ ਨੂੰ ਦੇਖ ਕੇ ਹੈਰਾਨ ਰਹਿ ਗਈ ਸੀ।

**ਵਿਆਖਿਆ:-**

ਇੱਥੇ ਵਾਰਸ ਸ਼ਾਹ ਨੇ ਹੀਰ ਤੇ ਰਾਂਝੇ ਦੀ ਪਹਿਲੀ ਮਿਲਣੀ ਦਾ ਵਰਣਨ ਕੀਤਾ ਹੈ। ਹੀਰ ਆਪਣੀਆਂ ਸੱਠ ਸਹੇਲੀਆਂ ਨਾਲ ਆਪਣੀ ਬੇੜੀ ਵਿਚਲੀ ਸੇਜ ਉੱਤੇ ਕਿਸੇ ਓਪਰੇ ਮੁਸਾਫ਼ਰ ਦੇ ਸੁੱਤੇ ਹੋਣ ਦੀ ਖ਼ਬਰ ਸੁਣ ਕੇ ਉਸਨੂੰ ਕੁੱਟਣ ਲਈ ਛਮਕਾਂ ਹੱਥ ਵਿੱਚ ਲੈ ਕੇ ਜਾਂਦੀ ਹੈ, ਪਰ ਜਿਉਂ ਹੀ ਉਹ ਇੱਕ ਦੂਜੇ ਨੂੰ ਦੇਖਦੇ ਹਨ ਤਾਂ ਉਨ੍ਹਾਂ ਦੋਨਾਂ ਦਾ ਆਪਸ ਵਿੱਚ ਸਦੀਵੀ ਪਿਆਰ ਪੈ ਜਾਂਦਾ ਹੈ। ਇਸ ਕਾਵਿ ਟੋਟੇ ਵਿਚ ਹੀਰ ਤੇ ਉਸ ਦੀਆਂ ਸਹੇਲੀਆਂ ਹੱਥਾਂ ਵਿੱਚ ਛਮਕਾਂ ਫੜ੍ਹ ਕੇ ਸੁੱਤੇ ਪਏ ਰਾਂਝੇ ਵੱਲ ਵੱਧਦੀਆਂ ਹਨ ਤੇ ਉੱਚੀ- ਉੱਚੀ ਮਾਰੋ-ਮਾਰ ਚੀਕਦੀਆਂ ਹਨ। ਇਸ ਤਰ੍ਹਾਂ ਜਾਪਦਾ ਹੈ ਜਿਵੇਂ ਖ਼ੂਬਸੂਰਤ ਪਰੀ ਅੱਜ ਮਨੁੱਖ ਉੱਤੇ ਕਹਿਰ ਢਾਹੁਣ ਲਈ ਆਈ ਹੋਵੇ। ਕੁੜੀਆਂ ਦਾ ਰੌਲਾ ਸੁਣ ਕੇ ਰਾਂਝੇ ਦੀ ਜਾਗ ਖੁੱਲਦੀ ਹੈ ਤੇ ਉਸ ਦੇ ਮੂੰਹੋਂ ਹੀਰ ਦੀ ਸੁੰਦਰ ਸੂਰਤ ਲਈ 'ਵਾਹ' ਨਿਕਲ ਜਾਂਦਾ ਹੈ ਜਿਸਨੂੰ ਸੁਣ ਕੇ ਤੇ ਰਾਂਝੇ ਦੀ ਸੁੰਦਰ ਸੂਰਤ ਦੇਖ ਕੇ ਹੀਰ ਦਾ ਸਾਰਾ ਗੁੱਸਾ ਖ਼ਤਮ ਹੋ ਜਾਂਦਾ ਹੈ। ਉਹ ਉਸ ਉੱਤੇ ਫਿਦਾ ਹੋ ਜਾਂਦੀ ਹੈ। ਰਾਂਝੇ ਦੀ ਕੱਛ ਵਿੱਚ ਬੰਸਰੀ, ਕੰਨਾਂ ਵਿੱਚ ਵਾਲੇ ਤੇ ਮੁੱਖੜੇ ਉੱਤੇ ਲਹਿਰਾ ਰਹੀਆਂ ਜ਼ੁਲਫਾਂ ਇਸ ਮਨਮੋਹਣੀ ਸੂਰਤ ਲਈ ਉਤਾਵਲੀਆਂ ਹੋ ਜਾਂਦੀਆਂ ਹਨ। ਹੀਰ ਵੀ ਰਾਂਝੇ ਉੱਤੇ ਉਸੇ ਤਰ੍ਹਾਂ ਆਸ਼ਕ ਹੋ ਜਾਂਦੀ ਹੈ ਜਿਵੇਂ ਕਦੇ ਯੂਸਫ ਦੀ ਸੂਰਤ ਉੱਤੇ ਜ਼ੁਲੈਖਾਂ ਤੇ ਉਸ ਦਾ ਪਤੀ ਮੋਹਿਤ ਹੋ ਗਏ ਸਨ।

## 7.4.2 ਕਾਦਰਯਾਰ ਦੇ ਕਿੱਸੇ ਦਾ ਇਕ ਅੰਸ਼

ਕਾਦਰਯਾਰ ਦੇ ਲਿਖੇ ਕਿੱਸੇ ਪੂਰਨ ਭਗਤ ਵਿੱਚੋਂ ਕਾਵਿ ਟੁਕੜੀ:-

ਜ਼ੋਇ ਜ਼ਾਹਰਾ ਆਖਦੀ ਸ਼ਰਮ ਕੇਹੀ, ਮਾਈ ਮਾਈ ਨਾ ਰਾਜਿਆ ਆਖ ਮੈਨੂੰ।
ਕੁੱਖੇ ਰੱਖ ਨਾ ਜੰਮਿਓ ਜਾਇਓਂ ਵੇ, ਮਾਤਾ ਆਖਦਾ ਏਂ ਕਿਹੜੇ ਸਾਕ ਮੈਨੂੰ।
ਹੋਗੁ ਉਮਰ ਤੇਰੀ ਮੇਰੀ ਇਕ ਰਾਜਾ, ਗੁੱਝਾ ਲਾਇਆ ਈ ਦਰਦ ਫਿਰਾਕ ਮੈਨੂੰ।
ਕਾਦਰਯਾਰ ਨਾ ਸੰਗਦੀ ਕਹੇ ਲੂਣਾ, ਕਰ ਚੱਲਿਓਂ ਮਾਰ ਹਲਾਕ ਮੈਨੂੰ।

ਔਖੇ ਸ਼ਬਦਾਂ ਦੇ ਅਰਥ:-

| | |
|---|---|
| ਜ਼ੋਇ | : ਪਰਸ਼ੋ-ਅਰੈਬਿਕ ਲਿਪੀ ਦਾ ਲਿਪਾਂਕ |
| ਜ਼ਾਹਰਾ | : ਸਪੱਸ਼ਟ |
| ਮਾਈ | : ਮਾਂ |
| ਕੁੱਖ | : ਮਾਂ ਦੇ ਪੇਟ ਵਿੱਚ, ਗਰਭ ਵਿੱਚ। |
| ਜਾਇਓਂ | : ਜਨਮ ਦਿੱਤਾ |
| ਸਾਕ | : ਸੰਬੰਧ, ਰਿਸ਼ਤਾ |
| ਹੋਗੁ | : ਹੋਵੇਗੀ |
| ਗੁੱਝਾ | : ਲੁਕਿਆ ਹੋਇਆ, ਗਹਿਰਾ |
| ਫਿਰਾਕ | : ਜੁਦਾਈ, ਦੂਰੀ |
| ਹਲਾਕ | : ਮਿਟਣਾ, ਮਰ ਜਾਣਾ, ਬਰਬਾਦੀ, ਤਬਾਹੀ। |

ਤੁਕਵਾਰ ਅਰਥ:-

1. ਪੂਰਨ ਦੀ ਮਤਰੇਈ ਨਾਂ ਲੂਣਾਂ ਪੂਰਨ ਨੂੰ ਸਪੱਸ਼ਟ ਆਖਦੀ ਹੈ ਕਿ ਇਸ਼ਕ ਦਾ ਇਜ਼ਹਾਰ ਕਰਨ ਵਿੱਚ ਸ਼ਰਮ ਦੀ ਕੋਈ ਗੱਲ ਨਹੀਂ। ਉਹ ਉਸਨੂੰ ਮਾਂ-ਮਾਂ ਆਖ ਕੇ ਸੰਬੋਧਿਤ ਨਾ ਕਰੇ।
2. ਉਸ ਨੇ ਉਸਨੂੰ ਨਾ ਕੁੱਖ ਵਿੱਚ ਰੱਖਿਆ ਹੈ ਤੇ ਨਾਂ ਜਨਮ ਦਿੱਤਾ ਹੈ ਤਾਂ ਫਿਰ ਉਹ ਉਸ ਨੂੰ ਕਿਹੜੇ ਰਿਸ਼ਤੇ ਨਾਲ ਮਾਂ ਆਖ ਰਿਹਾ ਹੈ?
3. ਬਲਕਿ ਉਹ ਆਪਣੀ ਤੇ ਪੂਰਨ ਦੀ ਹਮਉਮਰ ਹੋਣ ਦੀ ਗੱਲ ਆਖਦੀ ਹੈ ਕਿ ਉਸਦੀ ਖ਼ੂਬਸੂਰਤੀ ਕਾਰਨ ਉਸ ਉੱਤੇ ਮੋਹਿਤ ਹੋਣ ਤੋਂ ਕਾਰਨ ਗੁੱਝਾ ਦਰਦ ਮਹਿਸੂਸ ਕਰ ਰਹੀ ਹੈ।
4. ਕਾਦਰਯਾਰ ਆਖਦਾ ਹੈ ਕਿ ਇਹ ਸਭ ਕੁਝ ਆਖਦੀ ਹੋਈ ਲੂਣਾ ਭੋਰਾ ਵੀ ਸ਼ਰਮਾਉਂਦੀ ਨਹੀਂ ਬਲਕਿ ਆਖਦੀ ਹੈ ਕਿ ਉਹ ਉਸਨੂੰ ਬਰਬਾਦ ਕਰਕੇ ਜਾ ਰਿਹਾ ਹੈ।

**ਵਿਆਖਿਆ:-**

ਕਾਦਰਯਾਰ ਆਖਦਾ ਹੈ ਕਿ ਲੂਣਾ ਪੂਰੀ ਬੇਸ਼ਰਮੀ ਨਾਲ ਪੂਰਨ ਨੂੰ ਆਪਣਾ ਪੁੱਤਰ ਮੰਨਣ ਦੀ ਥਾਂ ਉਸ ਪ੍ਰਤੀ ਆਪਣੇ ਅੰਦਰਲੇ ਇਸ਼ਕ

ਦਾ ਇਜ਼ਹਾਰ ਕਰਦੀ ਹੈ। ਉਹ ਨਿਸੰਗ ਹੋ ਕੇ ਸਪੱਸ਼ਟ ਰੂਪ ਵਿੱਚ ਆਖਦੀ ਹੈ ਕਿ ਇਸ਼ਕ ਦਾ ਇਜ਼ਹਾਰ ਕਰਨ ਵਿੱਚ ਉਹ ਕੋਈ ਸ਼ਰਮ ਮਹਿਸੂਸ ਨਹੀਂ ਕਰ ਰਹੀ। ਉਹ ਪੂਰਨ ਨੂੰ ਵਾਰ-ਵਾਰ ਮਾਂ ਕਹਿਣ ਤੋਂ ਰੋਕਦੀ ਹੈ ਜਿਸ ਦੇ ਲਈ ਉਹ ਦਲੀਲ ਦਿੰਦੀ ਹੈ ਕਿ ਉਸ ਨੇ ਨਾ ਤਾਂ ਉਸਨੂੰ ਕੁੱਖ ਵਿੱਚ ਰੱਖਿਆ ਤੇ ਨਾ ਜਨਮ ਦਿੱਤਾ, ਜਿਸ ਕਾਰਨ ਮਾਂ ਦਾ ਕੋਈ ਰਿਸ਼ਤਾ ਬਣਦਾ ਹੀ ਨਹੀਂ। ਲੂਣਾ ਪੂਰਨ ਨੂੰ ਆਪਣਾ ਹਮਉਮਰ ਹੋਣ ਦੀ ਗੱਲ ਆਖ ਕੇ ਉਸ ਦੇ ਇਸ਼ਕ ਕਾਰਨ ਜੁਦਾਈ ਦਾ ਗਹਿਰਾ ਦਰਦ ਹੋਣ ਬਾਰੇ ਦੱਸਦੀ ਹੈ। ਕਾਦਰਯਾਰ ਆਖਦਾ ਹੈ ਕਿ ਇਹ ਸਾਰਾ ਕੁਝ ਆਖਦੀ ਹੋਈ ਲੂਣਾ ਭੋਰਾ ਭਰ ਵੀ ਸੰਗਦੀ ਨਹੀਂ ਤੇ ਕਹਿੰਦੀ ਹੈ ਕਿ ਉਹ ਉਸਨੂੰ ਆਪਣੇ ਹੁਸਨ ਅਤੇ ਇਸ਼ਕ ਨਾਲ ਬਰਬਾਦ ਕਰ ਚੱਲਿਆ ਹੈ, ਮਾਰ ਚੱਲਿਆ ਹੈ।

**ਅਭਿਆਸ ਤੀਜਾ**

ਪ੍ਰਸ਼ਨ 1. ਰਾਂਝਾ ਕਿੱਥੇ ਸੌਂ ਰਿਹਾ ਸੀ?

ਉੱਤਰ ..........................................................................................

..........................................................................................

..........................................................................................

..........................................................................................

ਪ੍ਰਸ਼ਨ 2. ਹੀਰ ਤੇ ਉਸ ਦੀਆਂ ਸਹੇਲੀਆਂ ਦੇ ਹੱਥਾਂ ਵਿਚ ਛਮਕਾਂ ਕਿਉਂ ਸਨ?

ਉੱਤਰ ..........................................................................................

..........................................................................................

..........................................................................................

..........................................................................................

ਪ੍ਰਸ਼ਨ 3. ਹੀਰ ਰਾਂਝੇ ਉਤੇ ਫਿਦਾ ਕਿਉਂ ਹੋ ਗਈ ਸੀ ?

ਉੱਤਰ ..........................................................................................

..........................................................................................

..........................................................................................

..........................................................................................

ਪ੍ਰਸ਼ਨ 4. ਪੂਰਨ ਦਾ ਲੂਣਾ ਨਾਲ ਕੀ ਰਿਸ਼ਤਾ ਸੀ ?

ਉੱਤਰ ..........................................................................................

..........................................................................................

..........................................................................................

..........................................................................................

ਪ੍ਰਸ਼ਨ 5. ਲੂਣਾ ਪੂਰਨ ਨੂੰ ਵਾਰ-ਵਾਰ ਮਾਂ ਕਹਿਣ ਤੋਂ ਕਿਉਂ ਰੋਕਦੀ ਹੈ?

ਉੱਤਰ ..........................................................................................

..........................................................................................

..........................................................................................

..........................................................................................

ਪ੍ਰਸ਼ਨ 6. ਕਵੀ ਕਾਦਰਯਾਰ, ਲੂਣਾ ਨੂੰ ਨਿਸੰਗ ਕਿਉਂ ਕਹਿ ਰਿਹਾ ਹੈ?

ਉੱਤਰ ..........................................................................................

..........................................................................................

..........................................................................................

..........................................................................................

ignou THE PEOPLE'S UNIVERSITY

## 7.5 ਬੀਰ ਕਾਵਿ ਧਾਰਾ: ਜਾਣ ਪਛਾਣ

ਪੰਜਾਬ ਦੀ ਭੂਗੋਲਿਕ ਸਥਿਤੀ ਕਾਰਨ ਇੱਥੇ ਸਦਾ ਜੰਗਾਂ ਯੁੱਧਾਂ ਦਾ ਮਾਹੌਲ ਬਣਿਆ ਰਿਹਾ। ਇੱਥੋਂ ਦੇ ਲੋਕਾਂ ਨੂੰ ਹਮਲਾਵਰਾਂ ਦਾ ਸਾਹਮਣਾ ਕਰਨ ਲਈ ਤਿਆਰ-ਬਰ-ਤਿਆਰ ਰਹਿਣਾ ਪੈਂਦਾ ਸੀ। ਜਿਸ ਕਾਰਨ ਇੱਥੋਂ ਦੇ ਸੂਰਮਿਆਂ ਦੀ ਤਾਕਤ ਦੀਆਂ ਕਥਾਵਾਂ ਨੂੰ ਕਾਵਿ ਰੂਪ ਵਿੱਚ ਪ੍ਰੋ ਕੇ ਗਾਉਣ ਦੀ ਇੱਕ ਲੰਮੀ ਪਰੰਪਰਾ ਮੌਜੂਦ ਹੈ। ਬੀਰ ਕਾਵਿ ਦੋ ਪ੍ਰਮੁੱਖ ਕਾਵਿ ਰੂਪਾਂ ਵਿੱਚ ਰਚਿਆ ਮਿਲਦਾ ਹੈ, ਇੱਕ 'ਵਾਰ' ਤੇ ਦੂਜਾ 'ਜੰਗਨਾਮਾ'। ਬੀਰ ਕਾਵਿ -ਧਾਰਾ ਦੀ ਵਾਰ ਕਾਵਿ ਪਰੰਪਰਾ ਜ਼ਿਆਦਾ ਪੁਰਾਣੀ ਹੈ। ਇਨ੍ਹਾਂ ਵਾਰ ਰਚਨਾਵਾਂ ਵਿੱਚ ਬਹਾਦਰ ਯੋਧਿਆਂ ਦੀ ਯੁੱਧ ਕਲਾ ਅਤੇ ਬਹਾਦਰੀ ਦਾ ਜਸ ਗਾਇਨ ਕੀਤਾ ਗਿਆ ਹੈ ਅਤੇ ਉਨ੍ਹਾਂ ਨੂੰ ਯੁੱਧ ਭੂਮੀ ਵਿੱਚ ਜੂਝਣ ਦੀ ਪ੍ਰੇਰਨਾ ਦੇਣ ਲਈ ਉਤਸ਼ਾਹਿਤ ਕੀਤਾ ਗਿਆ ਹੈ। ਪੰਜਾਬੀ ਸਾਹਿਤ ਦੀਆਂ ਪਹਿਲੀਆਂ ਵਾਰਾਂ ਪੇਸ਼ੇਵਾਰ ਢਾਡੀ ਜਾਂ ਭੱਟ, ਮਰਾਸੀ, ਡੂੰਮ ਆਦਿ ਜਾਤਾਂ ਦੇ ਗਾਇਕ ਕਲਾਕਾਰਾਂ ਦੁਆਰਾ ਗਾਏ ਜਾਣ ਦਾ ਰਿਵਾਜ਼ ਸੀ। ਅੱਜ ਤੱਕ ਇਨ੍ਹਾਂ ਦੀਆਂ ਮੰਡਲੀਆਂ ਚੱਲੀਆਂ ਆਉਂਦੀਆਂ ਹਨ। ਵਾਰ ਦਾ ਭਾਵ ਅਰਥ ਜਸ ਦੀ ਕਵਿਤਾ ਲਿਆ ਗਿਆ ਹੈ। ਇਸ ਵਿੱਚ ਬਹਾਦਰ ਨਾਇਕ ਦੀ ਬਹਾਦਰੀ ਦੀ ਪ੍ਰਸੰਸ਼ਾ ਕਰਦੇ ਹੋਏ ਯੁੱਧ ਦਾ ਬਿਰਤਾਂਤ ਸਿਰਜਿਆ ਜਾਂਦਾ ਹੈ। ਵਾਰ ਨੂੰ ਆਮ ਇਕੱਠਾਂ ਵਿੱਚ ਗਾ ਕੇ ਲੋਕਾਂ ਦਾ ਮਨਪ੍ਰਚਾਵਾ ਕਰਨ ਦੇ ਨਾਲ-ਨਾਲ ਸਰਦਾਰ ਬਹਾਦਰਾਂ ਦੀ ਬਹਾਦਰੀ ਦੀਆਂ ਵਾਰਾਂ ਬਣਾ ਕੇ ਉਨ੍ਹਾਂ ਤੋਂ ਇਨਾਮ ਪ੍ਰਾਪਤ ਕਰਨਾ ਰਿਹਾ ਹੈ। ਦੂਜਾ ਅਜਿਹੀਆਂ ਬੀਰ ਰਸੀ ਰਚਨਾਵਾਂ ਰਾਹੀਂ ਯੋਧਿਆਂ ਦੇ ਯੁੱਧ ਭੂਮੀ ਵਿਚਲੇ ਕਾਰਨਾਮੇ ਸੁਣਾ ਕੇ ਲੋਕਾਂ ਵਿੱਚ ਬੀਰ ਰਸੀ ਉਤਸ਼ਾਹ ਭਰ ਕੇ ਜ਼ੁਲਮ ਦੇ ਖਿਲਾਫ਼ ਖੜੇ ਰਹਿਣ ਦੀ ਪ੍ਰੇਰਨਾ ਦਿੱਤੀ ਜਾਂਦੀ ਰਹੀ ਹੈ। ਬੀਰ ਰਸੀ ਕਾਵਿ ਦਾ ਦੂਜਾ ਰੂਪ ਜੰਗਨਾਮਾ ਹੈ। ਜੰਗਨਾਮਾ ਕਾਵਿ ਰੂਪ ਦਾ ਪ੍ਰਵੇਸ਼ ਪੰਜਾਬੀ ਸਾਹਿਤ ਵਿੱਚ ਫ਼ਾਰਸੀ ਸਾਹਿਤ ਦੇ ਪ੍ਰਭਾਵ ਕਾਰਨ ਹੋਇਆ ਤੇ ਮੁਸਲਮਾਨ ਕਵੀਆਂ ਦੁਆਰਾ ਇਨ੍ਹਾਂ ਦੀ ਰਚਨਾ ਹੋਈ ਮਿਲਦੀ ਹੈ। ਬਾਅਦ ਵਾਲੇ ਹਿੰਦੂ ਅਤੇ ਸਿੱਖ ਕਵੀਆਂ ਨੇ ਵੀ ਇਸ ਕਾਵਿ ਰੂਪ ਨੂੰ ਸਿੱਖ ਇਤਿਹਾਸ ਨਾਲ ਸੰਬੰਧਿਤ ਯੁੱਧ ਵਿਚਲੀਆਂ ਘਟਨਾਵਾਂ ਲਿਖਣ ਲਈ ਪ੍ਰਯੋਗ ਕੀਤਾ। ਵਾਰ ਸਾਹਿਤ ਦੇ ਇਤਿਹਾਸ ਵਿੱਚ ਗੁਰੂ ਨਾਨਕ ਕਾਲ ਤੱਕ ਨੌਂ ਲੋਕ ਵਾਰਾਂ ਬਹੁਤ ਪ੍ਰਚਲਿਤ ਹੋ ਚੁੱਕੀਆਂ ਸਨ। ਫਿਰ ਗੁਰੂਆਂ ਦੁਆਰਾ 22 ਅਧਿਆਤਮਕ ਵਾਰਾਂ ਦੀ ਰਚਨਾ ਕੀਤੀ ਮਿਲਦੀ ਹੈ ਜਿਨ੍ਹਾਂ ਨੂੰ ਉਨ੍ਹਾਂ ਨੇ ਉਸ ਸਮੇਂ ਪ੍ਰਚਲਿਤ ਲੋਕ ਵਾਰਾਂ ਤੇ ਗਾਉਣ ਦਾ ਹੁਕਮ ਕੀਤਾ ਹੈ। ਇਸ ਤੋਂ ਪਤਾ ਲੱਗਦਾ ਹੈ ਕਿ ਵਾਰ ਕਾਵਿ ਉਸ ਸਮੇਂ ਕਾਫੀ ਪ੍ਰਭਾਵਸ਼ਾਲੀ ਕਾਵਿ ਰੂਪ ਸੀ। ਗੁਰੂ ਘਰ ਨਾਲ ਜੁੜੇ ਕਵੀ ਭਾਈ ਗੁਰਦਾਸ ਦੀਆਂ 39ਅਧਿਆਤਮਕ ਵਾਰਾਂ ਵੀ ਪ੍ਰਚਲਿਤ ਹਨ।ਵਾਰ ਸਾਹਿਤ ਵਿੱਚ ਸਰਵੋਤਮ ਰਚਨਾ ਗੁਰੂ ਗੋਬਿੰਦ ਸਿੰਘ ਜੀ ਦੀ 'ਚੰਡੀ ਦੀ ਵੀਰ' ਹੈ, ਫਿਰ ਉਸ ਤੋਂ ਬਾਅਦ ਨਜਾਬਤ ਦੁਆਰਾ 'ਨਾਦਰ ਸ਼ਾਹ ਦੀ ਵਾਰ' ਰਚੀ ਗਈ ਤੇ ਫਿਰ ਪੀਰ ਮੁਹੰਮਦ ਦੀ 'ਚੱਠਿਆਂ ਦੀ ਵਾਰ' ਵੀ ਚਰਚਿਤ ਵਾਰ ਹੈ। ਇਨ੍ਹਾਂ ਪ੍ਰਮੁੱਖ ਵਾਰ ਰਚਨਾਵਾਂ ਤੋਂ ਬਿਨਾਂ ਹੋਰ ਵੀ ਕਈ ਵਾਰ ਰਚਨਾਵਾਂ ਕੀਤੀਆਂ ਮਿਲਦੀਆਂ ਹਨ।

ਵਾਰ ਅਜਿਹਾ ਸਾਹਿਤ ਰੂਪ ਹੈ ਜਿਸ ਉੱਤੇ ਆਧੁਨਿਕ ਕਵੀਆਂ ਨੇ ਵੀ ਰਚਨਾਵਾਂ ਕੀਤੀਆਂ ਹਨ ਜਿਵੇਂ ਪਿਆਰਾ ਸਿੰਘ ਸਹਿਰਾਈ ਦੀ 'ਤਲਿੰਗਨਾ ਦੀ ਵਾਰ', ਹਰਿੰਦਰ ਸਿੰਘ ਰੂਪ ਦੀ 'ਮਨੁੱਖ ਦੀ ਵਾਰ ਅਤੇ ਵੀਹ ਹੋਰ ਵਾਰਾਂ', ਹਜਾਰਾ ਸਿੰਘ ਗੁਰਦਾਸਪੁਰੀ ਦੀ 'ਹੁਸਨ ਇਸ਼ਕ ਦੀ ਵਾਰ' ਆਦਿ ਨਾਮ ਵਰਣਨਯੋਗ ਹਨ। ਮੱਧਕਾਲੀ ਵਾਰਾਂ ਅਤੇ ਆਧੁਨਿਕ ਵਾਰਾਂ ਵਿੱਚ ਵਿਸ਼ੇ ਦੇ ਆਧਾਰ 'ਤੇ ਬਹੁਤ ਜ਼ਿਆਦਾ ਫ਼ਰਕ ਹੈ। ਆਧੁਨਿਕ ਦੌਰ ਵਿੱਚ ਮਨੁੱਖੀ ਸੰਘਰਸ਼ ਦੀ ਦਾਸਤਾਨ ਅਤੇ ਮਸਲੇ ਬਦਲ ਗਏ ਹਨ ਜਿਸ ਕਾਰਨ ਵਾਰ ਦਾ ਬਾਹਰੀ ਅਤੇ ਅੰਦਰੂਨੀ ਸਰੂਪ ਵੀ ਕਾਫੀ ਬਦਲ ਗਿਆ ਹੈ। ਵੀਰ ਕਾਵਿ-ਧਾਰਾ ਸਰਹੱਦੀ ਇਲਾਕਿਆਂ ਵਿੱਚ ਵਿਕਸਿਤ ਹੋਈ। ਪ੍ਰਮੁੱਖ ਤੌਰ 'ਤੇ ਪੰਜਾਬ ਅਤੇ ਰਾਜਸਥਾਨ ਵਿੱਚ ਲਿਖੀਆਂ ਬੀਰ ਰਸੀ ਰਚਨਾਵਾਂ ਦਾ ਕਾਫੀ ਮਹੱਤਵ ਹੈ।

### 7.5.1 ਗੁਰੂ ਗੋਬਿੰਦ ਸਿੰਘ ਜੀ ਦੁਆਰਾ ਰਚਿਤ ਚੰਡੀ ਦੀ ਵਾਰ ਦਾ ਇਕ ਅੰਸ਼

ਗੁਰੂ ਗੋਬਿੰਦ ਸਿੰਘ ਜੀ ਦੀ ਰਚਨਾ ਚੰਡੀ ਦੀ ਵਾਰ ਵਿੱਚੋਂ ਕਾਵਿ ਟੂਕੜੀ:-

ਦੁਹਾਂ ਕੰਧਾਰਾ ਮੁਹਿ ਜੁੜੇ ਢੋਲ ਸੰਖ ਨਗਾਰੇ ਬੱਜੇ॥
ਰਾਕਸਿ ਆਏ ਰੋਹਲੇ ਤਰਵਾਰੀ ਬਖ਼ਤਰ ਸੱਜੇ॥
ਜੁਟੇ ਸਉਹੇ ਜੁਧ ਨੂੰ ਇਕ ਜਾਤ ਨ ਜਾਨਣ ਭੱਜੇ॥
ਖੇਤ ਅੰਦਰਿ ਜੋਧੇ ਗੱਜੇ॥7॥

ਔਖੇ ਸ਼ਬਦਾਂ ਦੇ ਅਰਥ:-

| | |
|---|---|
| ਕੰਧਾਰਾਂ | : ਫੌਜਾਂ |
| ਰੋਹਲੇ | : ਗੁੱਸੇ ਵਿੱਚ ਭਰੇ |
| ਤਰਵਾਰੀ | : ਤਲਵਾਰ, ਕ੍ਰਿਪਾਨ |
| ਬਖ਼ਤਰ | : ਲੋਹੇ ਦੀ ਜਾਲੀ ਦਾ ਕਵਚ |
| ਸਉਹੇ | : ਸਾਹਮਣੇ |

ਤੁਕਵਾਰ ਅਰਥ:-

1. ਦੇਵਤੇ ਅਤੇ ਰਾਖਸ਼ਸਾਂ ਦੀਆਂ ਫੌਜਾਂ ਦਾ ਮੁਕਾਬਲਾ ਜੰਗੀ ਨਗਾਰੇ, ਢੋਲ ਤੇ ਸੰਖ ਦੇ ਵੱਜਣ ਨਾਲ ਸ਼ੁਰੂ ਹੋ ਗਿਆ।
2. ਰਾਖਸ਼ਸ ਯੁੱਧ ਦੇ ਮੈਦਾਨ ਦੇ ਵਿੱਚ ਰੋਹ ਨਾਲ ਭਰੇ ਹੋਏ ਦਾਖ਼ਲ ਹੋਏ ਤੇ ਉਹ ਤਲਵਾਰਾਂ ਅਤੇ ਬਖ਼ਤਰਾਂ ਨਾਲ ਸਜੇ ਹੋਏ ਹਨ।
3. ਸੂਰਮੇ ਇੱਕ ਦੂਜੇ ਸਾਹਮਣੇ ਯੁੱਧ ਲਈ ਜੁਟ ਗਏ ਤੇ ਕੋਈ ਵੀ ਲੜਾਈ ਤੋਂ ਭੱਜਣਾ ਨਹੀਂ ਜਾਣਦਾ।
4. ਇਸ ਤਰ੍ਹਾਂ ਯੁੱਧ ਭੂਮੀ ਵਿੱਚ ਸੂਰਮੇ ਯੁੱਧ ਦੇ ਉਤਸ਼ਾਹ ਨਾਲ ਗਰਜ ਰਹੇ ਸਨ।

**ਵਿਆਖਿਆ:-**

ਗੁਰੂ ਗੋਬਿੰਦ ਸਿੰਘ ਜੀ ਨੇ ਇਸ ਕਾਵਿ- ਟੁਕੜੀ ਵਿੱਚ ਯੁੱਧ ਭੂਮੀ ਵਿੱਚ ਸੂਰਮਿਆਂ ਦੇ ਕ੍ਰੋਧ, ਉਤਸ਼ਾਹ ਤੇ ਬਹਾਦਰੀ ਨੂੰ ਬਿਆਨ ਕੀਤਾ ਹੈ। ਦੇਵਤਿਆਂ ਅਤੇ ਦਾਨਵਾਂ ਦੋਹਾਂ ਦੀਆਂ ਫੌਜਾਂ ਜਦੋਂ ਆਹਮੋ- ਸਾਹਮਣੇ ਯੁੱਧ ਲਈ ਆਏ ਤਾਂ ਯੁੱਧ ਭੂਮੀ ਵਿੱਚ ਜੰਗੀ ਬਿਗਲ, ਸੰਖ ਨਗਾਰੇ ਤੇ ਢੋਲ ਆਦਿ ਵੱਜਣ ਲੱਗੇ। ਰਣ ਭੂਮੀ ਵਿੱਚ ਸੂਰਮੇ ਤਲਵਾਰਾਂ ਅਤੇ ਲੋਹੇ ਦੇ ਕਵਚ ਪਹਿਨ ਕੇ ਪੂਰੇ ਗੁੱਸੇ ਨਾਲ ਦਾਖਲ ਹੋ ਗਏ। ਇਨ੍ਹਾਂ ਫੌਜਾਂ ਦੇ ਸੂਰਮੇ ਇੱਕ ਦੂਜੇ ਦੇ ਸਾਹਮਣੇ ਡਟ ਕੇ ਯੁੱਧ ਕਰਨ ਲੱਗੇ, ਦੋਵਾਂ ਫੌਜਾਂ ਵਿੱਚ ਕੋਈ ਵੀ ਪਿੱਠ ਦਿਖਾ ਕੇ ਭੱਜਣ ਵਾਲਾ ਨਹੀਂ। ਯੁੱਧ ਭੂਮੀ ਵਿੱਚ ਯੋਧੇ ਉਤਸ਼ਾਹਿਤ ਹੋ ਕੇ ਖੂਬ ਗਰਜ ਰਹੇ ਹਨ।

## 7.5.2 ਸ਼ਾਹ ਮੁਹੰਮਦ ਦੇ ਜੰਗਨਾਮੇ ਦਾ ਇਕ ਅੰਸ਼

ਸ਼ਾਹ ਮੁਹੰਮਦ ਦੀ ਰਚਨਾ ਜੰਗਨਾਮਾ ਸਿੰਘਾਂ ਤੇ ਫਿਰੰਗੀਆਂ ਵਿੱਚੋਂ ਕਾਵਿ-ਟੁਕੜੀ:-

ਜੰਗ ਹਿੰਦ ਪੰਜਾਬ ਦਾ ਹੋਣ ਲੱਗਾ, ਦੋਵੇਂ ਪਾਤਸਾਹੀ ਫੌਜਾਂ ਭਾਰੀਆਂ ਨੀ।<br>
ਅੱਜ ਹੋਵੇ ਸਰਕਾਰ ਤਾਂ ਮੁੱਲ ਪਾਵੇ ,ਜਿਹੜੀਆਂ ਖ਼ਾਲਸੇ ਨੇ ਤੇਗਾਂ ਮਾਰੀਆਂ ਨੀ।<br>
ਸਣੇ ਆਦਮੀ ਗੋਲੀਆਂ ਨਾਲ ਉੱਡਣ, ਹਾਥੀ ਡਿੱਗਦੇ ਸਣੇ ਅੰਬਾਰੀਆਂ ਨੀ।<br>
ਸ਼ਾਹ ਮੁਹੰਮਦਾ ਇਕ ਸਰਕਾਰ ਬਾਝੋਂ ,ਫੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੀ।

ਔਖੇ ਸ਼ਬਦਾਂ ਦੇ ਅਰਥ:-

| | |
|---|---|
| ਪਾਤਸ਼ਾਹੀ | : ਬਾਦਸ਼ਾਹ ਦੀਆਂ, ਸ਼ਾਹੀ |
| ਖਾਲਸੇ | : ਸਿੰਘ ਪੰਥ |
| ਤੇਗਾਂ | : ਤਲਵਾਰਾਂ |
| ਸਣੇ | : ਸਮੇਤ |
| ਅੰਬਾਰੀਆਂ | : ਛੱਤਦਾਰ ਹਾਥੀ ਦਾ ਹੌਦਾ/ਕਾਠੀ |
| ਸਰਕਾਰ | : ਮਹਾਰਾਜਾ ਰਣਜੀਤ ਸਿੰਘ |

ਤੁਕਵਾਰ ਅਰਥ:-

1. ਅੰਗਰੇਜ਼ਾਂ ਅਤੇ ਪੰਜਾਬੀਆਂ ਦਾ ਯੁੱਧ ਹੋਣ ਲੱਗਾ ਤਾਂ ਦੋਵਾਂ ਪਾਸਿਆਂ ਦੀਆਂ ਫੌਜਾਂ ਬਹੁਤ ਵੱਡੀ ਗਿਣਤੀ ਵਿੱਚ ਅਤੇ ਜੰਗੀ ਕਲਾ ਨਾਲ ਲੈਸ ਸਨ।
2. ਖਾਲਸਾ ਫੌਜ ਨੇ ਇਸ ਲੜਾਈ ਵਿੱਚ ਜਿਹੜੀ ਬਹਾਦਰੀ ਦਿਖਾਈ , ਮਹਾਰਾਜਾ ਰਣਜੀਤ ਸਿੰਘ ਜੇ ਜਿਉਂਦਾ ਹੁੰਦਾ ਤਾਂ ਖੁਸ਼ ਹੋ ਕੇ ਇਸਦੇ ਮੁੱਲ ਸਿੰਘਾਂ ਨੂੰ ਇਨਾਮ ਦੇ ਕੇ ਜਰੂਰ ਪਾਉਂਦੇ।
3. ਜੰਗ ਇੰਨੀ ਭਿਆਨਕ ਸੀ ਕਿ ਆਦਮੀ ਗੋਲੀਆਂ ਨਾਲ ਉੱਡ ਰਹੇ ਸਨ ਤੇ ਹਾਥੀ ਆਪਣੇ ਹੌਦਿਆਂ ਸਮੇਤ ਹੀ ਢਹਿ ਢੇਰੀ ਹੋ ਰਹੇ ਸਨ।
4. ਸ਼ਾਹ ਮੁਹੰਮਦ ਆਖਦਾ ਹੈ ਕਿ ਖਾਲਸਾ ਫੌਜਾਂ ਤਾਂ ਜਿੱਤੀਆਂ ਹੀ ਪਈਆਂ ਸਨ ਪਰ ਉਨ੍ਹਾਂ ਦੀ ਹਾਰ ਕੇਵਲ ਇਸੇ ਕਾਰਨ ਹੋਈ ਕਿਉਂ ਕਿ ਉਹਨਾਂ ਦੀ ਅਗਵਾਈ ਮਹਾਰਾਜਾ ਰਣਜੀਤ ਸਿੰਘ ਵਰਗੇ ਬਹਾਦਰਾਂ ਦੇ ਕਦਰਦਾਨ ਸੱਚੇ- ਸੁੱਚੇ ਵਿਅਕਤੀ ਦੇ ਹੱਥ ਵਿੱਚ ਨਹੀਂ ਸੀ।

**ਵਿਆਖਿਆ :-**

ਸ਼ਾਹ ਮੁਹੰਮਦ ਨੇ ਇਸ ਜੰਗਨਾਮੇ ਵਿੱਚ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਸਿੱਖ ਦਰਬਾਰ ਵਿੱਚ ਫੈਲੀ ਕਤਲੋਗਾਰਦ ਦੇ ਸਿੱਟੇ ਵਜੋਂ ਅੰਗਰੇਜ਼ ਸਰਕਾਰ ਦੁਆਰਾ ਵੱਖ- ਵੱਖ ਹਮਲਿਆਂ ਬਾਰੇ ਦੱਸਿਆ ਹੈ ਜੋ ਪੰਜਾਬ ਰਾਜ ਉੱਤੇ ਕਬਜਾ ਕਰਨ ਲਈ ਕੀਤੇ ਗਏ ਸਨ। ਇਨ੍ਹਾਂ ਹਮਲਿਆਂ ਦਾ ਮੁਕਾਬਲਾ ਸਿੱਖ ਫੌਜਾਂ ਨੇ ਬੜੀ ਬਹਾਦਰੀ ਨਾਲ ਕੀਤਾ, ਪਰ ਫਿਰ ਵੀ ਸਰਦਾਰਾਂ ਦੀ ਗੱਦਾਰੀ ਕਾਰਨ ਹਾਰ ਗਈਆਂ ਸਨ ਤੇ ਲਹੌਰ ਉੱਤੇ ਅੰਗਰੇਜ਼ਾਂ ਦਾ ਕਬਜ਼ਾ ਹੋ ਗਿਆ ਸੀ। ਕਵੀ ਦੱਸਦਾ ਹੈ ਕਿ ਅੰਗਰੇਜਾਂ ਅਤੇ ਸਿੱਖਾਂ ਦੀਆਂ ਫੌਜਾਂ ਬਹੁਤ ਭਾਰੀਆਂ ਸਨ, ਭਾਵਗਿਣਤੀ ਪੱਖੋਂ, ਹਥਿਆਰਾਂ ਪੱਖੋਂ ਤੇ ਜੰਗ ਦੀਆਂ ਨੀਤੀਆਂ ਪੱਖੋਂ ਦੋਵੇਂ ਫੌਜਾਂ ਮਾਹਿਰ ਸਨ। ਇਸ ਯੁੱਧ ਵਿੱਚ ਸਿੱਖ ਬਹੁਤ ਬਹਾਦਰੀ ਨਾਲ ਲੜੇ ਕਿ ਜੇ ਮਹਾਰਾਜਾ ਰਣਜੀਤ ਸਿੰਘ ਜਿਉਂਦੇ ਹੁੰਦੇ ਤਾਂ ਉਹ ਉਨ੍ਹਾਂ ਦੀ ਬਹਾਦਰੀ ਦੇਖ ਕੇ ਖੁਸ਼ੀ ਨਾਲ ਉਹਨਾਂ ਨੂੰ ਇਨਾਮ ਦਿੰਦੇ। ਇਸ ਭਿਆਨਕ ਜੰਗ ਵਿੱਚ ਗੋਲੀਆਂ ਨਾਲ ਆਦਮੀ ਵੀ ਉੱਡ ਰਹੇ ਸਨ ਤੇ ਹਾਥੀ ਆਪਣੇ ਹੌਦਿਆਂ ਸਮੇਤ ਡਿੱਗ ਰਹੇ ਸਨ। ਖਾਲਸਾ ਫੌਜਾਂ ਆਪਣੀ ਬਹਾਦਰੀ ਕਾਰਨ ਜਿੱਤ ਰਹੀਆਂ ਸਨ, ਪਰ ਉਹ ਬਹਾਦਰ, ਕਦਰਦਾਨ ਤੇ ਸੱਚੇ- ਸੁੱਚੇ ਆਗੂ ਮਹਾਰਾਜਾ ਰਣਜੀਤ ਸਿੰਘ ਦੀ ਅਗਵਾਈ ਤੋਂ ਬਿਨਾਂ ਹਾਰ ਗਏ। ਇਸ ਦਾ ਕਵੀ ਨੂੰ ਬਹੁਤ ਅਫਸੋਸ ਹੈ।

**ਅਭਿਆਸ ਚੌਥਾ**

ਪ੍ਰਸ਼ਨ 1. ਚੰਡੀ ਦੀ ਵਾਰ ਵਿਚ ਯੁੱਧ ਭੂਮੀ ਵਿਚ ਕਿਹੋ ਜਿਹੇ ਨਾਦ ਵੱਜ ਰਹੇ ਸਨ?

ਉੱਤਰ ..........................................................................................

..........................................................................................

..............................................................................................................................

..............................................................................................................................

ਪ੍ਰਸ਼ਨ 2. ਚੰਡੀ ਦੀ ਵਾਰ ਵਿਚ ਯੁੱਧ ਭੂਮੀ ਦਾ ਦ੍ਰਿਸ਼ ਚਿਤਰਨ ਕਰੋ।

ਉੱਤਰ ..............................................................................................................................

..............................................................................................................................

..............................................................................................................................

..............................................................................................................................

ਪ੍ਰਸ਼ਨ 3. ਚੰਡੀ ਦੀ ਵਾਰ ਵਿਚ ਯੋਧਿਆਂ ਦੀ ਬਹਾਦਰੀ ਦਾ ਜ਼ਿਕਰ ਕਿਵੇਂ ਕੀਤਾ ਗਿਆ ਹੈ?

ਉੱਤਰ ..............................................................................................................................

..............................................................................................................................

..............................................................................................................................

..............................................................................................................................

ਪ੍ਰਸ਼ਨ 4. ਖ਼ਾਲਸਾ ਫ਼ੌਜ ਦੇ ਹਾਰਨ ਦਾ ਕੀ ਕਾਰਨ ਦੱਸਿਆ ਗਿਆ ਹੈ?

ਉੱਤਰ ..............................................................................................................................

..............................................................................................................................

..............................................................................................................................

..............................................................................................................................

ਪ੍ਰਸ਼ਨ 5. ਜੰਗ ਵਿਚਲੇ ਭਿਆਨਕ ਦ੍ਰਿਸ਼ ਬਾਰੇ ਲਿਖੋ।

ਉੱਤਰ ..............................................................................................................................

..............................................................................................................................

..............................................................................................................................

..............................................................................................................................

ਪ੍ਰਸ਼ਨ 6. ਜੰਗਨਾਮੇ ਵਿਚ ਜੰਗ ਦਾ ਕੀ ਕਾਰਨ ਦੱਸਿਆ ਗਿਆ ਹੈ?

ਉੱਤਰ ..............................................................................................................................

..............................................................................................................................

..............................................................................................................................

..............................................................................................................................

## 7.6 ਸਾਰ

ਮੱਧਕਾਲ ਨੂੰ ਪੰਜਾਬੀ ਸਾਹਿਤ ਦਾ ਸੁਨਿਹਰੀ ਕਾਲ ਕਿਹਾ ਜਾਂਦਾ ਹੈ, ਕਿਉਂਕਿ ਇਸ ਕਾਲ ਵਿਚ ਪੰਜਾਬੀ ਭਾਸ਼ਾ ਦਾ ਸਾਹਿਤ ਗਿਣਾਤਮਕ ਤੇ ਗੁਣਾਤਮਕ ਦੋਵੇਂ ਤਰ੍ਹਾਂ ਨਾਲ ਭਰਪੂਰ ਰੂਪ ਵਿਚ ਰਚਿਆ ਮਿਲਦਾ ਹੈ। ਪੰਜਾਬੀ ਸਾਹਿਤ ਦੀਆਂ ਵੱਖਰੀਆਂ ਤੇ ਵਿਲੱਖਣ ਧਾਰਾਵਾਂ ਇਸ ਦੀ ਵੰਨ-ਸੁਵੰਨਤਾ ਦਾ ਪ੍ਰਮਾਣ ਹਨ, ਇਸੇ ਲਈ ਜਿੱਥੇ ਜੀਵਨ ਦਾ ਮੂਲ ਬ੍ਰਹਮ ਨੂੰ ਮੰਨ ਕੇ ਉਸ ਬਾਰੇ ਅਧਿਆਤਮਕ ਰਚਨਾਵਾਂ ਕੀਤੀਆਂ ਮਿਲਦੀਆਂ ਹਨ, ਉਥੇ ਇਸ਼ਕ ਅਤੇ ਸਦਾਚਾਰ ਨੂੰ ਮਾਨਵੀ ਚਰਿੱਤਰ ਦਾ ਮੂਲ ਮੰਨ ਕੇ ਨਾਇਕ ਉਸਾਰੀ ਕੀਤੀ ਮਿਲਦੀ ਹੈ। ਇਸ ਤਰ੍ਹਾਂ ਮੱਧਕਾਲ ਦਾ ਪੰਜਾਬੀ ਪਾਠਕਾਂ ਲਈ ਬਹੁਤ ਮਹੱਤਵ ਹੈ।

**ਪੁਸਤਕ ਸੂਚੀ**

1. ਪ੍ਰੋ. ਦੀਵਾਨ ਸਿੰਘ, 'ਮੱਧਕਾਲੀ ਬਿਰਤਾਂਤ ਕਾਵਿ (ਕਿੱਸਾ, ਵਾਰ ਤੇ ਜੰਗਨਾਮਾ) ਸਿਧਾਂਤ ਤੇ ਵਿਸ਼ਲੇਸ਼ਣ' ਵਾਰਿਸ ਸ਼ਾਹ ਫ਼ਾਉਂਡੇਸ਼ਨ, ਅੰਮ੍ਰਿਤਸਰ.
2. ਡਾ. ਪ੍ਰਮਿੰਦਰ ਸਿੰਘ, ਕਿਰਪਾਲ ਸਿੰਘ ਕਸੇਲ, ਗੋਬਿੰਦ ਸਿੰਘ ਲਾਂਬਾ(ਡਾ.), ਪੰਜਾਬੀ ਸਾਹਿਤ ਦੀ ਉਤਪਤੀ ਤੇ ਵਿਕਾਸ, ਲਾਹੌਰ ਬੁੱਕ ਸ਼ਾਪ, ਲੁਧਿਆਣਾ.
3. ਖੋਜ ਪਤ੍ਰਿਕਾ, (ਗੁਰਮਤਿ ਕਾਵਿ ਵਿਸ਼ੇਸ਼ ਅੰਕ), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ.
4. ਖੋਜ ਪਤ੍ਰਿਕਾ, (ਸੂਫ਼ੀ ਕਾਵਿ ਵਿਸ਼ੇਸ਼ ਅੰਕ), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ.
5. ਖੋਜ ਪਤ੍ਰਿਕਾ, (ਕਿੱਸਾ ਕਾਵਿ ਵਿਸ਼ੇਸ਼ ਅੰਕ), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ.

ignou
THE PEOPLE'S
UNIVERSITY

# 8 ਆਧੁਨਿਕ ਪੰਜਾਬੀ ਕਵਿਤਾ

## ਪਾਠ ਦੀ ਰੂਪ ਰੇਖਾ

8.0 ਮਨੋਰਥ
8.1 ਭੂਮਿਕਾ
8.2 ਕਵਿਤਾ
8.3 ਆਧੁਨਿਕ ਪੰਜਾਬੀ ਕਵਿਤਾ: ਸੰਖੇਪ ਜਾਣ-ਪਛਾਣ
8.4 ਭਾਈ ਵੀਰ ਸਿੰਘ
    8.4.1 ਪ੍ਰੀਤਮ ਛੁਹ
8.5 ਪ੍ਰੋ. ਪੂਰਨ ਸਿੰਘ
    8.5.1 ਪੰਜਾਬ ਦੇ ਮਜ਼ੂਰ
8.6 ਪ੍ਰੋ. ਮੋਹਨ ਸਿੰਘ
7.7 ਅੰਮ੍ਰਿਤਾ ਪ੍ਰੀਤਮ
    8.7.1 ਵਾਰਿਸ ਸ਼ਾਹ
8.8 ਸ਼ਿਵ ਕੁਮਾਰ ਬਟਾਲਵੀ

## 8.0 ਮਨੋਰਥ

ਇਸ ਪਾਠ ਦਾ ਮਨੋਰਥ, ਵਿਦਿਆਰਥੀ ਨੂੰ ਆਧੁਨਿਕ ਪੰਜਾਬੀ ਕਵਿਤਾ ਨਾਲ ਜੋੜਨਾ ਹੈ।ਕਵਿਤਾ, ਸਾਹਿਤ ਦਾ ਪ੍ਰਮੁੱਖ ਰੂਪ ਹੈ।ਆਧੁਨਿਕ ਪੰਜਾਬੀ ਕਵਿਤਾ ਨੇ ਵੀਹਵੀਂ ਦੇ ਮੁੱਢ ਤੋਂ ਲੈ ਕੇ ਹੁਣ ਤਕ ਲਗਾਤਾਰ ਵਿਕਾਸ ਕੀਤਾ ਹੈ।ਆਧੁਨਿਕ ਪੰਜਾਬੀ ਕਵਿਤਾ ਨੂੰ ਪੜ੍ਹੇ ਬਗ਼ੈਰ, ਕਿਸੇ ਵਿਦਿਆਰਥੀ ਦੀ ਆਧੁਨਿਕ ਪੰਜਾਬੀ ਸਾਹਿਤ ਬਾਰੇ ਸਮਝ ਮੁਕੰਮਲ ਨਹੀਂ ਹੋ ਸਕਦੀ। ਇਸ ਮਨੋਰਥ ਹਿੱਤ ਆਧੁਨਿਕ ਪੰਜਾਬੀ ਕਵਿਤਾ ਦੇ ਪੰਜ ਸਿਰਮੌਰ ਕਵੀਆਂ ਨੂੰ ਪਾਠ-ਕ੍ਰਮ ਦਾ ਹਿੱਸਾ ਬਣਾਇਆ ਗਿਆ ਹੈ।ਇਹ ਕਵੀ ਹਨ ਭਾਈ ਵੀਰ ਸਿੰਘ, ਪ੍ਰੋ. ਪੂਰਨ ਸਿੰਘ, ਪ੍ਰੋ. ਮੋਹਨ ਸਿੰਘ, ਅੰਮ੍ਰਿਤਾ ਪ੍ਰੀਤਮ ਤੇ ਸ਼ਿਵ ਕੁਮਾਰ ਬਟਾਲਵੀ ।

## 8.1 ਭੂਮਿਕਾ

ਇਸ ਪਾਠ-ਕ੍ਰਮ ਵਿਚ ਸਭ ਤੋਂ ਪਹਿਲਾਂ ਕਵਿਤਾ ਨੂੰ ਇਕ ਸਾਹਿਤ ਰੂਪ ਵਜੋਂ ਪਰਿਭਾਸ਼ਤ ਕੀਤਾ ਗਿਆ ਹੈ।ਉਸ ਤੋਂ ਬਾਅਦ ਆਧੁਨਿਕ ਪੰਜਾਬੀ ਕਵਿਤਾ ਦੇ ਇਤਿਹਾਸ ਨਾਲ ਸੰਖੇਪ ਜਾਣ-ਪਛਾਣ ਕਰਵਾਈ ਗਈ ਹੈ।ਇਸ ਉਪਰੰਤ ਆਧੁਨਿਕ ਪੰਜਾਬੀ ਕਵਿਤਾ ਦੇ ਪੰਜ ਪ੍ਰਮੁੱਖ ਕਵੀਆਂ ਦੀ ਇਕ ਇਕ ਚੋਣਵੀਂ ਕਵਿਤਾ ਦਰਜ ਕਰਕੇ, ਉਸ ਦੀ ਵਿਆਖਿਆ ਕੀਤੀ ਗਈ ਹੈ। ਅਖ਼ੀਰ ਵਿਚ ਅਭਿਆਸ ਲਈ, ਕਵਿਤਾਵਾਂ ਨਾਲ ਸੰਬੰਧਤ ਪ੍ਰਸ਼ਨ ਪੁੱਛੇ ਗਏ ਹਨ।

## 8.2 ਕਵਿਤਾ

ਕਵਿਤਾ, ਸਾਹਿਤ ਦਾ ਇਕ ਪ੍ਰਮੁੱਖ ਰੂਪ ਹੈ। ਕਵਿਤਾ ਨੂੰ ਰੂਹ ਦੀ ਬੋਲੀ ਵੀ ਕਿਹਾ ਜਾਂਦਾ ਹੈ।ਕਵਿਤਾ, ਇਕ ਸ਼ਾਬਦਿਕ ਕਲਾ ਹੈ ਜੋ ਮਨੁੱਖੀ ਭਾਵਾਂ ਨੂੰ ਸੁਹਜਾਤਮਕ ਰੂਪ ਪ੍ਰਦਾਨ ਕਰਦੀ ਹੈ।ਕਵਿਤਾ ਮੁੱਖ ਤੌਰ 'ਤੇ ਇਕ ਲੈਅਬੱਧ ਰਚਨਾ ਹੈ।ਅਸੀਂ ਵਸਤਾਂ ਵਰਤਾਰਿਆਂ ਨੂੰ ਕਿਸ ਤਰ੍ਹਾਂ ਮਹਿਸੂਸ ਕਰਦੇ, ਇਹ ਕਵਿਤਾ ਰਾਹੀਂ ਹੀ ਪ੍ਰਗਟ ਕੀਤਾ ਜਾ ਸਕਦਾ ਹੈ।ਕਵਿਤਾ ਵਿਚ ਕਲਪਨਾ ਦਾ ਅਹਿਮ ਰੋਲ ਹੁੰਦਾ ਹੈ। ਕਵੀ ਲੋਕ, ਕਵਿਤਾ ਰਾਹੀਂ ਆਪਣੀ ਇਕ ਵੱਖਰੀ ਦੁਨੀਆ ਸਿਰਜਦੇ ਹਨ।ਸਮੇਂ ਦੇ ਨਾਲ ਨਾਲ ਕਵਿਤਾ ਦਾ ਰੂਪ ਵੀ ਬਦਲਦਾ ਰਿਹਾ ਹੈ।ਮੱਧਕਾਲ ਵਿਚ ਛੰਦਬੱਧ ਕਵਿਤਾ ਦੀ ਪ੍ਰਧਾਨਤਾ ਰਹੀ ਪਰ ਆਧੁਨਿਕ ਦੌਰ ਵਿਚ ਖੁੱਲ੍ਹੀ ਕਵਿਤਾ ਵੀ ਵੱਡੀ ਗਿਣਤੀ ਵਿਚ ਲਿਖੀ ਗਈ।ਆਧੁਨਿਕ ਦੌਰ ਵਿਚ ਨਿੱਕੀ ਕਵਿਤਾ ਪ੍ਰਮੁੱਖਤਾ ਹਾਸਲ ਕਰਦੀ ਹੈ।ਬਦਲਦੀਆਂ ਇਤਿਹਾਸਕ ਤੇ ਸਮਾਜਿਕ ਸਥਿਤੀਆਂ ਨੇ ਕਵਿਤਾ ਦੇ ਰੂਪ ਤੇ ਵਿਸ਼ਿਆਂ ਨੂੰ ਗਹਿਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ।ਅੰਗਰੇਜ਼ੀ ਦਾ ਰੁਮਾਂਟਿਕ ਕਵੀ ਵਿਲੀਅਮ ਵਰਡਜ਼ਬਰਥ, ਕਵਿਤਾ ਨੂੰ ਸ਼ਕਤੀਸ਼ਾਲੀ ਭਾਵਾਂ ਦਾ ਬੇਰੋਕ ਵਹਾਅ ਕਹਿੰਦਾ ਹੈ।ਪ੍ਰੋ. ਪੂਰਨ ਸਿੰਘ ਕਵਿਤਾ ਨੂੰ ਪਿਆਰ ਵਿਚ ਮੋਏ ਬੰਦਿਆਂ ਦੇ ਮਿੱਠੇ ਵਚਨ ਕਹਿੰਦਾ ਹੈ।ਸੋ ਕਵਿਤਾ ਮਨੁੱਖੀ ਭਾਵਾਂ ਦੀ ਤਰਜਮਾਨੀ ਕਰਨ ਵਾਲਾ ਅਹਿਮ ਕਾਵਿ-ਰੂਪ ਹੈ।

## 8.3 ਆਧੁਨਿਕ ਪੰਜਾਬੀ ਕਵਿਤਾ: ਸੰਖੇਪ ਜਾਣ-ਪਛਾਣ

ਆਧੁਨਿਕ ਪੰਜਾਬੀ ਕਵਿਤਾ ਦਾ ਆਰੰਭ 20ਵੀਂ ਸਦੀ ਦੇ ਸ਼ੁਰੂ ਵਿਚ ਭਾਈ ਵੀਰ ਸਿੰਘ ਨਾਲ ਹੋਇਆ ਮੰਨਿਆ ਜਾਂਦਾ ਹੈ। ਭਾਈ ਵੀਰ ਸਿੰਘ ਨੇ ਪਹਿਲੀ ਵਾਰ ਨਿੱਕੀ ਕਵਿਤਾ ਲਿਖ ਕੇ ਆਧੁਨਿਕ ਪੰਜਾਬੀ ਕਵਿਤਾ ਦਾ ਮੁੱਢ ਬੰਨਿਆ।ਭਾਈ ਵੀਰ ਸਿੰਘ ਦੀ ਕਵਿਤਾ ਉਸ ਵੇਲੇ

ਸਾਹਮਣੇ ਆਉਂਦੀ ਹੈ ਜਦ ਪੰਜਾਬੀ ਸਮਾਜ, ਆਧੁਨਿਕਤਾ ਵਿਚ ਪ੍ਰਵੇਸ਼ ਕਰ ਰਿਹਾ ਸੀ। ਇਸ ਕਰਕੇ, ਭਾਈ ਵੀਰ ਦੀ ਜੀਵਨ ਦ੍ਰਿਸ਼ਟੀ ਉਪਰ ਇਕ ਪਾਸੇ ਮੱਧਕਾਲੀਨ ਭਾਵ ਬੋਧ ਦਾ ਪ੍ਰਭਾਵ ਦਿਖਾਈ ਦਿੰਦਾ ਹੈ ਤੇ ਦੂਜੇ ਪਾਸੇ ਉਨ੍ਹਾਂ ਦੀ ਕਵਿਤਾ, ਆਧੁਨਿਕਤਾ ਦਾ ਵੀ ਅਸਰ ਕਬੂਲ ਰਹੀ ਸੀ। ਇਸ ਲਈ ਗੁਰਮਤਿ ਸਿਧਾਂਤਾਂ ਦੇ ਨਾਲ ਨਾਲ ਭਾਈ ਵੀਰ ਸਿੰਘ ਨੇ ਕੁਦਰਤ ਪਿਆਰ ਬਾਰੇ ਵੀ ਕਵਿਤਾ ਲਿਖੀ। ਆਧੁਨਿਕ ਪੰਜਾਬੀ ਕਵਿਤਾ ਦਾ ਮੁੱਢਲਾ ਸਮਾਂ 1901 ਤੋਂ 1935 ਦੇ ਵਿਚਕਾਰ ਦਾ ਮੰਨਿਆ ਜਾਂਦਾ ਹੈ ਜਿਸ ਵਿਚ ਭਾਈ ਵੀਰ ਸਿੰਘ ਦੀ ਕਵਿਤਾ ਤੋਂ ਬਹੁਤ ਸਾਰੀ ਸਟੇਜੀ ਕਵੀਆਂ ਦੀ ਕਵਿਤਾ ਇਸ ਦੌਰ ਵਿਚ ਪ੍ਰਮੁੱਖ ਰਹਿੰਦੀ ਹੈ। ਗ਼ਦਰ ਲਹਿਰ ਦੀ ਕਵਿਤਾ ਵੀ ਇਸੇ ਦੌਰ ਵਿਚ ਪੈਦਾ ਹੁੰਦੀ ਹੈ। ਇਹ ਅੰਗਰੇਜ਼ੀ ਬਸਤੀਵਾਦ ਦਾ ਦੌਰ ਸੀ ਤੇ ਬਹੁਤ ਸਾਰੀ ਕਵਿਤਾ ਗੁਲਾਮੀ ਦੀਆਂ ਜ਼ੰਜ਼ੀਰਾਂ ਤੋੜਨ ਦੇ ਖਿਲਾਫ਼ ਲਿਖੀ ਗਈ। ਇਸ ਦੌਰ ਦਾ ਅਗਲਾ ਮਹੱਤਵਪੂਰਨ ਕਵੀ ਪ੍ਰੋ. ਪੂਰਨ ਸਿੰਘ ਹੈ। ਭਾਈ ਵੀਰ ਸਿੰਘ ਦੀ ਕਵਿਤਾ, ਇਕ ਧਾਰਮਿਕ ਘੇਰੇ ਵਿਚ ਵਿਚਰਦੀ ਦਿਖਾਈ ਦਿੰਦੀ ਹੈ ਪਰ ਪ੍ਰੋ. ਪੂਰਨ ਸਿੰਘ ਆਧੁਨਿਕ ਪੰਜਾਬੀ ਕਵਿਤਾ ਨੂੰ ਸਮਾਜਕ ਸਭਿਆਚਾਰਕ ਪਿੜ ਵਿਚ ਲੈ ਆਉਂਦਾ ਹੈ। ਉਸ ਨੇ ਪੰਜਾਬੀ ਵਿਚ ਪਹਿਲੀ ਵਾਰ ਖੁੱਲ੍ਹੀ ਕਵਿਤਾ ਲਿਖਣ ਦੀ ਪਿਰਤ ਪਾਈ। ਪ੍ਰੋ. ਪੂਰਨ ਸਿੰਘ ਦੀ ਕਵਿਤਾ ਵਿੱਚੋਂ ਪੰਜਾਬ ਤੇ ਪੰਜਾਬੀਅਤ ਲਈ ਪਿਆਰ ਡੁੱਲ੍ਹ ਡੁੱਲ੍ਹ ਪੈਂਦਾ ਹੈ। ਉਹ ਆਧੁਨਿਕ ਪੂੰਜੀਵਾਦੀ ਜੀਵਨ-ਜਾਚ ਉਪਰ ਸਵਾਲ ਖੜੇ ਕਰਦਾ ਹੈ ਤੇ ਪੁਰਾਣੇ ਪੰਜਾਬ ਨੂੰ ਆਵਾਜ਼ਾਂ ਮਾਰਦਾ ਹੈ। ਪੁਰਾਣੇ ਪੰਜਾਬ ਤੋਂ ਉਸ ਦਾ ਭਾਵ ਉਸ ਸਮੂਹਕ ਰਹਿਣੀ ਬਹਿਣੀ ਵਾਲੀ ਜੀਵਨ ਜਾਚ ਤੋਂ ਹੈ ਜਿਸ ਵਿਚ ਨਿਰਸੁਆਰਥ ਮੋਹ ਪਿਆਰ ਤੇ ਸਾਂਝ ਸੀ।

1935-36 ਦੇ ਆਸ-ਪਾਸ ਪੰਜਾਬੀ ਵਿਚ ਪ੍ਰਗਤੀਵਾਦੀ ਕਾਵਿ-ਧਾਰਾ ਉੱਭਰਦੀ ਹੈ। ਇਸ ਕਾਵਿ-ਧਾਰਾ ਦਾ ਵਿਚਾਰਧਾਰਕ ਆਧਾਰ ਮਾਰਕਸਵਾਦ ਸੀ। ਪ੍ਰਗਤੀਵਾਦੀ ਕਵਿਤਾ ਨੇ ਹਰ ਤਰ੍ਹਾਂ ਦੇ ਸ਼ੋਸ਼ਣ ਦਾ ਵਿਰੋਧ ਕੀਤਾ। ਪ੍ਰੋ. ਮੋਹਨ ਸਿੰਘ, ਅੰਮ੍ਰਿਤਾ ਪ੍ਰੀਤਮ, ਬਾਵਾ ਬਲਵੰਤ, ਪ੍ਰੀਤਮ ਸਿੰਘ ਸਫ਼ੀਰ ਆਦਿ ਇਸ ਕਾਵਿ-ਧਾਰਾ ਦੇ ਪ੍ਰਮੁੱਖ ਕਵੀ ਹਨ। ਇਨ੍ਹਾਂ ਕਵੀਆਂ ਨੇ ਆਪਣੀ ਕਵਿਤਾ ਵਿਚ ਆਰਥਿਕ ਕਾਣੀ-ਵੰਡ ਤੇ ਸਰਮਾਏਦਾਰੀ ਸ਼ੋਸ਼ਣ ਦੇ ਮਸਲਿਆਂ ਨੂੰ ਮੁੱਖ ਰੂਪ ਵਿਚ ਉਭਾਰਿਆ। ਇਸ ਕਵਿਤਾ ਨੇ ਸੁਚੇਤ ਰੂਪ ਵਿਚ ਕਿਰਤੀ ਤੇ ਮਜ਼ਦੂਰ ਦੇ ਹੱਕ ਵਿਚ ਆਵਾਜ਼ ਉਠਾਈ। 1960 ਤੋਂ ਬਾਅਦ ਇਸ ਕਵਿਤਾ ਦੀ ਚੜ੍ਹਤ ਮੱਠੀ ਪੈਣ ਲਗ ਜਾਂਦੀ ਹੈ।

1962 ਦੇ ਨੇੜੇ ਪ੍ਰਯੋਗਵਾਦੀ ਪੰਜਾਬੀ ਕਾਵਿ-ਧਾਰਾ ਉੱਭਰਦੀ ਹੈ। ਇਸ ਦੇ ਸੰਚਾਲਕ ਜਸਬੀਰ ਸਿੰਘ ਆਹਲੂਵਾਲੀਆ ਤੇ ਰਵਿੰਦਰ ਰਵੀ ਸਨ। ਇਨ੍ਹਾਂ ਨੇ ਇਤਰਾਜ਼ ਉਠਾਇਆ ਕਿ ਪ੍ਰਗਤੀਵਾਦੀ ਕਵਿਤਾ ਇਕੋ ਵਿਚਾਰਧਾਰਾ ਰਾਹੀਂ ਇਕੋ ਤਰ੍ਹਾਂ ਦੇ ਵਿਸ਼ਿਆਂ ਦਾ ਦੁਹਰਾਓ ਕਰ ਰਹੀ ਹੈ। ਪ੍ਰਯੋਗਵਾਦੀ ਪੰਜਾਬੀ ਕਵਿਤਾ ਦੇ ਸੰਚਾਲਕਾਂ ਦਾ ਮੱਤ ਸੀ ਕਿ ਸਮਾਜਕ ਯਥਾਰਥ ਤੇ ਮਨੁੱਖ ਦੋਵੇਂ ਬਦਲ ਗਏ ਹਨ। ਮਹਾਂਨਗਰੀ ਸਮਾਜ ਨੇ ਇਕ ਨਵੇਂ ਮਨੁੱਖ ਨੂੰ ਜਨਮ ਦਿੱਤਾ ਹੈ ਜੋ ਆਪਣੀਆਂ ਸਭਿਆਚਾਰਕ ਜੜ੍ਹਾਂ ਤੋਂ ਟੁੱਟਿਆ ਹੋਇਆ ਹੈ। ਇਸ ਨਵੇਂ ਮਨੁੱਖ ਤੇ ਸਮਾਜ ਨੂੰ ਵੇਖਣ ਸਮਝਣ ਲਈ ਨਵੀਆਂ ਅਨੁਭਵ ਪ੍ਰਣਾਲੀਆਂ ਦੀ ਮੱਦਦ ਲੈਣੀ ਬਣਦੀ ਹੈ। ਪ੍ਰਯੋਗਵਾਦੀਆਂ ਦਾ ਕਹਿਣਾ ਸੀ ਕਿ ਪ੍ਰਗਤੀਵਾਦੀ ਕਵਿਤਾ ਬਾਹਰੀ ਯਥਾਰਥ ਦੀ ਵੱਧ ਗੱਲ ਕਰਦੀ ਹੈ । ਪ੍ਰਯੋਗਵਾਦੀ ਕਵਿਤਾ ਨੇ ਕਿਹਾ ਕਵਿਤਾ ਨੂੰ ਬਾਹਰ ਯਥਾਰਥ ਦੇ ਨਾਲ ਨਾਲ ਮਨੋਯਥਾਰਥ ਦੀ ਗੱਲ ਕਰਨੀ ਚਾਹੀਦੀ ਹੈ ਅਤੇ ਕਵਿਤਾ ਨੂੰ ਕਿਸੇ ਇਕ ਵਿਚਾਰਧਾਰਾ ਦੀ ਵਾਹਕ ਨਹੀਂ ਬਣਨਾ ਚਾਹੀਦਾ। ਇਸ ਕਾਵਿ-ਧਾਰਾ ਨੇ ਮਹਾਂਨਗਰੀ ਮਨੁੱਖ ਦੀ ਮਨੋਦਿਸ਼ਾ ਤੇ ਭਟਕਣ ਨੂੰ ਨਵੇਂ ਬਿੰਬਾਂ ਤੇ ਪ੍ਰਤੀਕਾਂ ਰਾਹੀਂ ਚਿਤਰਨ ਦੀ ਕੋਸ਼ਿਸ਼ ਕੀਤੀ। ਇਸ ਕਵਿਤਾ ਦੀ ਵੱਧ ਚਰਚਾ ਯੂਨੀਵਰਸਿਟੀਆਂ ਤੇ ਕੌਫ਼ੀ ਹਾਊਸਾਂ ਵਿਚ ਹੁੰਦੀ ਰਹੀ ਅਤੇ ਇਹ ਆਮ ਲੋਕਾਂ ਨੂੰ ਆਪਣਾ ਪਾਠਕ ਨਹੀਂ ਬਣਾ ਸਕੀ।

1967 ਦੇ ਆਸ-ਪਾਸ ਜੁਝਾਰਵਾਦੀ ਪੰਜਾਬੀ ਕਵਿਤਾ ਦਾ ਉਦੈ ਹੁੰਦਾ ਹੈ। ਇਹ ਕਵਿਤਾ ਪੱਛਮੀ ਬੰਗਾਲ ਵਿਚ ਚਲੀ ਨਕਸਲਬਾੜੀ ਲਹਿਰ ਦੇ ਸਿੱਟੇ ਵਜੋਂ ਉੱਭਰੀ। ਜੁਝਾਰਵਾਦੀ ਕਾਵਿ-ਧਾਰਾ ਨੇ ਇਨਕਲਾਬੀ ਕਵਿਤਾ ਨੂੰ ਜਨਮ ਦਿੱਤਾ। ਪਾਸ਼, ਲਾਲ ਸਿੰਘ ਦਿਲ, ਸੰਤ ਰਾਮ ਉਦਾਸੀ ਆਦਿ ਇਸ ਧਾਰਾ ਦੇ ਪ੍ਰਮੁੱਖ ਕਵੀ ਹਨ। ਇਹ ਕਵਿਤਾ ਤੱਤ ਫੱਟ ਸਮਾਜਕ ਕ੍ਰਾਂਤੀ ਲਿਆਉਣਾ ਚਾਹੁੰਦੀ ਸੀ। ਸਮਾਜਕ ਤਬਦੀਲੀ ਦੀ ਤੱਟ-ਫੱਟ ਚਾਹਤ ਨੇ ਹਿੰਸਾ ਨੂੰ ਵੀ ਨੈਤਿਕ ਪ੍ਰਵਾਨਗੀ ਦਿੱਤੀ। ਨਕਸਲਬਾੜੀ ਲਹਿਰ ਦੇ ਹਿੰਸਕ ਅੰਦੋਲਨ ਨੂੰ ਸਰਕਾਰਾਂ ਨੇ ਜਲਦੀ ਹੀ ਦਬਾ ਦਿੱਤਾ ਜਿਸ ਕਰਕੇ ਇਸ ਕਵਿਤਾ ਦਾ ਜਲੌਅ ਵੀ ਜਲਦੀ ਹੀ ਮੱਠਾ ਪੈ ਜਾਂਦਾ ਹੈ। ਇਸ ਕਵਿਤਾ ਦੀ ਖ਼ਾਸੀਅਤ ਇਹ ਹੈ ਕਿ ਇਸ ਨੇ ਪਿੰਡ ਦੇ ਲੋਕਾਂ ਦੇ ਸ਼ੋਸ਼ਣ ਸਾਹਮਣੇ ਲਿਆਂਦਾ। ਇਸ ਕਵਿਤਾ ਨੇ ਆਪਣੀ ਗੱਲ ਕਹਿਣ ਲਈ ਪੇਂਡੂ ਸਮਾਜ ਵਿਚਲੇ ਬਿੰਬਾਂ-ਪ੍ਰਤੀਕਾਂ ਤੇ ਲੋਕਧਾਰਾਈ ਸਮੱਗਰੀ ਦਾ ਬਾਖ਼ੂਬੀ ਇਸਤੇਮਾਲ ਕੀਤਾ।

1970ਵਿਆਂ ਦੌਰਾਨ ਨਵੀਂ ਪੰਜਾਬੀ ਕਵਿਤਾ ਦਾ ਜਨਮ ਹੁੰਦਾ ਹੈ। ਇਸ ਨੂੰ ਆਧੁਨਿਕਤਾਵਾਦੀ ਤੇ ਸੁਹਜਵਾਦੀ ਕਵਿਤਾ ਦਾ ਨਾਂ ਦਿੱਤਾ ਗਿਆ। ਡਾ. ਹਰਿਭਜਨ ਸਿੰਘ, ਤਾਰਾ ਸਿੰਘ, ਸ਼ਿਵ ਕੁਮਾਰ ਬਟਾਲਵੀ, ਸ.ਸ. ਮੀਸ਼ਾ ਆਦਿ ਇਸ ਲਹਿਰ ਦੇ ਪ੍ਰਮੁੱਖ ਕਵੀ ਹਨ। ਇਸ ਕਵਿਤਾ ਨੇ ਆਧੁਨਿਕ ਮਨੁੱਖ ਦੀ ਉਦਾਸੀ, ਇਕਲਾਪੇ ਤੇ ਭਟਕਣ ਨੂੰ ਸੁਹਜਾਤਕ ਤਰੀਕੇ ਨਾਲ ਪੇਸ਼ ਕੀਤਾ।
1980 ਤੋਂ 1990 ਦੌਰਾਨ ਪੰਜਾਬ ਵਿਚ ਚੱਲੀ ਸਿੱਖ ਖਾੜਕੂ ਲਹਿਰ ਨੇ ਪੰਜਾਬ ਵਿਚ ਭਾਈਚਾਰਕ ਏਕਤਾ ਵਾਲੀ ਕਵਿਤਾ ਨੂੰ ਜਨਮ ਦਿੱਤਾ। 1990 ਬਾਅਦ ਦੀ ਕਵਿਤਾ ਵਿਚ ਕਿਸੇ ਇਕ ਸੁਰ ਦੀ ਥਾਂ ਸਮਾਨੰਤਰ ਕਈ ਸੁਰਾਂ ਵਾਲੀ ਕਵਿਤਾ ਲਿਖੀ ਜਾ ਰਹੀ ਹੈ। ਇਸ ਵੇਲੇ ਨਾਰੀ ਕਾਵਿ, ਦਲਿਤ ਕਾਵਿ, ਪਿਆਰ ਕਾਵਿ ਆਦਿ ਵਿਭਿੰਨ ਸੁਰਾਂ ਵਾਲੀ ਕਵਿਤਾ ਲਿਖੀ ਜਾ ਰਹੀ ਹੈ।

ਪੰਜਾਬੀ ਕਵਿਤਾ ਪੰਜਾਬ/ਭਾਰਤ ਤੋਂ ਇਲਾਵਾ ਪਾਕਿਸਤਾਨ ਅਤੇ ਪੱਛਮੀ ਮੁਲਕਾਂ ਵਿਚ ਜਾ ਵਸੇ ਲੇਖਕਾਂ ਦੁਆਰਾ ਵੀ ਵੱਡੀ ਪੱਧਰ 'ਤੇ ਲਿਖੀ ਜਾ ਰਹੀ ਹੈ। ਸੋ ਇਸ ਵੇਲੇ ਪੰਜਾਬੀ ਕਵਿਤਾ ਨੂੰ ਤਿੰਨ ਖੰਡਾਂ ਵਿਚ ਰੱਖ ਕੇ ਸਮਝਿਆ ਜਾ ਸਕਦਾ ਹੈ: ਪੰਜਾਬ/ਭਾਰਤ ਵਿਚ ਲਿਖੀ ਜਾ ਰਹੀ ਪੰਜਾਬੀ ਕਵਿਤਾ, ਪਾਕਿਸਤਾਨ ਵਿਚ ਲਿਖੀ ਜਾ ਰਹੀ ਪੰਜਾਬੀ ਕਵਿਤਾ ਅਤੇ ਪੱਛਮੀ ਮੁਲਕਾਂ ਵਿਚ ਲਿਖੀ ਜਾ ਰਹੀ ਪੰਜਾਬੀ ਕਵਿਤਾ।

## 8.4 ਭਾਈ ਵੀਰ ਸਿੰਘ

ਭਾਈ ਵੀਰ ਸਿੰਘ ਨੂੰ ਆਧੁਨਿਕ ਪੰਜਾਬੀ ਕਵਿਤਾ ਦਾ ਮੋਢੀ ਕਵੀ ਮੰਨਿਆ ਜਾਂਦਾ ਹੈ। ਉਨ੍ਹਾਂ ਦਾ ਜਨਮ 5 ਦਸੰਬਰ, 1872 ਈ. ਵਿਚ ਅੰਮ੍ਰਿਤਸਰ ਵਿਖੇ ਹੋਇਆ। ਭਾਈ ਵੀਰ ਸਿੰਘ, ਸਿੰਘ ਸਭਾ ਲਹਿਰ ਨਾਲ ਜੁੜੇ ਹੋਏ ਸਨ। ਪੰਜਾਬੀ ਵਿਚ ਉਨ੍ਹਾਂ ਨੇ ਨਿੱਕੀ ਕਵਿਤਾ ਲਿਖਣ ਦੀ ਪਿਰਤ ਪਾਈ। ਇਸੇ ਕਰਕੇ ਉਨ੍ਹਾਂ ਨੂੰ ਨਿੱਕੀਆਂ ਕਵਿਤਾਵਾਂ ਦਾ ਵੱਡਾ ਕਵੀ ਕਿਹਾ ਜਾਂਦਾ ਹੈ। ਉਨ੍ਹਾਂ ਦੀ ਕਵਿਤਾ ਵਿਚ ਗੁਰਮਤਿ

ਸਿਧਾਂਤਾਂ ਦੀ ਕਾਵਿਕ ਪੇਸ਼ਕਾਰੀ ਤੋਂ ਇਲਾਵਾ ਕੁਦਰਤ ਪਿਆਰ ਦੀ ਵੱਡੀ ਝਲਕ ਮਿਲਦੀ ਹੈ। ਕਵਿਤਾ ਤੋਂ ਇਲਾਵਾ ਉਨ੍ਹਾਂ ਨੇ ਨਾਵਲ, ਮਹਾਂਕਾਵਿ, ਨਾਟਕ, ਜੀਵਨੀ ਸਾਹਿਤ, ਧਰਮ ਤੇ ਇਤਿਹਾਸ ਨਾਲ ਸਬੰਧਿਤ ਵਾਰਤਕ ਰਚਨਾ ਵੀ ਕੀਤੀ। 'ਦਿਲ ਤਰੰਗ', 'ਤਰੇਲ ਤੁਪਕਾ', 'ਲਹਿਰਾਂ ਦੇ ਹਾਰ', 'ਬਿਜਲੀਆਂ ਦੇ ਹਾਰ', 'ਮਟਕ ਹੁਲਾਰੇ', 'ਪ੍ਰੀਤ ਵੀਣਾ', 'ਕੰਬਦੀ ਕਲਾਈ', 'ਲਹਿਰ ਹੁਲਾਰੇ', 'ਮੇਰੇ ਸਾਈਆਂ ਜੀਓ' ਆਦਿ ਉਨ੍ਹਾਂ ਦੇ ਪ੍ਰਸਿੱਧ ਕਾਵਿ-ਸੰਗ੍ਰਹਿ ਹਨ। ਉਨ੍ਹਾਂ ਨੂੰ ਅਨੇਕਾਂ ਮਾਣ-ਸਨਮਾਨ ਮਿਲੇ, ਜਿਨ੍ਹਾਂ ਵਿਚ ਭਾਰਤੀ ਸਾਹਿਤ ਅਕਾਦਮੀ ਪੁਰਸਕਾਰ ਤੇ ਪਦਮ ਭੂਸ਼ਨ ਸ਼ਾਮਿਲ ਹਨ। ਇਸ ਪਾਠ-ਕ੍ਰਮ ਵਿਚ ਤੁਸੀਂ ਉਨ੍ਹਾਂ ਦੀ ਕਵਿਤਾ ਪ੍ਰੀਤਮ ਛੁਹ ਪੜ੍ਹੋਗੇ।

## 8.4.1 ਪ੍ਰੀਤਮ ਛੁਹ

ਤੁਸੀਂ ਤੋੜਿਆ ਅਸੀਂ ਟੁੱਟ ਪਏ,
ਵਿਛੜ ਗਏ ਸਾਂ ਡਾਲੋਂ,
ਤੁਸੀਂ ਸੁੰਘ ਸੀਨੇ ਲਾ ਸੁਟਿਆ
ਵਿਛੜ ਗਏ ਤੁਸਾਂ ਨਾਲੋਂ,
ਪੈਰਾਂ ਹੇਠ ਲਿਤਾੜ ਲੰਘਾਊਆਂ
ਕੀਤਾ ਖੰਭੜੀ ਖੰਭੜੀ
ਪਰ ਸ਼ੁਕਰਾਨਾ 'ਛੁਹ ਤੁਹਾਡੀ' ਦਾ
ਅਜੇ ਨਾ ਸਾਨੂੰ ਭੁਲਦਾ।

ਔਖੇ ਸ਼ਬਦਾਂ ਦੇ ਅਰਥ :

ਡਾਲੋਂ : ਟਾਹਣੀ ਤੋਂ, ਸ਼ਾਖ ਤੋਂ
ਲਿਤਾੜ : ਮਸਲ ਕੇ
ਲੰਘਾਊਆਂ : ਰਾਹੀਆਂ
ਖੰਭੜੀ : ਫੁੱਲ ਦੀ ਪੱਤੀ ਨੂੰ ਕਿਹਾ ਗਿਆ ਹੈ
ਸ਼ੁਕਰਾਨਾ : ਧੰਨਵਾਦ

**ਕਵਿਤਾ ਦਾ ਸਾਰ**

ਭਾਈ ਵੀਰ ਸਿੰਘ ਨੇ 'ਪ੍ਰੀਤਮ ਛੁਹ' ਕਵਿਤਾ ਵਿਚ ਫੁੱਲ ਦੇ ਮਾਨਵੀਕਰਨ ਰਾਹੀਂ ਫੁੱਲ ਦੇ ਸਹਿਜ ਤੇ ਨਿਮਰ ਭਾਵਾਂ ਦਾ ਪ੍ਰਗਟਾਓ ਕੀਤਾ ਹੈ। ਇਸ ਕਵਿਤਾ ਵਿਚ ਫੁੱਲ ਵਿਛੋੜੇ ਦੀਆਂ ਵੱਖ-ਵੱਖ ਸਥਿਤੀਆਂ ਹੰਢਾਉਂਦਾ ਹੈ। ਪਹਿਲੇ ਉਹ ਟਾਹਣੀ ਨਾਲੋਂ ਟੁੱਟਦਾ ਹੈ, ਫਿਰ ਰਾਹਾਂ ਵਿਚ ਸੁੱਟਿਆ ਜਾਂਦਾ ਹੈ ਤੇ ਫਿਰ ਪੈਰਾਂ ਹੇਠ ਲਿਤਾੜਿਆ ਜਾਂਦਾ ਹੈ। ਟਾਹਣੀ ਤੋਂ ਟੁੱਟਣ ਨਾਲ ਫੁੱਲ ਵਿਯੋਗ ਹੰਢਾਉਂਦਾ ਹੈ ਪਰ ਤੋੜਨ ਵਾਲਾ ਜਦ ਉਸ ਨੂੰ ਸੁੰਘਦਾ ਤੇ ਸੀਨੇ ਨਾਲ ਲਾਉਂਦਾ ਹੈ ਤਾਂ ਮੁੜ ਸੰਯੋਗ ਦੀ ਸਥਿਤੀ ਹੰਢਾਉਂਦਾ ਹੈ। ਰਾਹ ਵਿਚ ਸੁੱਟੇ ਜਾਣ ਉਹ ਮੁੜ ਵਿਯੋਗਿਆ ਜਾਂਦਾ ਹੈ ਤੇ ਖ਼ਤਮ ਹੋ ਜਾਂਦਾ ਹੈ।ਇਹ ਕਵਿਤਾ ਫੁੱਲ ਅਰਥਾਤ ਮਾਸੂਮ ਲੋਕਾਂ ਦੇ ਦਰਦ ਨੂੰ ਵੀ ਪੇਸ਼ ਕਰਦੀ ਹੈ ਜਿਨ੍ਹਾਂ ਨੂੰ ਤੋੜਿਆ, ਵਿਛੋੜਿਆ ਤੇ ਮਸਲਿਆ ਜਾਂਦਾ ਹੈ ਪਰ ਉਹ ਇਤਰਾਜ਼ ਨਹੀਂ ਕਰਦੇ। ਕਵੀ ਨੇ ਆਖ਼ਰ ਵਿਚ ਫੁੱਲ ਤੋਂ ਸ਼ੁਕਰਾਨਾ ਕਰਾਕੇ ਇਸ ਕਵਿਤਾ ਨੂੰ ਅਧਿਆਤਮਕ ਬਣਾ ਦਿੱਤਾ। ਇਥੇ ਤੋੜਨ ਵਾਲੀ ਧਿਰ ਆਮ ਨਹੀਂ ਵਿਸ਼ੇਸ਼ ਹੈ। ਇਹ ਧਿਰ ਦੈਵੀ ਨਜ਼ਰ ਆਉਣ ਲਗਦਾ ਹੈ ਜਿਸ ਦੀ ਛੁਹ ਲਈ ਫੁੱਲ ਉਡੀਕ ਕਰ ਰਿਹਾ ਸੀ। ਇਹ ਕਵਿਤਾ ਇਸ ਗੱਲ ਵੱਲ ਇਸ਼ਾਰਾ ਕਰਦੀ ਹੈ ਕਿ ਸਾਨੂੰ ਦੂਸਰਿਆਂ ਨੂੰ ਲਿਤਾੜ ਕੇ ਅੱਗੇ ਨਹੀਂ ਲੰਘਣਾ ਚਾਹੀਦਾ ਹੈ।ਕਵੀ ਇਸ ਕਵਿਤਾ ਰਾਹੀਂ ਫੁੱਲ ਤੋੜਨ ਵਾਲੀ ਧਿਰ ਬਾਰੇ ਵੀ ਇਹ ਕਹਿਣਾ ਚਾਹੁੰਦਾ ਹੈ ਕਿ ਫੁੱਲ ਦੀ ਅਹਿਮਤੀਅਤ ਉਸ ਨੂੰ ਡਾਲੋਂ ਤੋੜਕੇ ਸੁੰਘਣ ਤੇ ਸੁੱਟਣ ਵਿਚ ਨਹੀਂ ਹੈ। ਇਹ ਕਵਿਤਾ ਸਾਨੂੰ ਪ੍ਰਕਿਰਤੀ ਪ੍ਰਤੀ ਸੰਵੇਦਨਸ਼ੀਲ ਬਣਾਉਂਦੀ ਹੈ।

**ਅਭਿਆਸ ਪਹਿਲਾ**

ਪ੍ਰਸ਼ਨ 1. ਕਵਿਤਾ 'ਪ੍ਰੀਤਮ ਛੁਹ' ਦੀ ਪ੍ਰਸੰਗ ਸਹਿਤ ਵਿਆਖਿਆ ਕਰੋ।

ਉੱਤਰ ..........................................................................................................

..........................................................................................................

..........................................................................................................

..........................................................................................................

..........................................................................................................

..........................................................................................................

ਪ੍ਰਸ਼ਨ 2. ਕਵਿਤਾ 'ਪ੍ਰੀਤਮ ਛੁਹ' ਵਿਚ ਫੁੱਲ ਨੂੰ ਕਿਹੜੀਆਂ ਸਥਿਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ ?

ਉੱਤਰ ..........................................................................................................

..........................................................................................................

..........................................................................................................................

..........................................................................................................................

..........................................................................................................................

..........................................................................................................................

ਪ੍ਰਸ਼ਨ 3. ਕਵਿਤਾ 'ਪ੍ਰੀਤਮ ਛੁਹ' ਵਿਚ ਫੁੱਲ ਤੋੜਨ ਵਾਲੇ ਦਾ ਸ਼ੁਕਰਾਨਾ ਕਿਉਂ ਕਰਦਾ ਹੈ ?

ਉੱਤਰ ..........................................................................................................................

..........................................................................................................................

..........................................................................................................................

..........................................................................................................................

..........................................................................................................................

..........................................................................................................................

## 8.5 ਪ੍ਰੋ. ਪੂਰਨ ਸਿੰਘ

ਪ੍ਰੋ. ਪੂਰਨ ਸਿੰਘ ਆਧੁਨਿਕ ਪੰਜਾਬੀ ਕਵਿਤਾ ਦੇ ਪ੍ਰਮੁੱਖ ਕਵੀ ਹਨ। ਉਨ੍ਹਾਂ ਦਾ ਜਨਮ 1881 ਈ. ਵਿਚ ਪਿੰਡ ਸਲਹੱਡ, ਜਿਲ੍ਹਾ ਐਬਟਾਬਾਦ (ਪਾਕਿਸਤਾਨ) ਵਿਚ ਹੋਇਆ। ਉਹ ਉਚੇਰੀ ਵਿਦਿਆ ਪ੍ਰਾਪਤੀ ਲਈ ਟੋਕੀਓ ਵੀ ਗਏ।ਪ੍ਰੋ. ਪੂਰਨ ਸਿੰਘ, ਛੰਦਬੱਧ ਕਵਿਤਾ ਦੇ ਉਲਟ ਪੰਜਾਬੀ ਵਿਚ ਖੁੱਲ੍ਹੀ ਕਵਿਤਾ ਲਿਖਣ ਦੀ ਪਿਰਤ ਪਾਈ। ਉਨ੍ਹਾਂ ਦੀ ਕਵਿਤਾ ਛੰਦ ਰਹਿਤ ਹੋਣ ਬਾਵਜੂਦ ਰਵਾਨੀ ਭਰਪੂਰ ਤੇ ਲੈਅ-ਤਾਲ ਵਾਲੀ ਹੈ।ਉਨ੍ਹਾਂ ਦੀਆਂ ਰਚਨਾਵਾਂ ਵਿਚੋਂ ਪੰਜਾਬ ਤੇ ਪੰਜਾਬੀਅਤ ਪ੍ਰਤੀ ਪਿਆਰ ਡੁੱਲ-ਡੁੱਲ ਪੈਂਦਾ ਹੈ। ਪ੍ਰੋ. ਪੂਰਨ ਸਿੰਘ ਨੇ ਆਧੁਨਿਕ ਪੂੰਜੀਵਾਦ ਨੂੰ ਕੌਡੀਆਂ ਦਾ ਸੱਭਿਆਚਾਰ ਕਿਹਾ ਜਿਸ ਦਾ ਭਾਵ ਹੈ ਕਿ ਆਧੁਨਿਕ ਮਨੁੱਖ ਸਵਾਰਥੀ ਤੇ ਪੈਸਾ ਮੁਖੀ ਹੋ ਰਿਹਾ ਹੈ।ਇਸੇ ਲਈ ਉਹ ਆਪਣੀਆਂ ਕਵਿਤਾਵਾਂ ਵਿਚ ਵਾਰ-ਵਾਰ ਪੁਰਾਣੇ ਪੰਜਾਬ ਨੂੰ ਆਵਾਜ਼ਾਂ ਮਾਰਦਾ ਹੈ ਜਿਸ ਵਿਚ ਨਿਰਸੁਆਰਥ ਮੋਹ ਪਿਆਰ ਤੇ ਪੀਡੀਆਂ ਸਾਂਝਾਂ ਸਨ।ਉਨ੍ਹਾਂ ਦੀ ਕਵਿਤਾ ਚੋਂ ਪੰਜਾਬ ਦੀ ਜੀਵੰਤ ਤਸਵੀਰ ਨਜ਼ਰ ਆਉਂਦੀ ਹੈ।ਖੇਤਾਂ ਵਿਚ ਕੰਮ ਕਰਦੇ ਮਜ਼ਦੂਰ ਕਿਸਾਨ ਉਸ ਨੂੰ ਆਪਣੇ ਵੱਲ ਖਿੱਚਦੇ ਹਨ।ਉਸ ਨੂੰ ਪੰਜਾਬੀ ਸਭਿਆਚਾਰ ਦੀ ਅਸਲ ਝਲਕ ਪੇਂਡੂ ਅਨਪੜ੍ਹ ਲੋਕਾਂ ਵਿਚ ਦਿਖਾਈ ਦਿੰਦੀ ਹੈ।ਕਵਿਤਾ ਤੋਂ ਉਨਾਂ ਨੇ ਇਲਾਵਾ ਵਾਰਤਕ ਲੇਖ ਅਤੇ ਅਨੁਵਾਦ ਦਾ ਕਾਫ਼ੀ ਕਾਰਜ ਕੀਤਾ। ਪੰਜਾਬੀ ਤੋਂ ਇਲਾਵਾ ਉਨ੍ਹਾਂ ਨੇ ਅੰਗਰੇਜ਼ੀ ਵਿਚ ਵੀ ਰਚਨਾ ਕੀਤੀ। ਉਨ੍ਹਾਂ ਦੇ ਪ੍ਰਮੁੱਖ ਕਾਵਿ-ਸੰਗ੍ਰਹਿ 'ਖੁੱਲੇ ਘੁੰਡ', 'ਖੁੱਲ੍ਹੇ ਮੈਦਾਨ' ਅਤੇ 'ਖੁੱਲ੍ਹੇ ਰੰਗ ਅਸਮਾਨੀ' ਹਨ। ਇਸ ਪਾਠ-ਕ੍ਰਮ ਵਿਚ ਤੁਸੀਂ ਉਨ੍ਹਾਂ ਦੀ ਕਵਿਤਾ 'ਪੰਜਾਬ ਦੇ ਮਜੂਰ' ਪੜ੍ਹੋਗੇ।

### 8.5.1 ਪੰਜਾਬ ਦੇ ਮਜੂਰ

ਓਏ ! ਮਜੂਰ ਚੰਗੇ ਲਗਦੇ !
ਨਿੱਕੇ ਨਿੱਕੇ ਖ਼ਿਆਲ ਇਨ੍ਹਾਂ ਦੇ,
ਉਨ੍ਹਾਂ ਵਿਚ ਢਲੀਆਂ, ਇਨ੍ਹਾਂ ਦੀ ਜ਼ਿੰਦਗੀਆਂ
ਸਾਦੇ ਸਾਦੇ ਚਿਹਰੇ, ਬੇਨਿਕਾਬ ਜਿਹੇ
ਨ ਛੁਪਦੇ ਨ ਛੁਪਾਂਦੇ ਕੁਝ ਆਪਣਾ।

ਨੰਗੇ ਨੰਗੇ ਦਿਲ ਇਨ੍ਹਾਂ ਦੇ
ਭੋਲੇ ਭਾਲੇ ਲੋਕ ਤੇ ਆਲੀਆਂ ਭੋਲੀਆਂ ਗੱਲਾਂ
ਇਨ੍ਹਾਂ ਦੀ ਗਰੀਬੀ ਨਿੱਕੀ,
ਇਨ੍ਹਾਂ ਦਾ ਸੰਤੋਖ ਵੱਡਾ,
ਇਹ ਠੰਡੇ ਪਾਣੀ ਵਾਂਗ
ਮੇਰੇ ਜੀ ਨੂੰ ਠਾਰਦੇ।

ਔਖੇ ਸ਼ਬਦਾਂ ਦੇ ਅਰਥ :

ਮਜੂਰ : ਕਿਰਤੀ, ਮਜ਼ਦੂਰ
ਬੇਨਿਕਾਬ : ਬਿਨਾਂ ਕਿਸੇ ਪਰਦੇ ਤੋਂ
ਆਲੀਆਂ ਭੋਲੀਆਂ : ਮਾਸੂਮ
ਸੰਤੋਖ : ਸਬਰ

**ਕਵਿਤਾ ਦਾ ਸਾਰ**

ਪ੍ਰੋ. ਪੂਰਨ ਸਿੰਘ ਨੂੰ ਪੰਜਾਬ ਤੇ ਪੰਜਾਬੀਅਤ ਨਾਲ ਖ਼ਾਸਾ ਮੋਹ ਪਿਆਰ ਹੈ। ਉਸ ਦੀਆਂ ਕਵਿਤਾਵਾਂ 'ਚੋਂ ਪੰਜਾਬ ਤੇ ਪੰਜਾਬੀਅਤ ਲਈ ਪਿਆਰ ਡੁੱਲ-ਡੁੱਲ ਪੈਂਦਾ ਹੈ। 'ਮਜੂਰ ਪੰਜਾਬ ਦੇ' ਵਿਚ ਵੀ ਕਵੀ ਨੇ ਪੰਜਾਬ ਦੇ ਮਜ਼ਦੂਰਾਂ ਦੀ ਸਾਦਗੀ, ਭੋਲੇਪਨ ਤੇ ਸਾਫ਼ ਦਿਲ ਹੋਣ ਦੀ ਪ੍ਰਸੰਸਾ ਕੀਤੀ ਹੈ। ਉਹ ਕਹਿੰਦਾ ਹੈ ਮਜੂਰ ਕਿਸੇ ਬਣਾਵਟ ਜਾਂ ਦਿਖਾਵਟ ਤੋਂ ਮੁਕਤ ਹੁੰਦੇ ਹਨ। ਉਨ੍ਹਾਂ ਦੀਆਂ ਨਿੱਕੀਆਂ-ਨਿੱਕੀਆਂ ਖ਼ਾਹਿਸ਼ਾਂ ਤੇ ਸੁਪਨੇ ਹੁੰਦੇ ਹਨ। ਉਹ ਆਪਣੇ ਜੀਵਨ ਤੋਂ ਸੰਤੁਸ਼ਟ ਤੇ ਸਬਰ-ਸੰਤੋਖ ਨਾਲ ਭਰੇ ਹੁੰਦੇ ਹਨ। ਨਾ ਤਾਂ ਉਹ ਕਿਸੇ ਤਰ੍ਹਾਂ ਦਾ ਮਖੌਟਾ ਪਹਿਨਦੇ ਹਨ ਤੇ ਨਾ ਹੀ ਕੁਝ ਲਕਾਉਂਦੇ ਹਨ। ਉਨ੍ਹਾਂ ਦੀ ਜ਼ਿੰਦਗੀ ਸਾਫ਼ ਤੇ ਸਪੱਸ਼ਟ ਹਨ। ਉਹ ਅੰਦਰੋਂ-ਬਾਹਰੋਂ ਇਕ ਹਨ। ਉਨ੍ਹਾਂ ਦੇ ਦਿਲਾਂ ਵਿਚ ਕੋਈ ਖੋਟ ਨਹੀਂ। ਉਨ੍ਹਾਂ ਦਾ ਸਬਰ-ਸੰਤੋਖ ਏਨਾ ਵੱਡਾ ਹੈ ਕਿ ਉਸ ਦੇ ਸਾਹਮਣੇ ਉਨ੍ਹਾਂ ਦੀ ਗ਼ਰੀਬੀ ਨਿੱਕੀ ਪੈ ਜਾਂਦੀ ਹੈ। ਕਵੀ ਇਨ੍ਹਾਂ ਮਜ਼ਦੂਰਾਂ ਨੂੰ ਠੰਢੇ ਪਾਣੀ ਸਮਾਨ ਕਹਿੰਦਾ ਹੈ ਜੋ ਦਿਲ ਨੂੰ ਠਾਰਦੇ ਹਨ। ਇਸ ਤਰ੍ਹਾਂ ਕਵੀ ਕਹਿੰਦਾ ਹੈ ਕਿਰਤੀ ਲੋਕ ਕਿਸੇ ਤਰ੍ਹਾਂ ਦੀ ਵੀ ਬਨਾਵਟ ਤੇ ਦਿਖਾਵਟ ਤੋਂ ਮੁਕਤ ਇਕ ਸਰਲ ਸਾਦੀ ਤੇ ਸੰਤੋਖ ਭਰੀ ਜ਼ਿੰਦਗੀ ਜਿਉਂਦੇ ਹਨ।ਇਸ ਦੇ ਉਲਟ ਪੂੰਜੀਵਾਦੀ ਦੌਰ ਦਾ ਸ਼ਹਿਰੀ ਬੰਦਾ ਕਈ ਕਈ ਮਖੌਟੇ ਲਾਈ ਫਿਰਦਾ ਹੈ।ਉਹ ਲਾਲਸਾਵਾਂ ਨਾਲ ਭਰਿਆ ਹੋਇਆ ਹੈ ਤੇ ਵਾਧੂ ਪੈਸਾ ਕਮਾਉਣ ਦੀ ਹੋੜ ਵਿਚ ਲਗਿਆ ਹੋਇਆ ਹੈ।ਕਵੀ ਨੂੰ ਸਬਰ ਸੰਤੋਖ ਵੱਡੀ ਸ਼ੈਅ ਲਗਦੀ ਹੈ ਜਿਸ ਤੋਂ ਆਧੁਨਿਕ ਸ਼ਹਿਰੀ ਬੰਦਾ ਵਿਰਵਾ ਹੈ।

**ਅਭਿਆਸ ਦੂਜਾ**

ਪ੍ਰਸ਼ਨ 1. 'ਪੰਜਾਬ ਦੇ ਮਜੂਰ' ਕਵਿਤਾ ਦੀ ਪ੍ਰਸੰਗ ਸਾਹਿਤ ਵਿਆਖਿਆ ਕਰੋ।

ਉੱਤਰ ..........................................................................................

..........................................................................................

..........................................................................................

..........................................................................................

..........................................................................................

..........................................................................................

ਪ੍ਰਸ਼ਨ 2. ਕਵੀ ਨੇ 'ਪੰਜਾਬ ਦੇ ਮਜੂਰ' ਕਵਿਤਾ ਵਿਚ ਮਜ਼ਦੂਰਾਂ ਦੀਆਂ ਕੀ ਖ਼ੂਬੀਆਂ ਦੱਸੀਆਂ ਹਨ?

ਉੱਤਰ ..........................................................................................

..........................................................................................

..........................................................................................

..........................................................................................

..........................................................................................

..........................................................................................

ਪ੍ਰਸ਼ਨ 3. 'ਪੰਜਾਬ ਦੇ ਮਜੂਰ' ਵਿਚ ਕਵੀ ਨੂੰ ਮਜ਼ਦੂਰ ਚੰਗੇ ਕਿਉਂ ਲਗਦੇ ਹਨ?

ਉੱਤਰ ..........................................................................................

..........................................................................................

..........................................................................................

..........................................................................................

..........................................................................................

..........................................................................................

## 8.6 ਪ੍ਰੋ. ਮੋਹਨ ਸਿੰਘ

ਪ੍ਰੋ. ਮੋਹਨ ਸਿੰਘ ਦਾ ਸੰਬੰਧ ਆਧੁਨਿਕ ਪੰਜਾਬੀ ਕਵਿਤਾ ਦੀ ਰੁਮਾਂਟਿਕ-ਪ੍ਰਗਤੀਵਾਦੀ ਕਾਵਿ-ਧਾਰਾ ਨਾਲ ਹੈ। ਉਨ੍ਹਾਂ ਦਾ ਜਨਮ 1905 ਈ. ਵਿਚ ਰਾਵਲਪਿੰਡੀ, ਪਾਕਿਸਤਾਨ ਵਿਚ ਹੋਇਆ। ਪ੍ਰੋ. ਮੋਹਨ ਸਿੰਘ ਦਾ ਪੰਜਾਬੀ ਕਵਿਤਾ ਦੇ ਖੇਤਰ ਵਿਚ ਵਿਸ਼ੇਸ਼ ਸਥਾਨ ਹੈ। ਉਨ੍ਹਾਂ ਦੀ ਕਵਿਤਾ ਦੇ ਮੁੱਖ ਵਿਸ਼ੇ ਪਿਆਰ, ਕੁਦਰਤ, ਪ੍ਰਗਤੀਵਾਦ ਤੇ ਸੰਸਾਰ ਅਮਨ ਹਨ। ਉਨ੍ਹਾਂ ਦੀ ਕਵਿਤਾ ਵਿਚ ਲੋਕ ਗੀਤਾਂ ਵਰਗੀ ਰਵਾਨਗੀ ਹੈ।ਪ੍ਰੋ. ਮੋਹਨ ਸਿੰਘ ਦੀ ਮੁੱਢਲੀ ਕਵਿਤਾ ਪ੍ਰਗੀਤ ਤੇ ਰੋਮਾਂਸ ਦੇ ਘੇਰੇ ਵਿਚ ਵਿਚਰਦੀ ਹੈ। ਪ੍ਰਗਤੀਵਾਦ ਦੇ ਪ੍ਰਭਾਵ ਅਧੀਨ ਉਨ੍ਹਾਂ ਨੇ ਕਿਰਤੀ ਜਮਾਤ ਦੇ ਹੱਕ ਵਿਚ ਆਪਣੀ ਆਵਾਜ਼ ਉਠਾਈ।ਉਨ੍ਹਾਂ ਦੀ ਪ੍ਰਗਤੀਵਾਦੀ ਕਵਿਤਾ ਉਪਰ ਵੀ ਰੋਮਾਂਸ ਦਾ ਲੇਪ ਦਿਖਾਈ ਦਿੰਦਾ

ignou THE PEOPLE'S UNIVERSITY

ਹੈ।ਕਵਿਤਾ ਤੋਂ ਇਲਾਵਾ ਉਨ੍ਹਾਂ ਨੇ ਇਕ ਕਹਾਣੀ ਸੰਗ੍ਰਹਿ, ਮਹਾਂਕਾਵਿ, ਅਨੁਵਾਦ ਤੇ ਸੰਪਾਦਨ ਦਾ ਕਾਰਜ ਵੀ ਕੀਤਾ। ਭਾਰਤੀ ਸਾਹਿਤ ਅਕਾਦਮੀ ਪੁਰਸਕਾਰ ਤੋਂ ਇਲਾਵਾ, ਉਨ੍ਹਾਂ ਨੂੰ ਅਨੇਕਾਂ ਹੋਰ ਮਾਣ-ਸਨਮਾਨ ਪ੍ਰਾਪਤ ਹੋਏ ਹਨ। ਲੰਮਾ ਸਮਾਂ ਉਨ੍ਹਾਂ ਨੇ 'ਪੰਜ ਦਰਿਆ' ਨਾਮਕ ਸਾਹਿਤਕ ਮੈਗਜ਼ੀਨ ਦਾ ਸੰਪਾਦਨ ਕੀਤਾ। 'ਚਾਰ ਹੰਝੂ', 'ਸਾਵੇ ਪੱਤਰ', 'ਕੁਸੰਭੜਾ', 'ਅਧਵਾਟੇ', 'ਕੱਚ ਸੱਚ', ਆਵਾਜ਼ਾਂ, 'ਵੱਡਾ ਵੇਲਾ', 'ਜੰਦਰੇ', 'ਜੈ ਮੀਰ' ਅਤੇ 'ਬੂਹੇ' ਆਦਿ ਉਨ੍ਹਾਂ ਦੇ ਪ੍ਰਮੁੱਖ ਕਾਵਿ-ਸੰਗ੍ਰਹਿ ਹਨ। ਇਸ ਪਾਠ-ਕ੍ਰਮ ਵਿਚ ਤੁਸੀਂ ਉਨ੍ਹਾਂ ਦੀ ਲਿਖੀ ਕਵਿਤਾ 'ਮਾਂ' ਪੜ੍ਹੋਗੇ।

## 8.6.1 ਮਾਂ

ਮਾਂ ਵਰਗਾ ਘਣ-ਛਾਵਾਂ ਬੂਟਾ,
ਮੈਨੂੰ ਨਜ਼ਰ ਨਾ ਆਵੇ।
ਲੈ ਕੇ ਜਿਸ ਤੋਂ ਛਾਂ ਉਧਾਰੀ,
ਰੱਬ ਨੇ ਸੁਰਗ ਬਣਾਏ।
ਬਾਕੀ ਕੁਲ ਦੁਨੀਆਂ ਦੇ ਬੂਟੇ,
ਜੜ੍ਹ ਸੁਕਿਆਂ ਮੁਰਝਾਵੇ,
ਐਧਰ ਫੁੱਲਾਂ ਦੇ ਮੁਰਝਾਇਆਂ
ਇਹ ਬੂਟਾ ਸੁੱਕ ਜਾਏ।

ਔਖੇ ਸ਼ਬਦਾ ਦੇ ਅਰਥ :

| | |
|---|---|
| ਘਣ-ਛਾਵਾਂ | : ਸੰਘਣੀ ਛਾਂ ਵਾਲਾ |
| ਉਧਾਰੀ | : ਮੰਗਵੀਂ |
| ਸੁਰਗ | : ਸਵਰਗ |

**ਕਵਿਤਾ ਦਾ ਸਾਰ**

'ਮਾਂ' ਕਵਿਤਾ ਵਿਚ ਪ੍ਰੋ. ਮੋਹਨ ਸਿੰਘ ਨੇ ਮਾਂ ਦੀ ਮਮਤਾ ਤੇ ਮਹਾਨਤਾ ਨੂੰ ਪੇਸ਼ ਕੀਤਾ ਹੈ। ਉਸ ਦਾ ਕਹਿਣਾ ਹੈ ਕਿ ਸੰਸਾਰ ਵਿਚ ਮਾਂ ਰੂਪੀ ਪਿਆਰ ਤੋਂ ਵੱਡਾ ਕੁਝ ਨਹੀਂ ਹੈ। ਮਾਂ ਜਿੰਨੀ ਸੰਘਣੀ ਛਾਂ ਵਾਲਾ ਕੋਈ ਹੋਰ ਰੁੱਖ ਨਹੀਂ ਹੈ। ਕਵੀ ਮਾਂ ਦੇ ਮੋਹ ਪਿਆਰ ਨੂੰ ਸਵਰਗ ਤੋਂ ਵੀ ਉਪਰ ਦੱਸਦਾ ਹੈ। ਉਸ ਦਾ ਕਹਿਣਾ ਹੈ ਕਿ ਰੱਬ ਨੇ ਮਾਂ ਤੋਂ ਛਾਂ ਉਧਾਰ ਲੈ ਕੇ ਹੀ ਸਵਰਗ ਬਣਾਏ ਹਨ। ਮਾਂ ਦਾ ਪਿਆਰ ਇਸ ਲਈ ਉਤਮ ਹੈ ਕਿਉਂਕਿ ਮਾਂ ਬਦਲੇ ਵਿਚ ਕੁਝ ਨਹੀਂ ਮੰਗਦੀ। ਬਾਕੀ ਰੁੱਖ ਤਾਂ ਜੜ੍ਹਾਂ ਸੁੱਕਣ ਨਾਲ ਸੁੱਕ ਜਾਂਦੇ ਹਨ ਜਦ ਕਿ ਮਾਂ ਰੂਪੀ ਰੁੱਖ ਫੁੱਲਾਂ ਦੇ ਸੁੱਕਣ ਨਾਲ ਮੁਰਝਾ ਜਾਂਦਾ ਹੈ। ਕਹਿਣ ਦਾ ਭਾਵ ਹੈ ਕਿ ਬੱਚਿਆਂ ਨੂੰ ਕੁਝ ਹੋਣ 'ਤੇ ਮਾਂ ਵੀ ਮਰ ਮੁੱਕ ਜਾਂਦੀ ਹੈ। ਕਵੀ ਨੇ ਮਾਂ ਦੇ ਪਿਆਰ ਨੂੰ ਰੱਬ ਦੇ ਸਵਰਗ ਨਾਲੋਂ ਉੱਚਾ ਰੁਤਬਾ ਦੇ ਕੇ ਮਾਂ ਦੀ ਮਹਾਨਤਾ ਨੂੰ ਦਰਸਾਇਆ ਹੈ।

ਕਵਿਤਾ ਦਾ ਮੂਲ ਭਾਵ ਇਹ ਹੈ ਕਿ ਮਾਂ ਜਗਤ ਜਣਨੀ ਹੈ।ਬੱਚੇ ਉਸ ਦੇ ਆਪਣੇ ਵਜੂਦ ਦਾ ਹਿੱਸਾ ਹੁੰਦੇ ਹਨ । ਏਸੇ ਲਈ ਮਾਂ ਆਪਣੇ ਬੱਚਿਆਂ ਉਪਰ ਆਪਣਾ ਆਪਾ ਨਿਛਾਵਰ ਕਰ ਦਿੰਦੀ ਹੈ।ਆਪਾ ਨਿਛਾਵਰ ਕਰਨ ਦੀ ਇਹੋ ਭਾਵਨਾ ਉਸ ਨੂੰ ਦੂਸਰਿਆਂ ਤੋਂ ਉਤਮ ਤੇ ਵੱਖਰਾ ਬਣਾਉਂਦੀ ਹੈ।ਇਹ ਕਵਿਤਾ ਪਾਠਕ ਨੂੰ ਦੂਜਿਆਂ ਦੀ ਨਿਰਸੁਆਰਥ ਭਾਵਨਾ ਨਾਲ ਦੇਖ ਭਾਲ ਤੇ ਪਿਆਰ ਕਰਨ ਦੀ ਪ੍ਰੇਰਨਾ ਦਿੰਦੀ ਹੈ।

**ਅਭਿਆਸ ਤੀਜਾ**

ਪ੍ਰਸ਼ਨ 1. ਕਵੀਂ 'ਮਾਂ' ਕਵਿਤਾ ਵਿਚ ਮਾਂ ਬਾਰੇ ਕੀ ਵਿਚਾਰ ਪੇਸ਼ ਕਰਦਾ ਹੈ?

ਉੱਤਰ ..........................................................................................

..........................................................................................

..........................................................................................

..........................................................................................

..........................................................................................

ਪ੍ਰਸ਼ਨ 2. 'ਮਾਂ' ਕਵਿਤਾ ਵਿਚ ਮਾਂ ਨੂੰ ਘਣ-ਛਾਵਾਂ ਬੂਟਾ ਕਹਿਣ ਤੋਂ ਕੀ ਭਾਵ ਹੈ?

ਉੱਤਰ ..........................................................................................

..........................................................................................

..........................................................................................

..........................................................................................

..........................................................................................

ਪ੍ਰਸ਼ਨ 3. 'ਮਾਂ' ਕਵਿਤਾ ਵਿਚ ਕਵੀ ਅਨੁਸਾਰ ਰੱਬ ਨੇ ਸਵਰਗ ਕਿਵੇਂ ਬਣਾਇਆ?

ਉੱਤਰ ..........................................................................................................................

..........................................................................................................................

..........................................................................................................................

..........................................................................................................................

..........................................................................................................................

## 7.7 ਅੰਮ੍ਰਿਤਾ ਪ੍ਰੀਤਮ

ਅੰਮ੍ਰਿਤਾ ਪ੍ਰੀਤਮ ਆਧੁਨਿਕ ਪੰਜਾਬੀ ਕਵਿਤਾ ਦੀ ਪ੍ਰਮੁੱਖ ਕਵਿਤਰੀ ਹੈ। ਉਸ ਦਾ ਜਨਮ 1919 ਵਿਚ ਗੁੱਜਰਾਂਵਾਲਾ ਪਾਕਿਸਤਾਨ ਵਿਚ ਹੋਇਆ। ਉਸ ਨੇ ਪਹਿਲੀ ਵਾਰ ਆਧੁਨਿਕ ਪੰਜਾਬੀ ਕਵਿਤਾ ਵਿਚ ਔਰਤ ਦੇ ਦੁੱਖ ਦਰਦ ਨੂੰ ਬੜੀ ਸੰਵੇਦਨਸ਼ੀਲਤਾ ਨਾਲ ਪੇਸ਼ ਕੀਤਾ।ਉਸ ਦੀ ਕਵਿਤਾ ਦਾ ਮੁੱਢਲਾ ਦੌਰ ਨਿੱਜੀ ਪਿਆਰ ਦੀ ਪੀੜ ਨਾਲ ਜੁੜਿਆ ਹੋਇਆ ਹੈ।ਬਾਅਦ ਵਿਚ ਉਸ ਨੇ ਪ੍ਰਗਤੀਵਾਦੀ ਲਹਿਰ ਨਾਲ ਜੁੜਕੇ ਸਮਾਜਕ ਮਸਲਿਆਂ ਨੂੰ ਵੀ ਕਵਿਤਾ ਵਿਚ ਪੇਸ਼ ਕੀਤਾ। ਸੋ ਉਸ ਦੀ ਮੁੱਢਲੀ ਕਵਿਤਾ ਨਿੱਜੀ ਪਿਆਰ ਦੇ ਅਨੁਭਵ ਨਾਲ ਸੰਬੰਧਿਤ ਹੈ ਤੇ ਬਾਅਦ ਵਾਲੀ ਕਵਿਤਾ ਪ੍ਰਗਤੀਵਾਦ ਦੇ ਪ੍ਰਭਾਵ ਅਧੀਨ ਕਿਰਤੀ ਜਮਾਤ ਦੇ ਦੁੱਖਾਂ ਦੀ ਬਾਤ ਪਾਉਂਦੀ ਹੈ। ਉਸ ਦੀ ਅਖ਼ੀਰਲੀ ਦੌਰ ਦੀ ਕਵਿਤਾ ਮੁੜ ਸਮੂਹ ਦੀ ਬਜਾਏ ਮੈਂ ਮੂਲਕ ਉਚਾਰ ਵਾਲੀ ਬਣ ਜਾਂਦੀ ਹੈ।ਉਸ ਨੇ ਕਵਿਤਾ ਤੋਂ ਇਲਾਵਾ ਗਲਪ ਤੇ ਵਾਰਤਕ ਸਾਹਿਤ ਦੇ ਵੱਖ-ਵੱਖ ਰੂਪਾਂ 'ਤੇ ਵੀ ਕਲਮ ਅਜ਼ਮਾਈ।'ਰਸੀਦੀ ਟਿਕਟ' ਉਸ ਦੀ ਚਰਚਿਤ ਸਵੈਜੀਵਨੀ ਹੈ। ਲੰਮਾਂ ਸਮਾਂ ਉਸ ਨੇ 'ਨਾਗਮਣੀ' ਨਾਂ ਦਾ ਸਾਹਿਤਕ ਪਰਚਾ ਕੱਢਿਆ। ਉਸ ਦੇ ਨਾਵਲ 'ਪਿੰਜਰ' 'ਤੇ ਫ਼ਿਲਮ ਵੀ ਬਣ ਚੁੱਕੀ ਹੈ। 'ਅੰਮ੍ਰਿਤਾ ਲਹਿਰਾਂ', 'ਤ੍ਰੇਲ ਧੋਤੇ ਫੁੱਲ', 'ਓ ਗੀਤਾਂ ਵਾਲਿਆ', 'ਲੋਕ ਪੀੜਾ', 'ਪੱਥਰ ਗੀਟੇ', 'ਸੁਨੇਹੜੇ', 'ਸਰਘੀ ਵੇਲਾ', 'ਅਸ਼ੋਕਾ ਚੇਤੀ', 'ਕਾਗ਼ਜ ਤੇ ਕੈਨਵਸ' ਆਦਿ ਉਸ ਦੀਆਂ ਪ੍ਰਸਿੱਧ ਕਾਵਿ-ਪੁਸਤਕਾਂ ਹਨ। ਇਸ ਪਾਠ-ਕ੍ਰਮ ਵਿਚ ਤੁਸੀਂ ਉਸ ਦੀ ਸਭ ਤੋਂ ਵੱਧ ਚਰਚਿਤ ਕਵਿਤਾ 'ਵਾਰਿਸ ਸ਼ਾਹ' ਦੇ ਪੜ੍ਹੋਗੇ ਜੋ ਪੰਜਾਬ ਵੰਡ ਦੇ ਦਰਦ ਨੂੰ ਬਿਆਨ ਕਰਦੀ ਹੈ।

### 8.7.1 ਵਾਰਿਸ ਸ਼ਾਹ

ਅੱਜ ਆਖਾਂ ਵਾਰਸ ਨੂੰ ਸ਼ਾਹ ਨੂੰ, ਕਿਤੋਂ ਕਬਰਾਂ ਵਿਚੋਂ ਬੋਲ।
ਤੇ ਅੱਜ ਕਿਤਾਬੇ-ਇਸ਼ਕ ਦਾ, ਕੋਈ ਅਗਲਾ ਵਰਕਾ ਫੋਲ।
ਇਕ ਰੋਈ ਸੀ ਧੀ ਪੰਜਾਬ ਦੀ, ਤੂੰ ਲਿਖ ਲਿਖ ਮਾਰੇ ਵੈਣ ।
ਅੱਜ ਲੱਖਾਂ ਧੀਆਂ ਰੋਂਦੀਆਂ, ਤੈਨੂੰ ਵਾਰਸ ਸ਼ਾਹ ਨੂੰ ਕਹਿਣ।

ਵੇ ਦਰਦਮਮਦਾਂ ਦੇ ਦਰਦੀਆ, ਉੱਠ ਤਕ ਆਪਣਾ ਪੰਜਾਬ।
ਅੱਜ ਬੇਲੇ ਲਾਸ਼ਾਂ ਵਿਛੀਆਂ, ਤੇ ਲਹੂ ਦੀ ਭਰੀ ਚਨਾਬ।
ਕਿਸੇ ਨੇ ਪੰਜਾਂ ਪਾਣੀਆਂ ਵਿਚ ਦਿੱਤੀ ਜ਼ਹਿਰ ਰਲਾ।
ਤੇ ਉਨ੍ਹਾਂ ਪਾਣੀਆਂ ਧਰਤ ਨੂੰ, ਦਿਤਾ ਪਾਣੀ ਲਾ।

ਇਸ ਜ਼ਰਖੇਜ਼ ਜ਼ਮੀਨ ਦੇ, ਲੂੰ ਲੂੰ ਫੁਟਿਆ ਜ਼ਹਿਰ।
ਗਿੱਠ ਗਿੱਠ ਚੜ੍ਹੀਆਂ ਲਾਲੀਆਂ, ਫੁੱਟ ਫੁੱਟ ਚੜ੍ਹਿਆ ਕਹਿਰ।
ਵਿਹੁ ਵਲਿੱਸੀ ਵਾ ਫਿਰ, ਵਣ ਵਣ ਵਗੀ ਜਾ।
ਉਹਨੇ ਹਰ ਇਕ ਵੰਝਲੀ ਬਾਂਸ ਦੀ, ਦਿੱਤੀ ਨਾਗ ਬਣਾ।

ਪਹਿਲਾ ਡੰਗ ਮਦਾਰੀਆਂ, ਮੰਤਰ ਗਏ ਗੁਆਚ
ਦੂਜੇ ਡੰਗ ਦੀ ਲੱਗ ਗਈ, ਜਣੇ ਖਣੇ ਨੂੰ ਲਾਗ।
ਨਾਗਾਂ ਕੀਲੇ ਲੋਕ ਮੂੰਹ, ਬਸ ਫਿਰ ਡੰਗ ਹੀ ਡੰਗ।

ਪਲੋ ਪਲੀ ਪੰਜਾਬ ਦੇ, ਨੀਲੇ ਪੈ ਗਏ ਅੰਗ।
ਗਲਿਓਂ ਟੁੱਟੇ ਗੀਤ ਫਿਰ ਤੱਕਲਿਓਂ ਟੁੱਟੀ ਤੰਦ
ਤ੍ਰਿੰਜਣੋਂ ਟੁੱਟੀਆਂ ਸਹੇਲੀਆਂ ਚੱਰਖੜੇ ਘੂਕਰ ਬੰਦ।
ਸਣੇ ਸੇਜ ਦੇ ਬੇੜੀਆਂ ਲੁੱਡਣ ਦਿੱਤੀਆਂ ਰੋੜ੍ਹ

ਸਣੇ ਡਾਲੀਆਂ ਪੀਂਘ ਅੱਜ ਪਿੱਪਲਾਂ ਦਿੱਤੀ ਤੋੜ।
ਜਿੱਥੇ ਵੱਜਦੀ ਸੀ ਹੂਕ ਪੰਜਾਬ ਦੀ, ਵੇ ਉਹ ਵੰਝਲੀ ਗਈ ਗੁਆਚ
ਰਾਂਝੇ ਦੇ ਸਭ ਵੀਰ ਅੱਜ ਭੁੱਲ ਗਏ ਉਸ ਦੀ ਜਾਚ
ਧਰਤੀ ਤੇ ਲਹੂ ਵੱਸਿਆ, ਕਬਰਾਂ ਪਈਆਂ ਚੋਣ

ਪ੍ਰੀਤ ਦੀਆਂ ਸ਼ਹਿਜ਼ਾਦੀਆਂ ਅੱਜ ਵਿਚ ਮਜ਼ਾਰਾਂ ਰੋਣ
ਅੱਜ ਸਭੇ ਕੈਦੋਂ ਬਣ ਗਏ ਹੁਸਨ ਇਸ਼ਕ ਦੇ ਚੋਰ
ਅੱਜ ਕਿੱਥੋਂ ਲਿਆਈਏ ਲੱਭ ਕੇ ਵਾਰਸ਼ ਸ਼ਾਹ ਇਕ ਹੋਰ।
ਅੱਜ ਆਖਾਂ ਵਾਰਸ ਨੂੰ ਸ਼ਾਹ ਨੂੰ, ਕਿਤੋਂ ਕਬਰਾਂ ਵਿਚੋਂ ਬੋਲ।
ਤੇ ਅੱਜ ਕਿਤਾਬੇ ਇਸ਼ਕ ਦਾ, ਕੋਈ ਅਗਲਾ ਵਰਕਾ ਫੋਲ।

ਔਖੇ ਸ਼ਬਦਾਂ ਦੇ ਅਰਥ :

| | |
|---|---|
| ਕਿਤਾਬ | : ਇਸ਼ਕ =ਇਸ਼ਕ ਦੀ ਕਿਤਾਬ |
| ਵੈਣ | : ਰੋਣਾ, ਵਿਰਲਾਪ |
| ਦਰਦਮੰਦਾਂ | : ਦਰਦ ਨਾਲ ਭਰੇ ਲੋਕ |
| ਦਰਦੀਆਂ | : ਦੁੱਖ ਦਰਦ ਵੰਡਾਉਣ ਵਾਲਾ |
| ਬੇਲੇ | : ਜੰਗਲ (ਦਰਿਆ ਦੇ ਕਿਨਾਰੇ ਵਾਲਾ) |
| ਪੰਜੇ ਪਾਣੀਆਂ | : ਪੰਜਾਬ ਦੇ ਪੰਜ ਦਰਿਆ |
| ਜ਼ਰਖੇਜ | : ਉਪਜਾਊ ਜ਼ਮੀਨ |
| ਲੂੰ ਲੂੰ | : ਅੰਗ ਅੰਗ, ਰੋਮ ਰੋਮ |
| ਵਿਹੁ ਵਲਿੱਸੀ | : ਜ਼ਹਿਰ ਨਾਲ ਭਰੀ |
| ਵਣ | : ਜੰਗਲ਼ |
| ਵੰਝਲੀ | : ਬੰਸੁਰੀ |
| ਨੀਲੇ ਪੈ ਗਏ | : ਜ਼ਹਿਰ ਭਰ ਜਾਣਾ |
| ਤੱਕਲਿਓਂ | : ਤਕਲਾ ਜਿਸ ਤੇ ਪੂਣੀ ਕੱਤੀ ਜਾਂਦੀ ਹੈ |
| ਚੱਰਖੜੇ | : ਚਰਖੇ |
| ਘੂਕਰ | : ਚਰਖਾ ਚੱਲਣ ਦੀ ਆਵਾਜ਼ |
| ਤ੍ਰਿੰਝਣ | : ਚਰਖਾ ਕੱਤਣ ਵਾਲੀਆਂ ਔਰਤਾਂ ਦਾ ਸਮੂਹ |
| ਲੁੱਡਣ | : ਕਿੱਸਾ ਹੀਰ ਰਾਂਝਾ ਦਾ ਇਕ ਪਾਤਰ ਜੋ ਹੀਰ ਦੀ ਬੇੜੀ ਦਾ ਮਲਾਹ ਸੀ |
| ਸ਼ਹਿਜ਼ਾਦੀਆਂ | : ਰਾਜਕੁਮਾਰੀਆਂ |
| ਮਜ਼ਾਰਾਂ | : ਕਬਰਾਂ |
| ਕੈਦੋਂ | : ਕੈਦੋਂ ਹੀਰ ਦਾ ਚਾਚਾ ਸੀ ਜੋ ਚੁਗਲਖੋਰ ਸੀ ਤੇ ਜਿਸ ਨੇ ਹੀਰ ਦੇ ਘਰ ਉਸ ਦੇ ਪਿਆਰ ਦੀ ਚੁਗਲੀ ਕੀਤੀ ਸੀ |

## ਕਵਿਤਾ ਦਾ ਸਾਰ

'ਵਾਰਿਸ ਸ਼ਾਹ' ਅੰਮ੍ਰਿਤਾ ਦੀ 1947 ਦੀ ਵੰਡ ਦੇ ਦੁਖਾਂਤ ਬਾਰੇ ਲਿਖੀ ਸਭ ਤੋਂ ਵੱਧ ਚਰਚਿਤ ਕਵਿਤਾ ਹੈ। ਇਸ ਕਵਿਤਾ ਵਿਚ ਕਵਿੱਤਰੀ, ਹੀਰ ਦਾ ਕਿੱਸਾ ਲਿਖਣ ਵਾਲੇ ਕਿੱਸਾਕਾਰ ਵਾਰਿਸ ਸ਼ਾਹ ਨੂੰ ਸੰਬੋਧਨ ਹੋ ਫਿਰਕੂ ਦੰਗਿਆਂ ਵਿਚ ਲਹੂ ਲੁਹਾਨ ਪੰਜਾਬ ਦਾ ਦ੍ਰਿਸ਼ ਪੇਸ਼ ਕਰਦੀ ਹੈ। ਕਵਿੱਤਰੀ ਵਾਰਿਸ ਸ਼ਾਹ ਨੂੰ ਮਿਹਣਾ ਮਾਰਦੀ ਕਹਿੰਦੀ ਹੈ ਕਿ ਉਸ ਨੇ ਪੰਜਾਬ ਦੀ ਇਕ ਕੁੜੀ ਹੀਰ ਦੇ ਦਰਦ ਉੱਪਰ ਤਾਂ ਪੂਰਾ ਕਿੱਸਾ ਲਿਖ ਮਾਰਿਆ ਸੀ ਪਰ ਅੱਜ ਉਸੇ ਪੰਜਾਬ ਦੀਆਂ ਲੱਖਾਂ ਧੀਆਂ ਵਿਰਲਾਪ ਕਰ ਰਹੀਆਂ ਹਨ। ਉਹ ਵਾਰਿਸ ਨੂੰ ਇਨ੍ਹਾਂ ਲੱਖਾਂ ਧੀਆਂ ਦੇ ਦਰਦ ਵੰਡਾਉਣ ਲਈ ਕਹਿੰਦੀ ਹੈ। ਉਹ ਵਾਰਿਸ ਨੂੰ ਲੋਕਾਂ ਦਾ ਦਰਦ ਵੰਡਾਉਣ ਵਾਲਾ ਦਰਦੀ ਕਹਿ ਕੇ, ਪੰਜਾਬ ਦੇ ਦਰਦ ਉਪਰ ਝਾਤੀ ਮਾਰਨ ਲਈ ਕਹਿੰਦੀ ਹੈ। ਕਵਿੱਤਰੀ ਕਹਿੰਦੀ ਹੈ ਕਿ ਜਿਸ ਬੇਲੇ ਵਿਚ ਹੀਰ ਰਾਂਝੇ ਦੀ ਮੁਹੱਬਤ ਪਲਦੀ ਸੀ, ਉਥੇ ਲਾਸ਼ਾਂ ਹੀ ਲਾਸ਼ਾਂ ਵਿਛ ਗਈਆਂ ਹਨ। ਚਨਾਬ ਲਹੂ ਨਾਲ ਭਰ ਗਈ ਹੈ। ਪੰਜਾਂ ਪਾਣੀਆਂ ਵਿਚ ਨਫ਼ਰਤ ਰੂਪੀ ਜ਼ਹਿਰ ਮਿਲ ਗਿਆ ਹੈ। ਲੋਕ ਭਾਈਚਾਰਾ ਤੇ ਇਨਸਾਨੀਅਤ ਭੁੱਲ ਕੇ ਇਕ ਦੂਜੇ ਦੇ ਖ਼ੂਨ ਦੇ ਪਿਆਸੇ ਹੋ ਗਏ ਹਨ। ਪੰਜਾਬ ਦੀ ਉਪਜਾਊ ਤੇ ਹਰੀ ਭਰੀ ਧਰਤੀ ਜ਼ਹਿਰਲੀ ਹੋ ਗਈ ਹੈ। ਨਫ਼ਰਤ ਨਾਲ ਭਰੀ ਹਵਾ ਵਗ ਰਹੀ ਹੈ। ਸੁਰੀਲੀਆਂ ਬੰਸਰੀਆਂ ਨੇ ਨਾਗਾਂ ਦਾ ਰੂਪ ਧਾਰ ਲਿਆ। ਹਰ ਕੋਈ ਸੱਪਾਂ ਵਾਂਗ ਇਕ ਦੂਜੇ ਨੂੰ ਡੱਸਣ ਲਈ ਤਿਆਰ ਹੈ। ਜਿਹੜੇ ਮਦਾਰੀਆਂ ਭਾਵ ਲੀਡਰਾਂ ਨੇ ਉਪਾਅ ਕਰਨਾ ਸੀ। ਉਹ ਖ਼ੁਦ ਨਫ਼ਰਤ ਫੈਲਾਉਣ ਦਾ ਕੰਮ ਕਰ ਰਹੇ ਹਨ। ਪੰਜਾਬ ਦਾ ਅੰਗ ਅੰਗ ਨੀਲਾ ਹੋ ਗਿਆ ਹੈ ਅਰਥਾਤ ਭਾਈਚਾਰਾ, ਇਨਸਾਨੀਅਤ ਤੇ ਆਪਸੀ ਮੋਹ ਪਿਆਰ ਅਲੋਪ ਹੋ ਗਿਆ ਹੈ।ਕਵਿੱਤਰੀ ਕਹਿੰਦੀ ਹੈ ਸਦੀਆਂ ਪੁਰਾਣੀਆਂ ਸਾਂਝਾਂ ਟੁੱਟ ਗਈਆਂ ਹਨ। ਨਾ ਉਹ ਚਰਖੇ ਬਚੇ ਹਨ ਤੇ ਨਾ ਹੀ ਤ੍ਰਿੰਝਣ।ਪਿਆਰ ਮੁਹੱਬਤ ਦੇ ਸੁਰ ਕੱਢਣ ਵਾਲੀ ਰਾਂਝੇ ਦੀ ਬੰਸੁਰੀ ਗੁਆਚ ਗਈ ਹੈ। ਇਸ ਤਰ੍ਹਾਂ ਇਸ ਕਵਿਤਾ ਰਾਹੀਂ ਅੰਮ੍ਰਿਤਾ ਪ੍ਰੀਤਮ ਨੇ 1947 ਵੇਲੇ ਫਿਰਕੂ ਦੰਗਿਆਂ ਕਾਰਨ ਉਪਜੇ ਦੁਖਾਂਤ ਨੂੰ ਬੜੀ ਕਲਾਤਮਕਤਾ ਨਾਲ ਬਿਆਨ ਕੀਤਾ ਹੈ।

ਇਸ ਕਵਿਤਾ ਵਿਚ ਕਵਿੱਤਰੀ ਅਣਵੰਡੇ ਪੰਜਾਬ ਤੇ ਕਿੱਸਾ ਹੀਰ ਰਾਂਝਾਂ ਵਿੱਚੋਂ ਪ੍ਰਤੀਕ ਲੈ ਕੇ ਵੰਡ ਦੇ ਦਰਦ ਦੀ ਦ੍ਰਿਸ਼ਕਾਰੀ ਕੀਤੀ ਹੈ।ਕਵਿੱਤਰੀ ਵਾਰਿਸ ਨੂੰ ਮੁਖ਼ਾਤਬ ਹੁੰਦੀ ਕਹਿੰਦੀ ਹੈ ਕਿ ਉਸ ਵੰਡ ਦਰਦ ਨੂੰ ਕਲਮਬੰਦ ਕਰੇ ਤਾਂ ਜੋ ਅਗਲੀਆਂ ਪੀੜੀਆਂ ਮੁੜ ਕੁਝ ਇਸ ਤਰ੍ਹਾਂ ਦਾ ਨਾ ਕਰਨ।

**ਅਭਿਆਸ ਚੌਥਾ**

ਪ੍ਰਸ਼ਨ 1. 'ਵਾਰਿਸ ਸ਼ਾਹ' ਕਵਿਤਾ ਵਿਚ ਅੰਮ੍ਰਿਤਾ ਪ੍ਰੀਤਮ ਵਾਰਿਸ ਸ਼ਾਹ ਨੂੰ ਕੀ ਕਹਿੰਦੀ ਹੈ ?

ਉੱਤਰ ..............................................................................................................

..............................................................................................................

..............................................................................................................

..............................................................................................................

..............................................................................................................

ਪ੍ਰਸ਼ਨ 2. 'ਵਾਰਿਸ ਸ਼ਾਹ' ਕਵਿਤਾ ਦਾ ਸਾਰ ਆਪਣੇ ਸ਼ਬਦਾਂ ਵਿਚ ਲਿਖੋ।

ਉੱਤਰ ..............................................................................................................

..............................................................................................................

..............................................................................................................

..............................................................................................................

..............................................................................................................

ਪ੍ਰਸ਼ਨ 3. 'ਵਾਰਿਸ ਸ਼ਾਹ' ਕਵਿਤਾ ਵਿਚ ਕਿਸ ਜ਼ਹਿਰ ਦੀ ਗੱਲ ਕੀਤੀ ਗਈ ਹੈ ?

ਉੱਤਰ ..............................................................................................................

..............................................................................................................

..............................................................................................................

..............................................................................................................

..............................................................................................................

ਪ੍ਰਸ਼ਨ 4. ਅੰਮ੍ਰਿਤਾ ਪ੍ਰੀਤਮ ਨੇ 'ਵਾਰਿਸ ਸ਼ਾਹ' ਕਵਿਤਾ ਵਿਚ ਵੰਡ ਦੀ ਕਿਹੋ ਜਿਹੀ ਤਸਵੀਰ ਪੇਸ਼ ਕੀਤੀ ਹੈ ?

ਉੱਤਰ ..............................................................................................................

..............................................................................................................

..............................................................................................................

..............................................................................................................

..............................................................................................................

## 8.8 ਸ਼ਿਵ ਕੁਮਾਰ ਬਟਾਲਵੀ

ਸ਼ਿਵ ਕੁਮਾਰ ਪੰਜਾਬੀ ਦਾ ਮਕਬੂਲ ਸ਼ਾਇਰ ਹੈ। ਉਸ ਦਾ ਜਨਮ 1937 ਈ. ਵਿਚ ਪਿੰਡ ਲੋਹਟੀਆਂ, ਜ਼ਿਲ੍ਹਾ ਸਿਆਲਕੋਟ ਵਿਚ ਹੋਇਆ। ਉਸ ਨੇ ਮਨੁੱਖੀ ਵਿਜੋਗ ਤੇ ਪੀੜਾ ਨੂੰ ਬਹੁਤ ਸ਼ਿੱਦਤ ਨਾਲ ਲਿਖਿਆ।ਉਸ ਦੀ ਕਵਿਤਾ ਵਿਚ ਲੋਕ ਗੀਤਾਂ ਵਰਗਾ ਰਸ ਤੇ ਰਵਾਨੀ ਹੈ।ਉਸ ਨੇ ਆਪਣੇ ਗੀਤਾਂ ਵਿਚ ਪੇਂਡੂ ਜੀਵਨ ਦੇ ਬਿੰਬਾਂ-ਪ੍ਰਤੀਕਾਂ ਅਤੇ ਲੋਕਧਾਰਾਈ ਸਮੱਗਰੀ ਦਾ ਬਾਖ਼ੂਬੀ ਇਸਤੇਮਾਲ ਕੀਤਾ। ਛੋਟੀ ਜਿਹੀ ਉਮਰ ਵਿਚ ਹੀ ਉਸ ਨੇ ਵੱਡਾ ਨਾਂ ਕਮਾਇਆ। ਉਸ ਦੇ ਲਿਖੇ ਗੀਤਾਂ ਨੂੰ ਕਈ ਪ੍ਰਸਿੱਧ ਗਾਇਕਾਂ ਨੇ ਗਾਇਆ। ਉਸ ਨੂੰ ਬਿਰਹੋਂ ਦਾ ਕਵੀ ਕਿਹਾ ਜਾਂਦਾ ਹੈ। 'ਪੀੜਾਂ ਦਾ ਪਰਾਗਾ', 'ਮੈਨੂੰ ਵਿਦਾ ਕਰੋ', 'ਬਿਰਹਾ ਤੂੰ ਸੁਲਤਾਨ', 'ਲੂਣਾਂ', 'ਮੈਂ ਤੇ ਮੈਂ' ਆਦਿ ਉਸ ਦੀਆਂ ਪ੍ਰਸਿੱਧ ਕਾਵਿ-ਪੁਸਤਕਾਂ ਹਨ। ਇਸ ਪਾਠ-ਕ੍ਰਮ ਵਿਚ ਅਸੀਂ ਉਸ ਦੀ 'ਰੁੱਖ' ਕਵਿਤਾ ਨੂੰ ਪੜ੍ਹਾਂਗੇ।

ignou THE PEOPLE'S UNIVERSITY

### 8.8.1 ਰੁੱਖ

ਕੁਝ ਰੁੱਖ ਮੈਨੂੰ, ਪੁੱਤ ਲਗਦੇ ਨੇ
ਕੁਝ ਰੁੱਖ ਲਗਦੇ ਮਾਵਾਂ
ਕੁਝ ਰੁੱਖ ਨੂੰਹਾਂ ਧੀਆਂ ਵਰਗੇ
ਕੁਝ ਰੁੱਖ ਵਾਂਗ ਭਰਾਵਾਂ
ਕੁਝ ਰੁੱਖ ਮੇਰੇ ਬਾਬੇ ਵਾਕਣ
ਕੁਝ ਰੁੱਖ ਯਾਰਾਂ ਵਰਗੇ ਲਗਦੇ
ਚੁੰਮਾਂ ਤੇ ਗਲ ਲਾਵਾਂ
ਇਕ ਮੇਰੀ ਮਹਿਬੂਬਾ ਵਾਕਣ
ਮਿੱਠਾ ਅਤੇ ਦੁਖਾਵਾਂ
ਕੁਝ ਨੂੰ ਮੇਰਾ ਦਿਲ ਕਰਦਾ ਏ
ਮੋਢੇ ਚੁੱਕ ਖਿਡਾਵਾਂ
ਕੁਝ ਰੁੱਖ ਮੇਰਾ ਦਿਲ ਕਰਦਾ ਏ
ਚੁੰਮਾਂ ਤੇ ਮਰ ਜਾਵਾਂ
ਕੁਝ ਰੁੱਖ ਜਦ ਵੀ ਰਲ ਕੇ ਝੂਮਣ
ਤੇਜ਼ ਵਗਣ ਜਦ ਵਾਵਾਂ
ਸਾਵੀ ਬੋਲੀ ਸਭ ਰੁੱਖਾਂ ਦੀ
ਦਿਲ ਕਰਦਾ ਲਿਖ ਜਾਵਾਂ
ਮੇਰਾ ਵੀ ਇਹ ਦਿਲ ਕਰਦਾ ਏ
ਰੁੱਖ ਦੀ ਜੂਨੇ ਆਵਾਂ
ਜੇ ਤੁਸੀਂ ਮੇਰਾ ਗੀਤ ਹੈ ਸੁਣਨਾ
ਮੈਂ ਰੁੱਖਾਂ ਵਿਚ ਗਾਵਾਂ
ਰੁੱਖ ਤਾਂ ਮੇਰੀ ਮਾਂ ਵਰਗੇ ਨੇ
ਜਿਊਣ ਰੁੱਖਾਂ ਦੀਆਂ ਛਾਵਾਂ।

ਔਖੇ ਸ਼ਬਦਾਂ ਦੇ ਅਰਥ :

| | |
|---|---|
| ਵਾਕਣ | : ਵਾਂਗੂ |
| ਪੱਤਰ | : ਪੱਤਾ |
| ਟਾਵਾਂ ਟਾਵਾਂ | : ਕੋਈ ਕੋਈ |
| ਦੁਖਾਵਾਂ | : ਦੁੱਖ ਦੇਣ ਵਾਲਾ |
| ਵਾਵਾਂ | : ਹਵਾਵਾਂ |
| ਸਾਵੀ | : ਹਰੀ, ਇਕੋ ਤਰ੍ਹਾਂ ਦੀ |

**ਕਵਿਤਾ ਦਾ ਸਾਰ**

'ਰੁੱਖ' ਸ਼ਿਵ ਕੁਮਾਰ ਦੀ ਬਹੁਤ ਹੀ ਮਹਤੱਵਪੂਰਨ ਕਵਿਤਾ ਹੈ।ਇਸ ਵਿਚ ਕਵੀ ਰੁੱਖਾਂ ਨੂੰ ਮਨੁੱਖਾਂ ਨੂੰ ਨੇੜਲੇ ਪਰਿਵਾਰਕ ਤੇ ਮੁਹੱਬਤੀ ਰਿਸ਼ਤਿਆਂ ਦਾ ਰੂਪ ਦੇ ਕੇ ਪੇਸ਼ ਕਰਦਾ ਹੈ। ਕਵੀ ਰੁੱਖਾਂ ਪ੍ਰਤੀ ਅਹਿਸਾਸ ਪ੍ਰਗਟਾਉਂਦਾ ਕਹਿੰਦਾ ਹੈ ਕਿ ਉਸ ਨੂੰ ਕੁਝ ਰੁੱਖ ਆਪਣੇ ਪਰਿਵਾਰਕ ਜੀਆਂ ਵਰਗੇ ਲਗਦੇ ਹਨ। ਕੁਝ ਰੁੱਖ, ਪੁੱਤਾਂ ਵਰਗੇ ਪਿਆਰੇ ਲਗਦੇ ਨੇ ਕੁਝ ਬਾਬੇ ਤੇ ਬੇਬੇ ਵਰਗੇ ਪੂਜਣਯੋਗ। ਏਸੇ ਤਰ੍ਹਾਂ ਕੁਝ ਰੁੱਖ ਯਾਰਾਂ ਵਰਗੇ ਤੇ ਇਕ ਮਹਿਬੂਬਾ ਵਰਗਾ। ਕੁਝ ਰੁੱਖ ਕਵੀ ਨੂੰ ਏਨੇ ਪਿਆਰੇ ਲਗਦੇ ਹਨ ਕਿ ਉਹ ਉਨ੍ਹਾਂ ਨੂੰ ਬੱਚਿਆਂ ਵਾਂਗ ਮੋਢੇ ਚੁੱਕ ਕੇ ਖਿਡਾਉਣਾ ਚਾਹੁੰਦਾ ਹੈ। ਉਸ ਨੂੰ ਸਾਰੇ ਰੁੱਖ ਇਕੋ ਬੋਲੀ ਬੋਲਦੇ ਜਾਪਦੇ ਹਨ। ਰੁੱਖ ਕਿਸੇ ਵੈਰ-ਵਿਰੋਧ ਤੋਂ ਮੁਕਤ ਇਕੱਠੇ ਝੂਮਦੇ ਹਨ। ਕਵੀ ਰੁੱਖ ਦੀ ਜੂਨੇ ਆਉਣ ਦੀ ਖ਼ਾਹਿਸ਼ ਪ੍ਰਗਟਾਉਂਦਾ ਹੈ। ਉਹ ਰੁੱਖਾਂ ਨੂੰ ਮਾਂ ਦਾ ਰੁਤਬਾ ਦਿੰਦਾ, ਉਨ੍ਹਾਂ ਦੀਆਂ ਛਾਵਾਂ ਦੀ ਸਲਾਮਤੀ ਲਈ ਦੁਆ ਕਰਦਾ ਹੈ। ਅੱਜ ਦੇ ਦੌਰ ਵਿਚ ਮਨੁੱਖ, ਆਪਣੇ ਫ਼ਾਇਦਾ ਲਈ ਪ੍ਰਕਿਰਤੀ ਦਾ ਵੱਡੇ ਪੱਧਰ 'ਤੇ ਘਾਣ ਕਰ ਰਿਹਾ ਹੈ। ਇਹ ਕਵਿਤਾ ਮਨੁੱਖ ਨੂੰ ਪ੍ਰਕਿਰਤੀ ਨਾਲ ਗੂੜਾ ਮਾਨਵੀ ਰਿਸ਼ਤਾ ਬਣਾਉਣ ਲਈ ਪ੍ਰੇਰਦੀ ਹੈ।

**ਅਭਿਆਸ ਪੰਜਵਾਂ**

ਪ੍ਰਸ਼ਨ 1. 'ਰੁੱਖ' ਕਵਿਤਾ ਵਿਚ ਕਵੀ ਨੂੰ ਰੁੱਖ ਕਿਹੋ ਜਿਹੇ ਲਗਦੇ ਹਨ ?

ਉੱਤਰ ..............................................................................................................

..........................................................................................................................

..........................................................................................................................

..........................................................................................................................

..........................................................................................................................

ਪ੍ਰਸ਼ਨ 2. 'ਰੁੱਖ' ਕਵਿਤਾ ਦਾ ਸਾਰ ਆਪਣੇ ਸ਼ਬਦਾਂ ਵਿਚ ਲਿਖੋ।

ਉੱਤਰ ..........................................................................................................................

..........................................................................................................................

..........................................................................................................................

..........................................................................................................................

..........................................................................................................................

ਪ੍ਰਸ਼ਨ 3. ਕਵੀ ਨੇ ਰੁੱਖਾਂ ਨੂੰ ਕਿਹੜੇ ਕਿਹੜੇ ਰਿਸ਼ਤਿਆ ਦੇ ਰੂਪ ਵਿਚ ਪੇਸ਼ ਕੀਤਾ ਹੈ ?

ਉੱਤਰ ..........................................................................................................................

..........................................................................................................................

..........................................................................................................................

..........................................................................................................................

..........................................................................................................................

ਪ੍ਰਸ਼ਨ 4. ਕਵੀ 'ਰੁੱਖ' ਕਵਿਤਾ ਵਿਚ ਰੁੱਖਾਂ ਦੀਆਂ ਕੀ ਸਿਫ਼ਤਾਂ ਕਰਦਾ ਹੈ ?

ਉੱਤਰ ..........................................................................................................................

..........................................................................................................................

..........................................................................................................................

..........................................................................................................................

..........................................................................................................................

## ਪੁਸਤਕ ਸੂਚੀ


1. ਰਜਿੰਦਰਪਾਲ ਸਿੰਘ ਬਰਾੜ, ਪੰਜਾਬੀ ਕਵਿਤਾ ਦਾ ਇਤਿਹਾਸ, ਪੰਜਾਬ ਅਕੈਡਮੀ, ਦਿੱਲੀ, 2006
2. ਧਰਮਪਾਲ ਸਿੰਗਲ, ਪੰਜਾਬੀ ਕਵਿਤਾ ਦਾ ਵਿਕਾਸ, ਲਾਹੌਰ ਬੁੱਕ ਸ਼ਾਪ, ਲੁਧਿਆਣਾ
3. ਵਨੀਤਾ, ਉੱਤਰ-ਆਧੁਨਿਕਤਾ ਅਤੇ ਕਵਿਤਾ, ਸ਼ਿਲਾਲੇਖ, ਦਿੱਲੀ, 1998
4. ਕਰਮਜੀਤ ਸਿੰਘ, ਆਧੁਨਿਕ ਪੰਜਾਬੀ ਕਾਵਿ-ਧਰਾਵਾਂ ਦੇ ਵਿਚਾਰ ਧਰਾਈ ਆਧਾਰ, ਗੁਰੂ ਨਾਨਕ ਦੇਵ ਯੂਨੀ., ਅੰਮ੍ਰਿਤਸਰ, 1982
5. ਸਤਿੰਦਰ ਸਿੰਘ ਨੂਰ, ਸਾਹਿਤ ਸਿਧਾਂਤ ਦੇ ਵਿਹਾਰ, ਆਰਸੀ ਪਬਲਿਸ਼ਰਜ਼, ਦਿੱਲੀ, 2007